Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: Gurjatinder Singh Randhawa

Punjab Mail USA


REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 808, 27 June to 03 July, 2024, Ph: 916-320-9444, E-mail: punjabmailusa@yahoo.com, Web: punjabmailusa.com

## ਸ਼੍ਰੋਮਣੀ ਅਕਾਲੀ ਦਲ 'ਚ ਬਗਾਵਤ !

- ਦਰਜਨਾਂ ਸੀਨੀਅਰ ਆਗੂਆਂ ਵੱਲੋਂ ਸੁਖਬੀਰ ਬਾਦਲ ਤੋਂ ਅਸਤੀਫੇ ਦੀ ਮੰਗ
- 'ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ' ਦਾ ਆਗਾਜ਼ ਪਹਿਲੀ ਜੁਲਾਈ ਤੋਂ


ਜਲੰਧਰ 'ਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਪ੍ਰੇਮ ਸਿੰਘ ਚੰਦੂਮਾਜਰਾ।

**ਜਲੰਧਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ 'ਚ ਉਦੋਂ ਬਗ਼ਾਵਤ ਸਾਹਮਣੇ ਆਈ, ਜਦੋਂ ਪਾਰਟੀ ਦੇ ਦਰਜਨਾਂ ਸੀਨੀਅਰ ਆਗੂਆਂ ਨੇ ਜਲੰਧਰ 'ਚ ਮੀਟਿੰਗ ਕਰਕੇ ਲੋਕ ਸਭਾ ਚੋਣਾਂ 'ਚ ਪਾਰਟੀ ਨੂੰ ਮਿਲੀ ਕਰਾਰੀ ਹਾਰ ਦੇ ਹਵਾਲੇ ਨਾਲ ਸੁਖਬੀਰ ਸਿੰਘ ਬਾਦਲ ਤੋਂ ਅਸਤੀਫ਼ਾ ਮੰਗ ਲਿਆ। ਸ਼੍ਰੋਮਣੀ ਅਕਾਲੀ ਦਲ ਦੇ ਇੱਕ ਵੱਡੇ ਧੜੇ ਨੇ ਬਗ਼ਾਵਤ ਕਰਦਿਆਂ ਕਿਹਾ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਿਆਗ ਦੀ ਭਾਵਨਾ ਦਿਖਾਉਂਦੇ ਹੋਏ ਆਪਣੇ ਅਹੁਦੇ ਤੋਂ ਲਾਂਭੇ ਹੋ ਜਾਣ। ਪਿੰਡ ਵਡਾਲਾ 'ਚ ਅਕਾਲੀ ਆਗੂਆਂ ਦੀ ਹੋਈ ਮੀਟਿੰਗ ਵਿਚ ਪਾਰਟੀ ਨੂੰ ਬਚਾਉਣ ਲਈ 1 ਜੁਲਾਈ ਤੋਂ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ 'ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ' ਚਲਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਦੌਰਾਨ ਪਿਛਲੇ ਸਮੇਂ ਵਿਚ ਹੋਈਆਂ ਗ਼ਲਤੀਆਂ ਲਈ ਅਕਾਲ ਤਖ਼ਤ ਵਿਖੇ ਖਿਮਾ ਯਾਚਨਾ ਪੱਤਰ ਵੀ ਦਿੱਤਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਲਗਾਤਾਰ ਪੰਜ ਵਾਰ ਚੋਣਾਂ ਹਾਰ ਜਾਣ ਕਾਰਨ ਪਾਰਟੀ ਕਾਡਰ ਨੂੰ ਨਿਰਾਸ਼ਾ ਦੇ ਆਲਮ ਵਿਚੋਂ ਕੱਢਣ ਲਈ ਪਾਰਟੀ ਦੀ ਕਮਾਨ ਅਜਿਹੀ ਸ਼ਖ਼ਸੀਅਤ ਦੇ ਹੱਥ ਫੜਾਉਣ ਦਾ ਫ਼ੈਸਲਾ ਕੀਤਾ ਗਿਆ, ਜਿਸ ਦੀ ਪੰਥ ਤੇ ਪੰਜਾਬ ਦੇ ਮੁੱਦਿਆਂ 'ਤੇ ਪੂਰੀ ਪਕੜ ਹੋਵੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸ਼੍ਰੋਮਣੀ

■ ਬਾਕੀ ਖਬਰ ਸਫਾ 17 'ਤੇ

## ਬਾਇਡਨ ਤੇ ਟਰੰਪ ਬਹਿਸ ਦੌਰਾਨ ਇਮੀਗ੍ਰੇਸ਼ਨ ਅਤੇ ਬਾਰਡਰ ਸੁਰੱਖਿਆ ਸਮੇਤ ਕਈ ਹੋਰ ਮੁੱਦੇ ਰਹਿਣਗੇ ਭਾਰੂ

- 27 ਜੂਨ ਨੂੰ ਹੋਣਗੇ ਆਹਮੋ-ਸਾਹਮਣੇ




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਮੈਦਾਨ ਭੱਖਣਾ ਸ਼ੁਰੂ ਹੋ ਗਿਆ ਹੈ। ਰਾਸ਼ਟਰਪਤੀ ਦੇ ਉਮੀਦਵਾਰਾਂ 'ਚ ਡੈਮੋਕ੍ਰੇਟ ਪਾਰਟੀ ਵੱਲੋਂ ਜੋਅ ਬਾਇਡਨ ਉਮੀਦਵਾਰ ਵਜੋਂ ਉਭਰੇ ਹਨ, ਜਦਕਿ ਰਿਪਬਲੀਕਨ ਪਾਰਟੀ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਇਕ ਵਾਰ ਫਿਰ ਦੁਬਾਰਾ ਰਾਸ਼ਟਰਪਤੀ ਬਣਨ ਲਈ ਜ਼ੋਰ-ਅਜ਼ਮਾਇਸ਼ ਕਰ ਰਹੇ ਹਨ। 5 ਨਵੰਬਰ ਦੀਆਂ ਚੋਣਾਂ ਤੋਂ ਪਹਿਲਾਂ ਦੋਵੇਂ ਉਮੀਦਵਾਰ ਇਕ ਦੂਜੇ ਨਾਲ ਬਹਿਸ ਕਰ ਰਹੇ ਹਨ।

ਪਹਿਲੀ ਬਹਿਸ 27 ਜੂਨ, ਦਿਨ ਵੀਰਵਾਰ ਨੂੰ ਕੈਲੀਫੋਰਨੀਆ ਦੇ ਸਮੇਂ ਮੁਤਾਬਕ ਸ਼ਾਮ 6 ਵਜੇ ਹੋਵੇਗੀ। ਅਟਲਾਂਟਾ, ਜਾਰਜੀਆ ਤੋਂ CNN ਤੋਂ ਦੋਹਾਂ ਵਿਚਕਾਰ ਬਹਿਸ ਦਾ ਲਾਈਵ ਪ੍ਰਸਾਰਨ ਹੋਵੇਗਾ, ਜਿਸ ਨੂੰ ਕੁੱਝ ਹੋਰ ਚੈਨਲਾਂ ਰਾਹੀਂ ਵੀ ਨਾਲੋਂ-ਨਾਲ ਰਿਲੇਅ ਕੀਤਾ ਜਾਵੇਗਾ। CNN ਦੇ ਐਂਕਰ ਜੈਕ ਟੈਪਰ ਅਤੇ ਡਾਨਾ ਬੈਸ਼ ਬਹਿਸ ਨੂੰ ਸੰਚਾਲਿਤ ਕਰਨਗੇ। 90 ਮਿੰਟ ਦੀ ਇਸ ਬਹਿਸ ਦੌਰਾਨ 2 ਵਪਾਰਕ ਬਰੇਕ ਹੋਣਗੇ। ਇਸ ਬਹਿਸ 'ਤੇ ਸਾਰੀ ਦੁਨੀਆਂ ਦੀ ਨਜ਼ਰਾਂ ਹੋਣਗੀਆਂ। ਕਰੋੜਾਂ ਲੋਕ ਇਸ ਬਹਿਸ ਦਾ ਸਿੱਧਾ ਪ੍ਰਸਾਰਨ ਦੇਖਣ ਲਈ ਉਤਾਵਲੇ ਹਨ। ਦੋਵੇਂ ਉਮੀਦਵਾਰ ਇਸ ਬਹਿਸ ਦੌਰਾਨ ਖੜ੍ਹੇ ਰਹਿਣਗੇ। ਇਸ ਸਮੇਂ ਦੌਰਾਨ ਦੋਵਾਂ ਉਮੀਦਵਾਰਾਂ ਦਾ ਕੋਈ ਵੀ ਹਮਾਇਤੀ ਇਨ੍ਹਾਂ ਨਾਲ ਗੱਲਬਾਤ ਨਹੀਂ ਕਰ ਸਕੇਗਾ। ਇਹ ਉਮੀਦਵਾਰ ਆਪਣੇ ਨਾਲ ਕੋਈ ਵੀ ਲਿਖਤੀ ਨੋਟਿਸ ਨਹੀਂ ਲਿਜਾ ਸਕਣਗੇ। ਇਸ ਵਾਰ CNN ਦੇ ਸਟੂਡੀਓ ਵਿਚ ਦਰਸ਼ਕ ਵੀ ਨਹੀਂ ਹੋਣਗੇ। ਜ਼ਿਕਰਯੋਗ ਹੈ ਕਿ ਜੋਅ ਬਾਇਡਨ ਅਤੇ ਡੋਨਲਡ ਟਰੰਪ ਆਪਣੇ 2020 ਮੁਕਾਬਲੇ ਦੌਰਾਨ 2 ਵਾਰ ਇਕ ਦੂਜੇ ਦੇ ਵਿਰੁੱਧ ਆਹਮੋ-ਸਾਹਮਣੇ ਹੋਏ ਸਨ। ਹੁਣ ਭਾਵੇਂ ਇਨ੍ਹਾਂ ਉਮੀਦਵਾਰਾਂ ਦੀ ਉਮਰ ਢੱਲ ਗਈ ਹੈ, ਪਰ ਇਨ੍ਹਾਂ ਨੇ ਚੋਣ ਮੈਦਾਨ ਨਹੀਂ ਛੱਡਿਆ ਹੈ। ਜੋਅ ਬਾਇਡਨ ਇਸ ਸਮੇਂ 81 ਸਾਲਾਂ ਦੇ ਹਨ, ਜਦਕਿ ਡੋਨਲਡ ਟਰੰਪ ਦੀ ਉਮਰ 78 ਸਾਲ ਹੈ। ਇਸ ਵਾਰ ਇਸ ਬਹਿਸ ਵਿਚ ਜਿੱਥੇ ਇੰਮੀਗ੍ਰੇਸ਼ਨ ਨਾਲ ਸੰਬੰਧਤ ਦੋਵੇਂ ਉਮੀਦਵਾਰ ਆਪੋ-ਆਪਣੇ ਸੁਝਾਅ ਪੇਸ਼ ਕਰਨਗੇ, ਉਥੇ ਸਰਹੱਦੀ ਸੁਰੱਖਿਆ, ਗਾਜ਼ਾ ਯੁੱਧ, ਗਰਭਪਾਤ, ਬੰਦੂਕ ਸੱਭਿਆਚਾਰ ਆਦਿ 'ਤੇ ਵੀ ਬਹਿਸ ਹੋਵੇਗੀ।

## ਸ਼ਰਾਬ ਘਪਲਾ ਮਾਮਲਾ: ਅਦਾਲਤ 'ਚ ਪੇਸ਼ੀ ਤੋਂ ਬਾਅਦ ਸੀ.ਬੀ.ਆਈ. ਨੇ ਕੇਜਰੀਵਾਲ ਨੂੰ ਕੀਤਾ ਗ੍ਰਿਫ਼ਤਾਰ



**ਨਵੀਂ ਦਿੱਲੀ, (ਪੰਜਾਬ ਮੇਲ)-** ਸ਼ਰਾਬ ਘੁਟਾਲੇ ਮਾਮਲੇ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ ਮੁਸ਼ਕਲਾਂ ਵੱਧਦੀਆਂ ਜਾ ਰਹੀਆਂ ਹਨ। ਅਰਵਿੰਦ ਕੇਜਰੀਵਾਲ ਨੂੰ ਪੇਸ਼ੀ ਲਈ ਅਦਾਲਤ 'ਚ ਪੇਸ਼ ਕੀਤਾ ਗਿਆ ਸੀ, ਜਿਸ ਤੋਂ ਬਾਅਦ ਸੀ.ਬੀ.ਆਈ. ਨੇ ਉਨ੍ਹਾਂ ਨੂੰ ਰਸਮੀ ਤੌਰ 'ਤੇ ਗ੍ਰਿਫ਼ਤਾਰ ਕਰ ਲਿਆ।

ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਨੇ ਅਦਾਲਤ ਵਿਚ ਕਿਹਾ ਕਿ ਸਾਨੂੰ ਅਰਵਿੰਦ ਕੇਜਰੀਵਾਲ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕਰਨ ਦੀ ਇਜਾਜ਼ਤ ਦਿੱਤੀ ਜਾਵੇ, ਜਿਸ ਨੂੰ ਅਦਾਲਤ ਨੇ ਮਨਜ਼ੂਰੀ ਦੇ ਦਿੱਤੀ ਹੈ।

ਦੂਜੇ ਪਾਸੇ ਇਸ ਤੋਂ ਪਹਿਲਾਂ ਕੇਜਰੀਵਾਲ ਨੂੰ ਸ਼ਰਾਬ ਨੀਤੀ ਮਾਮਲੇ 'ਚ ਸੁਣਵਾਈ ਲਈ ਦਿੱਲੀ ਦੀ ਰੌਸ ਐਵੇਨਿਊ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਜਾਂਚ ਏਜੰਸੀ ਨੇ ਅਦਾਲਤ ਤੋਂ ਕੇਜਰੀਵਾਲ ਦੀ ਹਿਰਾਸਤ ਦੀ ਮੰਗ ਕਰਦਿਆਂ ਕਿਹਾ ਕਿ ਸੀ.ਬੀ.ਆਈ. ਉਸ ਤੋਂ ਪੁੱਛਗਿੱਛ ਕਰਨ ਅਤੇ ਰਸਮੀ ਤੌਰ 'ਤੇ ਗ੍ਰਿਫ਼ਤਾਰ ਕਰਨ ਲਈ ਹਿਰਾਸਤ ਦੀ ਮੰਗ ਕਰੇਗੀ। ਇਸ ਦੇ ਨਾਲ ਹੀ ਜਾਂਚ ਏਜੰਸੀ ਸੀ.ਬੀ.ਆਈ. ਨੇ ਮੰਗਲਵਾਰ ਨੂੰ ਅਰਵਿੰਦ ਕੇਜਰੀਵਾਲ ਤੋਂ ਤਿਹਾੜ ਜੇਲ੍ਹ ਵਿਚ ਪੁੱਛਗਿੱਛ ਕੀਤੀ ਸੀ ਅਤੇ ਸ਼ਰਾਬ ਘੁਟਾਲੇ ਮਾਮਲੇ ਵਿਚ ਉਨ੍ਹਾਂ ਦੇ ਬਿਆਨ ਦਰਜ ਕੀਤੇ ਸਨ।

■ ਬਾਕੀ ਖਬਰ ਸਫਾ 17 'ਤੇ

## ਓਮ ਬਿਰਲਾ ਦੂਜੀ ਵਾਰ ਚੁਣੇ ਗਏ ਲੋਕ ਸਭਾ ਸਪੀਕਰ



**ਨਵੀਂ ਦਿੱਲੀ, (ਪੰਜਾਬ ਮੇਲ)-** ਲੋਕ ਸਭਾ ਸਪੀਕਰ ਦੀ ਚੋਣ ਨੂੰ ਲੈ ਕੇ ਸੰਸਦ 'ਚ ਵੋਟਿੰਗ ਹੋਈ। ਨੈਸ਼ਨਲ ਡੈਮੋਕ੍ਰੇਟਿਕ ਅਲਾਇੰਸ (ਐੱਨ.ਡੀ.ਏ.) ਨੇ ਰਾਜਸਥਾਨ ਦੇ ਕੋਟਾ ਤੋਂ ਤੀਜੀ ਵਾਰ ਸੰਸਦ ਮੈਂਬਰ ਓਮ ਬਿਰਲਾ ਨੂੰ ਆਪਣਾ ਉਮੀਦਵਾਰ ਬਣਾਇਆ। ਉੱਥੇ ਹੀ ਵਿਰੋਧੀ ਧਿਰ 'ਇੰਡੀਆ' ਗਠਜੋੜ ਨੇ ਕੇਰਲ ਦੀ ਮਵੇਲੀਕਾਰਾ ਸੀਟ ਤੋਂ 8 ਵਾਰ ਸੰਸਦ ਮੈਂਬਰ ਕੇ. ਸੁਰੇਸ਼ ਨੂੰ ਮੈਦਾਨ 'ਚ ਉਤਾਰਿਆ। ਸੰਸਦ ਵਿਚ ਜ਼ੁਬਾਨੀ ਵੋਟ ਰਾਹੀਂ ਓਮ ਬਿਰਲਾ ਨੂੰ ਲੋਕ ਸਭਾ ਦਾ ਸਪੀਕਰ ਚੁਣ ਲਿਆ ਗਿਆ। ਭਾਜਪਾ ਦੇ ਸੰਸਦ ਮੈਂਬਰ ਓਮ ਬਿਰਲਾ ਦੂਜੀ ਵਾਰ ਲੋਕ ਸਭਾ ਸਪੀਕਰ ਚੁਣੇ ਗਏ ਹਨ। ਦਰਅਸਲ ਐੱਨ.ਡੀ.ਏ. ਅਤੇ ਵਿਰੋਧੀ ਧਿਰ ਵਿਚਾਲੇ ਆਮ ਸਹਿਮਤੀ ਨਹੀਂ ਬਣ ਸਕੀ। ਐੱਨ.ਡੀ.ਏ. ਨੇ ਵਿਰੋਧੀ ਧਿਰ ਦੀਆਂ ਸ਼ਰਤਾਂ ਨੂੰ ਸਵੀਕਾਰ ਨਹੀਂ ਕੀਤਾ, ਜਿਸ ਕਾਰਨ ਸਪੀਕਰ ਦੀ ਚੋਣ ਕਰਵਾਈ ਗਈ।

ਪ੍ਰਧਾਨ ਮੰਤਰੀ ਮੋਦੀ ਨੇ ਸਪੀਕਰ ਦੇ ਅਹੁਦੇ ਲਈ ਓਮ ਬਿਰਲਾ ਦੇ ਨਾਂ ਦਾ ਪ੍ਰਸਤਾਵ ਰੱਖਿਆ, ਜਿਸ ਦੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮਨਜ਼ੂਰੀ ਦਿੱਤੀ। ਲਲਨ ਸਿੰਘ ਨੇ ਓਮ ਬਿਰਲਾ ਦੇ ਨਾਂ ਦਾ ਪ੍ਰਸਤਾਵ ਵੀ ਰੱਖਿਆ। ਡਾ: ਰਾਜਕੁਮਾਰ ਸਾਂਗਵਾਨ ਨੇ ਇਸ ਪ੍ਰਸਤਾਵ ਨੂੰ ਪ੍ਰਵਾਨਗੀ ਦਿੱਤੀ। ਇਸ ਪ੍ਰਸਤਾਵ ਨੂੰ ਪ੍ਰੋਟੈਮ ਸਪੀਕਰ (ਐਕਟਿੰਗ ਸਪੀਕਰ) ਭਰਤਹਰਿ ਮਹਿਤਾਬ ਵੱਲੋਂ ਸਦਨ ਵਿਚ ਵੋਟਿੰਗ ਲਈ ਰੱਖਿਆ ਗਿਆ ਸੀ ਅਤੇ ਸਦਨ ਵੱਲੋਂ ਇਸ ਨੂੰ ਜ਼ੁਬਾਨੀ ਵੋਟ ਰਾਹੀਂ ਪਾਸ ਕਰ ਦਿੱਤਾ ਗਿਆ। ਇਸ ਤੋਂ ਬਾਅਦ ਕਾਰਜਕਾਰੀ ਸਪੀਕਰ ਮਹਿਤਾਬ ਨੇ ਬਿਰਲਾ ਨੂੰ ਲੋਕ ਸਭਾ ਦਾ ਸਪੀਕਰ ਚੁਣੇ ਜਾਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ

■ ਬਾਕੀ ਖਬਰ ਸਫਾ 17 'ਤੇ

## ਐਲਕ ਗਰੋਵ ਤੀਆਂ 11 ਅਗਸਤ ਨੂੰ




**ਸੈਕਰਾਮੈਂਟੋ, (ਪੰਜਾਬ ਮੇਲ)-** ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ 'ਤੀਆ ਤੀਜ ਦੀਆਂ' ਇਸ ਵਾਰ 11 ਅਗਸਤ, ਦਿਨ ਐਤਵਾਰ ਨੂੰ ਦੁਪਹਿਰ 2.30 ਵਜੇ ਤੋਂ ਸ਼ਾਮ 6.00 ਵਜੇ ਤੱਕ ਹੋਣਗੀਆਂ। ਇਸ ਵਿਚ ਗਿੱਧਾ, ਭੰਗੜਾ, ਗੀਤ-ਸੰਗੀਤ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਰੰਗਾਰੰਗ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਡੀ.ਜੇ. ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਪੰਜਾਬ ਵਾਂਗ ਖੁੱਲ੍ਹੇ ਮੈਦਾਨ 'ਚ ਛਾਂਦਾਰ ਦਰੱਖਤਾਂ ਹੇਠ ਲੱਗਣ ਵਾਲੀਆਂ ਇਨ੍ਹਾਂ ਤੀਆਂ 'ਚ ਪੀਘਾਂ ਦਾ ਵਿਸ਼ੇਸ਼ ਆਕਰਸ਼ਣ ਹੁੰਦਾ ਹੈ। ਵੰਨ-ਸੁਵੰਨੇ ਕੱਪੜੇ, ਫੁਲਕਾਰੀਆਂ, ਜੁੱਤੀਆਂ, ਗਹਿਣੇ, ਮਹਿੰਦੀ ਆਦਿ ਦੇ ਸਟਾਲ ਲੱਗਣਗੇ, ਜਿੱਥੋਂ ਔਰਤਾਂ ਖਰੀਦੋ-ਫਰੋਖਤ ਕਰ ਸਕਣਗੀਆਂ। ਇਨ੍ਹਾਂ ਤੀਆਂ ਲਈ ਐਂਟਰੀ ਫ੍ਰੀ ਹੋਵੇਗੀ। ਸੁਰੱਖਿਆ ਦੇ ਖਾਸ ਪ੍ਰਬੰਧ ਕੀਤੇ ਜਾਣਗੇ। ਹੋਰ ਜਾਣਕਾਰੀ ਲਈ ਪੰਜਾਬ ਮੇਲ 'ਚ ਸਫਾ ਨੰਬਰ 6 'ਤੇ ਲੱਗੇ ਇਸ਼ਤਿਹਾਰ ਨੂੰ ਦੇਖੋ।

## ਨਿਊਯਾਰਕ ਅਦਾਲਤ ਨੇ ਡੋਨਾਲਡ ਟਰੰਪ ਨੂੰ ਗੁਪਤ ਤਰੀਕੇ ਨਾਲ ਪੈਸੇ ਦੇਣ ਦੇ ਮਾਮਲੇ 'ਚ ਦਿੱਤੀ ਅੰਸ਼ਕ ਰਾਹਤ



**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਨਿਊਯਾਰਕ ਦੀ ਅਦਾਲਤ ਤੋਂ ਅੰਸ਼ਕ ਰਾਹਤ ਮਿਲੀ ਹੈ। ਅਦਾਲਤ ਦੇ ਫੈਸਲੇ ਤੋਂ ਬਾਅਦ, ਟਰੰਪ ਅਪਣੇ ਕੇਸ 'ਚ ਗਵਾਹੀ ਦੇਣ ਵਾਲੇ ਮਾਈਕਲ ਕੋਹੇਨ ਅਤੇ ਸਟੋਰਮੀ ਡੇਨੀਅਲਸ ਨਾਲ ਸਬੰਧਤ ਟਿੱਪਣੀਆਂ ਕਰ ਸਕਣਗੇ। ਇਹ ਰਾਹਤ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਟਰੰਪ 27 ਜੂਨ ਨੂੰ ਹੋਣ ਵਾਲੀ ਰਾਸ਼ਟਰਪਤੀ ਚੋਣ ਬਹਿਸ ਵਿਚ ਹਿੱਸਾ ਲੈਣਗੇ। ਰਿਪੋਰਟਾਂ ਮੁਤਾਬਕ ਅਦਾਲਤ ਤੋਂ ਰਾਹਤ ਮਿਲਣ ਤੋਂ ਬਾਅਦ ਟਰੰਪ ਬਹਿਸ ਦੌਰਾਨ ਖੁੱਲ੍ਹ ਕੇ ਟਿੱਪਣੀ ਕਰ ਸਕਣਗੇ।

ਜ਼ਿਕਰਯੋਗ ਹੈ ਕਿ ਗੁਪਤ ਧਨ ਨਾਲ ਸਬੰਧਤ ਅਪਰਾਧਿਕ ਕੇਸ ਵਿਚ ਲਗਾਏ ਗਏ ਪਾਬੰਦੀ ਦੇ ਹੁਕਮ (ਗੈਗ ਆਰਡਰ) ਨੂੰ ਅੰਸ਼ਕ ਤੌਰ 'ਤੇ ਹਟਾਉਣ ਦੇ ਮਾਮਲੇ ਵਿਚ ਨਿਊਯਾਰਕ ਦੇ ਅਟਾਰਨੀ ਐਲਵਿਨ ਬ੍ਰੈਗ (ਡੀ) ਦਾ ਰੁਖ ਅਪਵਾਦ ਹੈ। ਇਕ ਹੋਰ ਜੱਜ, ਜੁਆਨ ਮਰਕਨ ਨੇ ਵੀ ਕਿਹਾ ਹੈ ਕਿ ਉਹ 11 ਜੁਲਾਈ ਦੇ ਫੈਸਲੇ ਤੋਂ ਬਾਅਦ ਪਾਬੰਦੀ ਹਟਾਉਣ ਬਾਰੇ ਵਿਚਾਰ ਕਰਨਗੇ।

ਅੰਸ਼ਕ ਤੌਰ 'ਤੇ ਹਟਾਏ ਜਾਣ ਤੋਂ ਬਾਅਦ, ਟਰੰਪ ਜਿਊਰੀ ਦੇ ਸਾਹਮਣੇ ਅਪਣਾ ਕੇਸ ਪੇਸ਼ ਕਰ ਸਕਣਗੇ। ਇਸੇ ਜਿਊਰੀ ਨੇ ਪਿਛਲੇ ਮਹੀਨੇ ਟਰੰਪ ਨੂੰ 34 ਅਪਰਾਧਿਕ ਦੋਸ਼ਾਂ 'ਚ ਦੋਸ਼ੀ ਠਹਿਰਾਇਆ ਸੀ। ਹਾਲਾਂਕਿ, ਸਾਬਕਾ ਰਾਸ਼ਟਰਪਤੀ ਟਰੰਪ ਕਿਸੇ ਹੋਰ ਸੁਰੱਖਿਆ ਆਦੇਸ਼ ਦੇ ਤਹਿਤ ਗਵਾਹਾਂ ਦੀ ਪਛਾਣ ਜਨਤਕ ਤੌਰ 'ਤੇ ਪ੍ਰਗਟ ਨਹੀਂ ਕਰ ਸਕਣਗੇ। ਰਿਪੋਰਟ ਮੁਤਾਬਕ ਪਾਬੰਦੀਆਂ ਤੋਂ ਰਾਹਤ ਦਿੰਦੇ ਹੋਏ, ਜੱਜ ਮਾਰਕੇਨ ਨੇ ਕਿਹਾ ਕਿ ਉਨ੍ਹਾਂ ਦੀ ਤਰਜੀਹ ਜੱਜਾਂ ਦੀ ਰੱਖਿਆ ਕਰਨਾ ਸੀ। ਇਸ ਸਬੰਧੀ ਨਿਊਯਾਰਕ ਦੇ ਅਟਾਰਨੀ ਐਲਵਿਨ ਬ੍ਰੈਗ ਵੱਲੋਂ ਵੀ ਅਪੀਲ ਕੀਤੀ ਗਈ ਸੀ।

# APCA ਲਾਬੀ ਦਿਵਸ ਨੂੰ ਮਿਲੀ ਵੱਡੀ ਸਫਲਤਾ












**ਸੈਕਰਾਮੈਂਟੋ, (ਪੰਜਾਬ ਮੇਲ)**- APCA ਨੇ ਆਪਣਾ ਪਹਿਲਾ ਸਟੈਂਡ ਅਲੋਨ ਲਾਬੀ ਡੇ ਮਨਾਇਆ। ਕੈਲੀਫੋਰਨੀਆ ਦੀ ਰਾਜਧਾਨੀ ਦੇ ਅੰਦਰ ਹੋਏ ਇਸ ਸਮਾਗਮ ਵਿਚ ਸਟੋਰ ਮਾਲਕਾਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ, ਸੈਕਰਾਮੈਂਟੋ ਡਿਸਟ੍ਰਿਕਟ ਅਟਾਰਨੀ ਤੀਨ ਹੋਅ, ਗਰੈਗ ਟੋਟੇਨ, ਜੋ ਕਿ ਕੈਲੀਫੋਰਨੀਆ ਸੇਫਰ ਕਮਿਊਨਿਟੀਜ਼ (ਪਰੋਪੋਜ਼ੀਸ਼ਨ 47 ਬੈਲਟ ਇਨੀਸ਼ੀਏਟਿਵ ਰਿਫਾਰਮ ਗਰੁੱਪ), ਮੈਰਾਥਨ ਪੈਟਰੋਲੀਅਮ ਤੋਂ ਆਰਕੋ ਤੋਂ ਗੈਰੀ ਲਿੰਕ ਅਤੇ 7- ਇਲੈਵਨ ਤੋਂ ਉਨ੍ਹਾਂ ਦੇ ਲਾਬਿਸਟ ਟਿੰਮ ਲਿੰਕ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। APCA ਮੈਂਬਰਾਂ ਨੇ ਕੈਪੀਟਲ ਦੇ ਅੰਦਰ ਸਥਿਤ ਅਸੈਂਬਲੀ ਮੈਂਬਰਾਂ ਦੇ ਦਫਤਰਾਂ ਵਿਚ ਖੁਦ ਜਾ ਕੇ 30 ਦੇ ਕਰੀਬ ਅਸੈਂਬਲੀ ਮੈਂਬਰਾਂ ਨੂੰ ਯਾਦ ਪੱਤਰ ਦਿੱਤੇ, ਜਿਸ ਵਿਚ ਪਿਛਲੇ ਦਿਨੀਂ ਸਟੋਰਾਂ ਮਾਲਕਾਂ ਦੇ ਖਿਲਾਫ ਬਣਾਏ ਗਏ ਬਿੱਲਾਂ ਨੂੰ ਠੀਕ ਕਰਨ ਦੀ ਮੰਗ ਕੀਤੀ ਗਈ।

ਜਿਵੇਂ ਕਿ ਤੁਹਾਨੂੰ ਯਾਦ ਹੈ, APCA ਕੈਲੀਫੋਰਨੀਆ ਦੇ ਸੁਰੱਖਿਅਤ ਭਾਈਚਾਰਿਆਂ ਲਈ ਗੱਠਜੋੜ ਦਾ ਇੱਕ ਮੈਂਬਰ ਹੈ - ਬੇਘਰੇ, ਨਸ਼ਾਖੋਰੀ, ਅਤੇ ਚੋਰੀ ਘਟਾਉਣ ਐਕਟ ਦਾ ਸਮਰਥਨ ਕਰਨ ਵਾਲੀ ਅਧਿਕਾਰਤ ਮੁਹਿੰਮ। ਇਹ ਉਪਾਅ ਪ੍ਰਸਤਾਵ 47 (2014) ਵਿਚ ਸਖ਼ਤ ਲੋੜੀਂਦੇ ਸੁਧਾਰ ਪ੍ਰਦਾਨ ਕਰਦਾ ਹੈ, ਤਾਂ ਜੋ ਸਾਡੇ ਭਾਈਚਾਰਿਆਂ ਨੂੰ ਹੋਰ ਖ਼ਤਰਨਾਕ ਬਣਾ ਰਹੇ ਨਸ਼ਿਆਂ ਨਾਲ ਸਬੰਧਤ ਅਪਰਾਧਾਂ ਨੂੰ ਰੋਕਣ ਵਿਚ ਮਦਦ ਕੀਤੀ ਜਾ ਸਕੇ।

ਇਸ ਤੱਥ ਦੇ ਬਾਵਜੂਦ ਕਿ 910,000 ਤੋਂ ਵੱਧ ਕੈਲੀਫੋਰਨੀਆ ਵਾਸੀਆਂ ਨੇ ਨਵੰਬਰ ਦੇ ਬੈਲਟ 'ਤੇ ਮਾਪ ਪਾਉਣ ਲਈ ਇੱਕ ਪਟੀਸ਼ਨ 'ਤੇ ਦਸਤਖਤ ਕੀਤੇ, ਸੈਕਰਾਮੈਂਟੋ ਵਿੱਚ ਸਿਆਸਤਦਾਨ ਵਿਆਪਕ ਜਨਤਕ ਸੁਰੱਖਿਆ ਸੁਧਾਰਾਂ ਨੂੰ ਲੁੱਟਣ ਲਈ ਇੱਕ ਧੋਖੇਬਾਜ਼ ਅਤੇ ਸਨਕੀ ਯੋਜਨਾ ਨਾਲ ਅੱਗੇ ਵਧ ਰਹੇ ਹਨ। ਉਨ੍ਹਾਂ ਦੀ ਯੋਜਨਾ ਨਵੇਂ ਪ੍ਰਚੂਨ ਚੋਰੀ ਕਾਨੂੰਨਾਂ ਵਿੱਚ ਇੱਕ ਜ਼ਹਿਰ ਦੀ ਗੋਲੀ ਪਾਉਣ ਦੀ ਹੈ ਤਾਂ ਜੋ ਜੇਕਰ ਸਾਡਾ ਮਾਪ ਨਵੰਬਰ ਵਿੱਚ ਪਾਸ ਹੋ ਜਾਂਦਾ ਹੈ, ਤਾਂ ਉਹ ਕਾਨੂੰਨ ਰੱਦ ਹੋ ਜਾਣਗੇ। ਇਹ ਗੱਠਜੋੜ ਨੂੰ ਪਿੱਛੇ ਹਟਣ ਅਤੇ ਬੈਲਟ ਤੋਂ ਸਾਡੇ ਮਾਪਦੰਡ ਨੂੰ ਹਟਾਉਣ ਲਈ ਧੱਕੇਸ਼ਾਹੀ ਕਰਨ ਦੀ ਇੱਕ ਸਪੱਸ਼ਟ ਅਤੇ ਸਪੱਸ਼ਟ ਕੋਸ਼ਿਸ਼ ਹੈ। APCA ਮੈਂਬਰਾਂ ਨੇ ਵੀ SB 983 ਦੇ ਸਮਰਥਨ ਵਿਚ ਲਾਬਿੰਗ ਕੀਤੀ। SB 983 ਕੈਲੀਫੋਰਨੀਆ ਸਟੇਟ ਐਨਰਜੀ ਰਿਸੋਰਸਜ਼ ਕੰਜ਼ਰਵੇਸ਼ਨ ਐਂਡ ਡਿਵੈਲਪਮੈਂਟ ਕਮਿਸ਼ਨ ਦੇ ਅੰਦਰ ਵਿਕਲਪਕ ਇੰਧਨ ਬੁਨਿਆਦੀ ਢਾਂਚਾ ਟਾਸਕ ਫੋਰਸ ਬਣਾਉਂਦਾ ਹੈ। ਇਹ ਟਾਸਕ ਫੋਰਸ ਮੌਜੂਦਾ ਪ੍ਰਚੂਨ ਗੈਸ ਬਾਲਣ ਸਟੇਸ਼ਨਾਂ ਵਿੱਚ ਜ਼ੀਰੋ-ਐਮਿਸ਼ਨ ਵਿਕਲਪਕ ਈਂਧਨ ਬੁਨਿਆਦੀ ਢਾਂਚੇ ਨੂੰ ਜੋੜਨ ਦੀ ਸੰਭਾਵਨਾ ਦੀ ਜਾਂਚ ਕਰਦੀ ਹੈ। APCA ਦੀ ਵਕਾਲਤ ਦੇ ਯਤਨਾਂ ਨੂੰ ਭਰਪੂਰ ਹੁੰਗਾਰਾ ਮਿਲਿਆ।

## ਅਮਰੀਕੀ ਰੈਪਰ ਚਾਰਲਸ ਜੋਨਸ ਦਾ ਗੋਲੀ ਮਾਰ ਕੇ ਕਤਲ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰੈਪਰ ਚਾਰਲਸ ਜੋਨਸ ਦਾ ਗੋਲੀ ਮਾਰ ਕੇ ਕਤਲ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ। ਜੋਨਸ ਦੇ ਵਕੀਲ ਨੇ ਘਟਨਾ ਦੀ ਪੁਸ਼ਟੀ ਕੀਤੀ। ਉਨ੍ਹਾਂ ਦੱਸਿਆ ਕਿ ਰੈਪਰ ਦਾ 26ਵੇਂ ਜਨਮ ਦਿਨ ਦੇ 2 ਦਿਨ ਬਾਅਦ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ।

ਰਿਪੋਰਟ ਅਨੁਸਾਰ ਪੁਲਿਸ ਨੂੰ ਟਾਮਪਾ ਸ਼ਹਿਰ ਦੇ ਇਕ ਹੋਟਲ 'ਚ ਐਤਵਾਰ ਨੂੰ ਗੋਲੀਬਾਰੀ ਦੀ ਸੂਚਨਾ ਮਿਲੀ। ਹਾਦਸੇ ਵਾਲੀ ਜਗ੍ਹਾ 'ਤੇ ਪਹੁੰਚਣ 'ਤੇ ਉਨ੍ਹਾਂ ਨੂੰ ਪਾਰਕਿੰਗ 'ਚ ਗੋਲੀਆਂ ਲੱਗੀਆਂ 2 ਗੱਡੀਆਂ ਮਿਲੀਆਂ। ਪੁਲਿਸ ਅਨੁਸਾਰ ਗੋਲੀਬਾਰੀ 'ਚ ਜੋਨਸ ਦੀ ਮੌਤ ਹੋ ਗਈ, ਜਦੋਂਕਿ ਤਿੰਨ ਹੋਰ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਪੁਲਿਸ ਘਟਨਾ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

## ਅਰਕਨਸਾਸ ਸੁਪਰ ਮਾਰਕੀਟ 'ਚ ਸਮੂਹਿਕ ਗੋਲੀਬਾਰੀ 'ਚ ਭਾਰਤੀ ਵਿਦਿਆਰਥੀ ਦੀ ਮੌਤ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਅਰਕਨਸਾਸ ਰਾਜ ਦੀ ਇਕ ਸੁਪਰ ਮਾਰਕੀਟ 'ਚ ਹੋਈ ਗੋਲੀਬਾਰੀ ਦੌਰਾਨ ਜ਼ਖਮੀ ਹੋਏ ਭਾਰਤ ਦੇ ਆਂਧਰਾ ਪ੍ਰਦੇਸ਼ ਦੇ ਨੌਜਵਾਨ ਗੋਪੀਕ੍ਰਿਸ਼ਨ ਦੀ ਮੌਤ ਹੋ ਗਈ ਹੈ। ਉਹ ਇੱਕ ਸੁਪਰਮਾਰਕੀਟ ਗੋਲੀਬਾਰੀ ਵਿਚ ਗੰਭੀਰ ਜ਼ਖ਼ਮੀ ਹੋਇਆ ਸੀ। ਉਸ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ ਹੈ। ਗੋਪੀਕ੍ਰਿਸ਼ਨ, ਯਜ਼ਲੀ, ਕਾਰਲਾਪਾਲੇਮ ਮੰਡਲ, ਜ਼ਿਲ੍ਹਾ ਬਾਪਟਲਾ, ਆਂਧਰਾ ਪ੍ਰਦੇਸ਼ ਦਾ ਵਸਨੀਕ ਸੀ ਅਤੇ ਉਸ ਨੇ ਅਮਰੀਕਾ ਵਿਚ ਆਪਣੀ ਐੱਮ.ਐੱਸ. ਦੀ ਪੜ੍ਹਾਈ ਪੂਰੀ ਕੀਤੀ ਸੀ। ਉਹ ਫੋਰਡੀਜ਼, ਦੱਖਣੀ ਅਰਕਨਸਾਸ ਵਿਚ ਰਹਿੰਦਾ ਸੀ। ਉਹ ਮੈਚ ਬੁਚਰ ਨਾਂ ਦੇ ਸਟੋਰ ਵਿਚ ਪਾਰਟ-ਟਾਈਮ ਕੰਮ ਕਰਦਾ ਸੀ। ਪਰ ਬੀਤੇ ਦਿਨੀਂ ਇੱਕ ਹਮਲਾਵਰ ਨੇ ਸੁਪਰਮਾਰਕੀਟ ਵਿਚ ਦਾਖਲ ਹੋ ਕੇ ਗੋਲੀਬਾਰੀ ਕੀਤੀ। ਇਸ ਘਟਨਾ 'ਚ 3 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਅਤੇ 10 ਲੋਕ ਗੰਭੀਰ ਜ਼ਖਮੀ ਹੋ ਗਏ ਸਨ।

## ਅਮਰੀਕਾ ਦੇ ਮਿਸੌਰੀ ਰਾਜ 'ਚ 6 ਭੈਣਾਂ ਵੱਲੋਂ ਸਭ ਤੋ ਵੱਧ ਉਮਰ ਵਾਲੀਆਂ ਭੈਣਾਂ ਦਾ ਵਿਸ਼ਵ ਰਿਕਾਰਡ ਦਰਜ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ਦੇ ਮਿਸੌਰੀ ਸੂਬੇ ਵਿਚ 6 ਭੈਣਾਂ ਨੇ ਸਭ ਤੋਂ ਵੱਧ ਉਮਰ ਵਾਲੀਆਂ ਭੈਣਾਂ ਦਾ ਵਿਸ਼ਵ ਰਿਕਾਰਡ ਦਰਜ ਕੀਤਾ ਹੈ। ਇਨ੍ਹਾਂ ਭੈਣਾਂ ਦੀ ਉਮਰ 88 ਤੋਂ 101 ਸਾਲ ਦੇ ਵਿਚਕਾਰ ਹੈ ਅਤੇ ਇਨ੍ਹਾਂ ਦੀ ਕੁੱਲ ਉਮਰ 571 ਸਾਲ 293 ਦਿਨ ਤੋਂ ਵੱਧ ਹੈ। ਗਿਨੀਜ਼ ਵਰਲਡ ਰਿਕਾਰਡ ਵਿਚ ਇਨ੍ਹਾਂ ਭੈਣਾਂ ਦੇ ਨਾਂ 'ਲੌਂਗੇਸਟ ਕੰਬਾਈਨਡ ਏਜ ਆਫ 6 ਲਿਵਿੰਗ ਸਿਬਲਿੰਗਜ਼' ਦਾ ਰਿਕਾਰਡ ਹੈ। ਸਭ ਤੋਂ ਵੱਡੀ ਭੈਣ, ਨੋਰਮਾ ਜੋ ਓਹਾਇਓ ਸੂਬੇ 'ਚ ਰਹਿੰਦੀ ਹੈ। ਜਦੋਂਕਿ ਬਾਕੀ ਪੰਜ ਭੈਣਾਂ ਲੌਰੇਨ, ਮੈਕਸੀਨ, ਡੋਰਿਸ, ਮਾਰਗਰੇਟ ਅਤੇ ਐਲਮਾ, ਅਜੇ ਵੀ ਮਿਸੌਰੀ ਸੂਬੇ ਵਿਚ ਰਹਿੰਦੀਆਂ ਹਨ। ਇਹ ਭੈਣਾਂ ਪਿਛਲੇ 9 ਦਹਾਕਿਆਂ ਤੋਂ ਇੱਕ ਦੂਜੇ ਦੇ ਉਤਰਾਅ-ਚੜ੍ਹਾਅ ਵਿਚੋਂ ਲੰਘ ਰਹੀਆਂ ਹਨ ਅਤੇ ਮਹਾਨ ਉਦਾਸੀ, ਦੂਜੇ ਵਿਸ਼ਵ ਯੁੱਧ ਅਤੇ ਹਾਲ ਹੀ ਵਿਚ ਕੋਵਿਡ-19 ਦੀ ਮਹਾਂਮਾਰੀ ਵਿਚੋਂ ਲੰਘੀਆਂ ਹਨ। ਐਲਮਾ ਕਹਿੰਦੀ ਹੈ ਕਿ 'ਸਮੇਂ-ਸਮੇਂ 'ਤੇ ਸਾਰੀਆਂ ਭੈਣਾਂ ਵਿਚ ਛੋਟੀਆਂ-ਛੋਟੀਆਂ ਗੱਲਾਂ ਤੋਂ ਤਕਰਾਰ ਹੁੰਦਾ ਹੈ, ਪਰ




ਸਾਡੇ ਰਿਸ਼ਤੇ ਵਿਚ ਕਦੇ ਵੀ ਦਰਾਰ ਨਹੀਂ ਆਈ। ਅਸੀਂ ਸਾਰੀ ਉਮਰ ਇਕ ਦੂਜੇ ਦੇ ਨੇੜੇ ਰਹੀਆ ਹਾਂ ਅਤੇ ਅਕਸਰ ਜਨਮ ਦੇ ਕ੍ਰਮ ਅਨੁਸਾਰ ਟੀ-ਸ਼ਰਟਾਂ ਪਾ ਕੇ ਇਕੱਠਿਆਂ ਹੀ ਯਾਤਰਾ ਕਰਦੀਆਂ ਹਾਂ। ਕਿਉਂਕਿ 6 ਵਿਚੋਂ 3 ਭੈਣਾਂ ਦਾ ਜਨਮ ਜੁਲਾਈ ਵਿਚ ਹੋਇਆ ਸੀ, ਭੈਣਾਂ ਹਰ ਗਰਮੀਆਂ ਵਿਚ ਆਪਣੀ ਮਾਂ ਦੁਆਰਾ ਸ਼ੁਰੂ ਕੀਤੀ ਗਈ ਇੱਕ ਪਰੰਪਰਾ ਨੂੰ ਮਨਾਉਣ ਲਈ ਇਕੱਠੀਆਂ ਹੁੰਦੀਆਂ ਹਨ। ਇਨ੍ਹਾਂ ਭੈਣਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਵੱਡਾ ਭਰਾ ਸਟੈਨਲੀ ਇਸ ਸਾਲ 102 ਸਾਲ ਦਾ ਹੋ ਜਾਣਾ ਸੀ। ਪਰ ਉਸ ਦੀ 81 ਸਾਲ ਦੀ ਉਮਰ ਵਿਚ ਇੱਕ ਸਾਈਕਲ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ।

For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜ਼ਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $19,992.34 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $19,992.34 per Acre.



ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780
E-Mail: gurneknagra@yahoo.com
Web Page: gurneknagra.com




# VALLEJO TEEYAN

## MELA 2024

*Sunday, July 21st, 2024 from 12-6pm*

Hosted By



Asha Sharma

Organizer



Sunita Verma

**Only for Ladies and Children**

**At Dan Foley Cultural Center**

**(Behind Sutter Solano Hospital)**

**1498 N Camino Alto, Vallejo, CA 94589**

**Special Attractions include Mehndi, Indian Clothing and Jewelry Booths.**



**Come and enjoy a day filled with entertainment and festiveties, including Punjabi Folk songs and dances, Gidha, Boliyan and much more...**

Copyright@Punjab Mail USA

*To Participate Rent Space for a booth, or Sponsor, Please Contact:*

**SUNITA VERMA : 707-853-9006**

**Email: sonalideep@gmail.com**

"Let us make your event a dream come true"
Flamingo
Banquet Hall & Catering
(916) 334-6000
(707) 645-1700
ARIA
FINE DINING, BAR, CATERING & BANQUET HALLS
(408) 941-1700
TOUCH OF ELEGANCE DECOR
"Let us make your event a dream come true"
Pardeep - Paul
(510) 325-8433





D D Sharma
Real Estate Consultant
DRE #01744678
707-365-9385(cell)
Din D Sharma
REAL ESTATE
Specialize in:
Residential, Hotel, Motel,
Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com
Residential, Loan Mod, Short Sale & Commercial Real Estate



GOLD, DIAMOND, PLATINUM JEWELRY
CHINNA JEWELLERS INC
(916) 956-3094
7454 STOCKTON BLVD, SUITE-A
SACRAMENTO, CA 95823



"Sound Mind in the Sound Body" ੧ੴ ਸਤਿਗੁਰ ਪ੍ਰਸਾਦਿ ॥ Health is Wealth

# 14th Children Summer Sports Camp-2024

## 14ਵਾਂ ਬੱਚਿਆਂ ਦਾ ਖੇਡ ਕੈਂਪ-2024

### 6 ਜੁਲਾਈ 2024, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ

**Wilson Play Fields Kent WA. 13028 SE. 251st. Kent, WA - 98030**

Every Saturday - Sunday
5PM to 7PM
**Free Entry**

ਖੁੱਲ੍ਹਾ ਸੱਦਾ
ਹੁੰਮ-ਹੁਮਾ ਕੇ ਪਹੁੰਚੋ
**Free Sporst Kits-Refreshment**

ਕੋਈ ਫੀਸ ਨਹੀਂ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ-ਕਿੱਟਾਂ ਤੇ ਰੀਫਰੈਸ਼ਮੈਂਟ ਦੀ ਸੇਵਾ



ਗੁਰਚਰਨ ਸਿੰਘ ਢਿੱਲੋਂ ਦਾ ਸਨਮਾਨ ਕਰਦੇ ਹੋਏ ਪੰਜਾਬੀ ਭਾਈਚਾਰੇ ਦੇ ਲੋਕ।

**ਬਜ਼ੁਰਗਾਂ ਵਾਸਤੇ ਸੈਰ ਤੇ ਯੋਗਾ ਕਸਰਤ 6 ਤੋਂ 7 ਵਜੇ ਤੱਕ**

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 6 ਜੁਲਾਈ, ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।



ਪ੍ਰਬੰਧਕਾਂ ਤੇ ਕੋਚਿਜ਼ ਸਾਹਿਬਾਨਾਂ ਦੀ ਮੀਟਿੰਗ ਤੋਂ ਬਾਅਦ ਸਾਂਝੀ ਫੋਟੋ।



ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।



ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਜੇ. ਇਨਸਲੀ ਦਾ ਸਵਾਗਤ।



ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।




ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।



ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।




ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

**ਸਵਾਗਤ ਕਰਤਾ :**

## Sikhs of Seattle

**ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ**



ਗੁਰਚਰਨ ਸਿੰਘ ਢਿੱਲੋਂ
(ਮੁੱਖ ਪ੍ਰਬੰਧਕ) : 206-412-1559



ਗੁਰਦੀਪ ਸਿੰਘ ਸਿੱਧੂ
(ਪ੍ਰਬੰਧਕ) : 206-697-8155

Designed By Punjab Mail USA

# ਕੈਲੀਫੋਰਨੀਆ ਅਸੈਂਬਲੀ 'ਚ ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਮਾਨਤਾ





**ਸੈਕਰਾਮੈਂਟੋ, (ਪੰਜਾਬ ਮੇਲ)-** ਨਕੋਦਰ 'ਚ 2 ਫਰਵਰੀ 1986 ਨੂੰ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਦੇ ਚਾਰ ਸਿੱਖ ਨੌਜਵਾਨਾਂ ਦੀ ਸ਼ਹਾਦਤ ਨੂੰ ਅਮਰੀਕਾ ਦੇ ਸੂਬੇ ਕੈਲੀਫੋਰੀਆ ਦੀ ਅਸੈਂਬਲੀ ਵਿਚ ਮਾਨਤਾ ਦਿੱਤੀ ਗਈ ਹੈ। ਕੈਲੇਫੋਰਨੀਆ ਦੀ 80 ਮੈਂਬਰੀ ਅਸੈਂਬਲੀ ਨੇ ਸਰਬਸਮੰਤੀ ਨਾਲ ਬਿੱਲ ਪਾਸ ਕਰਦਿਆਂ ਕਿਹਾ ਕਿ ਇਸ ਘਟਨਾ ਵਿਚ ਪੀੜਤ ਪਰਿਵਾਰਾਂ ਨੂੰ 38 ਸਾਲ ਬੀਤਣ ਦੇ ਬਾਵਜੂਦ ਇਨਸਾਫ਼ ਨਹੀਂ ਮਿਲਿਆ। ਅਸੈਂਬਲੀ ਵਿਚ ਇਹ ਵੀ ਪਾਸ ਕੀਤਾ ਗਿਆ ਕਿ ਕੈਲੀਫੋਰਨੀਆ ਵਿਚ ਹਰ ਸਾਲ 4 ਫਰਵਰੀ ਵਾਲਾ ਦਿਨ ਸਾਕਾ ਨਕੋਦਰ ਵਜੋਂ ਮਨਾਇਆ ਜਾਵੇਗਾ। ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਨਕੋਦਰ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਸਾੜ ਦਿੱਤੀਆਂ ਗਈਆਂ ਸਨ। ਇਸ ਘਟਨਾ ਵਿਰੁੱਧ ਸ਼ਾਂਤਮਈ ਰੋਸ ਪ੍ਰਗਟਾਉਣ ਵਾਲੀ ਸਿੱਖ ਸੰਗਤ 'ਤੇ ਪੰਜਾਬ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ। ਇਸ ਘਟਨਾ ਵਿਚ ਪੁਲਿਸ ਦੀਆਂ ਗੋਲੀਆਂ ਨਾਲ ਚਾਰ ਸਿੱਖ ਨੌਜਵਾਨ



ਰਵਿੰਦਰ ਸਿੰਘ ਲਿੱਤਰਾਂ, ਹਰਮਿੰਦਰ ਸਿੰਘ, ਬਲਧੀਰ ਸਿੰਘ ਅਤੇ ਝਿਲਮਣ ਸਿੰਘ ਸ਼ਹੀਦ ਹੋ ਗਏ ਸਨ। ਉਸ ਸਮੇਂ ਸੂਬੇ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਕੈਲੀਫੋਰਨੀਆ ਦੀ ਅਸੈਂਬਲੀ ਵਿਚ ਡਾ. ਜਸਮੀਤ ਕੌਰ ਬੈਂਸ ਨੇ ਇਹ ਮਤਾ ਲਿਆਂਦਾ ਸੀ। ਇਸ ਮਤੇ ਦੀ ਪ੍ਰੋੜ੍ਹਤਾ ਲਿਜ਼ ਓਰਟੇਗਾ ਨੇ ਕੀਤੀ ਸੀ। ਅਸੈਂਬਲੀ ਮੈਂਬਰ ਡਾ. ਜਸਮੀਤ ਕੌਰ ਬੈਂਸ ਇਸ ਬਿੱਲ ਦੀ ਮੁੱਖ ਲੇਖਕਾ ਨੇ ਅਤੇ ਲਿਜ਼ ਓਰਟੇਗਾ, ਐਲੇਕਸ ਲੀ ਅਤੇ ਐੱਸ. ਕਾਲੜਾ ਸਹਿਯੋਗੀ ਲੇਖਕ ਹਨ। ਇਸ 80 ਮੈਂਬਰੀ ਅਸੈਂਬਲੀ ਵਿਚ 79 ਮੈਂਬਰ ਹਨ ਤੇ ਇੱਕ ਸੀਟ ਖਾਲੀ ਹੈ। ਇਸ ਮਤੇ ਨੂੰ ਸਰਬਸਮੰਤੀ ਨਾਲ ਪਾਸ ਕਰਦਿਆਂ ਮੈਂਬਰਾਂ ਨੇ ਦੁੱਖ ਪ੍ਰਗਟਾਇਆ ਕਿ 38 ਸਾਲ ਬੀਤਣ 'ਤੇ ਵੀ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲ ਸਕਿਆ। ਅਸੈਂਬਲੀ ਵਿਚ ਹਾਜ਼ਰ ਮੈਂਬਰਾਂ ਨੇ ਇੱਕਸੁਰ ਹੁੰਦਿਆਂ ਕਿਹਾ ਕਿ ਉਹ ਨਕੋਦਰ ਦੇ ਪੀੜਤ ਪਰਿਵਾਰਾਂ ਨਾਲ ਇਕਜੁੱਟਤਾ ਨਾਲ ਖੜ੍ਹੇ ਹਨ। ਪਾਸ ਕੀਤੇ ਗਏ ਬਿੱਲ ਵਿਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਨੇ ਇਸ ਘਟਨਾ ਬਾਰੇ ਬਣਾਏ ਜਾਂਚ ਕਮਿਸ਼ਨ ਦੀ ਰਿਪੋਰਟ 'ਤੇ ਵੀ ਅਮਲ ਨਹੀਂ ਕੀਤਾ, ਜਦੋਂਕਿ ਇਸ ਰਿਪੋਰਟ ਨੂੰ ਛੇ ਮਹੀਨਿਆਂ ਦੇ ਅੰਦਰ ਪੰਜਾਬ ਅਸੈਂਬਲੀ 'ਚ ਰੱਖ ਕੇ ਉਸ ਰਿਪੋਰਟ 'ਤੇ ਕਾਰਵਾਈ ਕਰਨੀ ਸੀ। ਇਹ ਵੀ ਕਿਹਾ ਗਿਆ ਹੈ ਕਿ ਅੱਜ ਤੱਕ ਇੱਕ ਵੀ ਦੋਸ਼ੀ ਨੂੰ ਕਾਨੂੰਨ ਦੇ ਘੇਰੇ ਵਿਚ ਨਹੀਂ ਲਿਆਂਦਾ ਗਿਆ। ਕੈਲੀਫੋਰਨੀਆ ਅਸੈਂਬਲੀ ਵਿਚ ਨਕੋਦਰ ਕਾਂਡ 'ਚ ਸ਼ਹੀਦ ਹੋਏ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਤੇ ਉਨ੍ਹਾਂ ਦੀ ਮਾਤਾ ਦਾ ਸਨਮਾਨ ਵੀ ਕੀਤਾ ਗਿਆ। ਪੀੜਤ ਪਰਿਵਾਰਾਂ 'ਚੋਂ ਬਲਦੇਵ ਸਿੰਘ ਹੀ ਜਿਊਂਦੇ ਹਨ, ਜਦੋਂਕਿ ਤਿੰਨ ਸ਼ਹੀਦ ਸਿੱਖ ਨੌਜਵਾਨਾਂ ਦੇ ਮਾਪੇ ਇਨਸਾਫ ਦੀ ਉਡੀਕ ਕਰਦੇ-ਕਰਦੇ ਇਸ ਸੰਸਾਰ 'ਚੋਂ ਜਾ ਚੁੱਕੇ ਹਨ।

### ਸ਼ਹੀਦ ਰਵਿੰਦਰ ਸਿੰਘ ਦੇ ਪਿਤਾ ਵੱਲੋਂ ਭਗਵੰਤ ਮਾਨ ਨੂੰ ਪੱਤਰ

ਬਾਪੂ ਬਲਦੇਵ ਸਿੰਘ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਾਂ ਲਿਖੇ ਪੱਤਰ ਵਿਚ ਕਿਹਾ ਹੈ ਕਿ ਜਿਹੜਾ ਮਤਾ ਪੰਜਾਬ ਵਿਧਾਨ ਸਭਾ ਵਿਚ ਪਾਸ ਹੋਣਾ ਚਾਹੀਦਾ ਸੀ, ਉਹ ਸੱਤ ਸਮੁੰਦਰੋਂ ਪਾਰ ਕੈਲੀਫੋਰਨੀਆ ਵਿਚ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਵਿਰੋਧੀ ਧਿਰ ਦੇ ਆਗੂ ਹੁੰਦਿਆਂ ਹਰਪਾਲ ਸਿੰਘ ਚੀਮਾ ਨੇ ਇਸ ਘਟਨਾ ਦੀ ਜਾਂਚ ਬਾਰੇ ਬਣੇ ਕਮਿਸ਼ਨ ਦੀ ਰਿਪੋਰਟ ਦਾ ਇੱਕ ਹਿੱਸਾ ਪੰਜਾਬ ਅਸੈਂਬਲੀ 'ਚੋਂ ਲੈ ਕੇ ਦਿੱਤਾ ਸੀ। ਉਨ੍ਹਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਵੀ ਅਪੀਲ ਕੀਤੀ ਕਿ ਇਸ ਜਾਂਚ ਰਿਪੋਰਟ ਦਾ ਦੂਜਾ ਹਿੱਸਾ ਵੀ ਦਿੱਤਾ ਜਾਵੇ ਤੇ ਸਮੁੱਚੀ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਕਰਕੇ ਇਸ 'ਤੇ ਕਾਰਵਾਈ ਕੀਤੀ ਜਾਵੇ।

# ਭਾਰਤੀ-ਅਮਰੀਕੀ ਡਾਕਟਰ ਧਰਮੇਸ਼ ਪਟੇਲ ਜਲਦ ਹੀ ਹੋਵੇਗਾ ਜੇਲ੍ਹ ਤੋਂ ਰਿਹਾਅ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਕੈਲੀਫੋਰਨੀਆ ਦੇ ਇਕ ਗੁਜਰਾਤੀ ਡਾਕਟਰ ਡਾ: ਧਰਮੇਸ਼ ਪਟੇਲ ਜਨਵਰੀ 2023 ਤੋਂ ਜੇਲ 'ਚ ਹੈ। ਉਹ ਆਪਣੀ ਪਤਨੀ ਅਤੇ ਦੋ ਬੱਚਿਆਂ ਦੀ ਹੱਤਿਆ ਦੇ ਦੋਸ਼ਾਂ ਦਾ ਉਹ ਸਾਹਮਣਾ ਕਰ ਰਿਹਾ ਹੈ ਅਤੇ ਉਹ ਹੁਣ ਜੇਲ੍ਹ ਤੋਂ ਬਾਹਰ ਆਉਣਗੇ। ਜੇਲ 'ਚ ਬੰਦ ਡਾ: ਧਰਮੇਸ਼ ਪਟੇਲ ਵਲੋਂ ਆਪਣੀ ਟੇਸਲਾ ਕਾਰ ਵਿਚ ਆਪਣੇ ਪਰਿਵਾਰ ਨਾਲ ਜਦੋਂ ਸਫ਼ਰ ਕਰ ਰਿਹਾ ਸੀ, ਉਸ ਨੇ ਸਾਰੇ ਸਵਾਰਾਂ ਨੂੰ ਮਾਰਨ ਦੇ ਇਰਾਦੇ ਨਾਲ ਕਾਰ ਨੂੰ ਇੱਕ ਪਹਾੜੀ ਸੜਕ ਤੋਂ 330 ਫੁੱਟ ਹੇਠਾਂ ਸੁੱਟ ਦਿੱਤੀ ਸੀ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਧਰਮੇਸ਼ ਪਟੇਲ ਦੀ ਕਾਰ ਦੇ ਅਗਲੇ ਹਿੱਸੇ ਦੇ ਪਰਖੱਚੇ ਉੱਡ ਗਏ ਸੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਹੈਲੀਕਾਪਟਰ ਰਾਹੀਂ ਬਚਾ ਲਿਆ ਗਿਆ ਸੀ। ਹਾਲਾਂਕਿ ਖੁਸ਼ਕਿਸਮਤੀ ਨਾਲ ਧਰਮੇਸ਼ ਪਟੇਲ ਦੀ ਬੇਟੀ ਅਤੇ ਪਤਨੀ ਨੂੰ ਛੱਡ ਕੇ ਕੋਈ ਵੀ ਗੰਭੀਰ ਜ਼ਖਮੀ ਨਹੀਂ ਹੋਇਆ ਸੀ ਪਰ ਫਿਰ ਡਾ: ਧਰਮੇਸ਼ ਪਟੇਲ ਦੀ ਪਤਨੀ ਨੇਹਾ ਪਟੇਲ ਨੇ ਦਾਅਵਾ ਕੀਤਾ ਕਿ ਉਸ ਦਾ ਪਤੀ ਮਾਨਸਿਕ ਤੌਰ 'ਤੇ ਅਸਥਿਰ ਸੀ ਅਤੇ ਉਸ ਨੇ ਜਾਣਬੁੱਝ ਕੇ ਇਹ ਹਾਦਸਾ ਕੀਤਾ ਹੈ।

ਡਾ: ਧਰਮੇਸ਼ ਪਟੇਲ ਨੇ ਆਪਣੇ ਆਪ ਨੂੰ ਮਾਨਸਿਕ ਰੋਗ ਦੇ ਇਲਾਜ ਲਈ ਫਿੱਟ ਸਮਝਦੇ ਹੋਏ ਅਦਾਲਤ ਨੂੰ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਰੱਦ ਕਰਨ ਦੀ ਅਦਾਲਤ ਨੂੰ ਅਪੀਲ ਕੀਤੀ ਸੀ। ਧਰਮੇਸ਼ ਪਟੇਲ ਦੀ ਪਤਨੀ ਨੇਹਾ ਨੇ ਵੀ ਅਦਾਲਤ ਨੂੰ ਦੱਸਿਆ ਕਿ ਉਹ ਚਾਹੁੰਦੀ ਹੈ ਕਿ ਧਰਮੇਸ਼ ਪਟੇਲ ਜਲਦੀ ਘਰ ਆਵੇ ਕਿਉਂਕਿ ਉਸ ਤੋਂ ਬਿਨਾਂ ਉਸ ਦਾ ਪਰਿਵਾਰ ਅਧੂਰਾ ਹੈ। ਕੈਲੀਫੋਰਨੀਆ ਦੀ ਇੱਕ ਸੈਨ ਮਾਟੇਓ ਅਦਾਲਤ ਨੇ 20 ਜੂਨ ਨੂੰ ਧਰਮੇਸ਼ ਪਟੇਲ ਨੂੰ ਮਾਨਸਿਕ ਸਿਹਤ ਡਾਇਵਰਸ਼ਨ ਪ੍ਰੋਗਰਾਮ ਲਈ ਫਿੱਟ ਪਾਇਆ, ਜਿਸ ਤੋਂ ਬਾਅਦ ਧਰਮੇਸ਼ ਪਟੇਲ ਨੂੰ ਅਗਲੇ ਕੁਝ ਦਿਨਾਂ ਵਿਚ ਜੇਲ੍ਹ ਤੋਂ ਰਿਹਾਅ ਕੀਤਾ ਜਾ ਸਕਦਾ ਹੈ। ਹਾਲਾਂਕਿ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਵੀ ਧਰਮੇਸ਼ ਪਟੇਲ ਆਪਣੀ ਪਤਨੀ ਅਤੇ ਦੋ ਬੱਚਿਆਂ ਨੂੰ ਨਹੀਂ ਮਿਲ ਸਕਦਾ, ਅਤੇ ਨਾ ਹੀ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ। ਦੋ ਸਾਲਾਂ ਦੇ ਇਲਾਜ ਦੌਰਾਨ, ਧਰਮੇਸ਼ ਪਟੇਲ ਆਪਣੇ ਮਾਤਾ-ਪਿਤਾ ਕੋਲ ਰਹੇਗਾ ਅਤੇ ਸਟੈਨਫੋਰਡ ਯੂਨੀਵਰਸਿਟੀ ਦੀ ਫੋਰੈਂਸਿਕ ਮਨੋਵਿਗਿਆਨ ਫੈਲੋਸ਼ਿਪ ਦੇ ਮੁਖੀ ਦੁਆਰਾ ਉਸ ਦੇ ਇਲਾਜ ਦੀ ਨਿਗਰਾਨੀ ਕੀਤੀ ਜਾਵੇਗੀ। ਇਲਾਜ ਪੂਰਾ ਹੋਣ ਤੋਂ ਬਾਅਦ ਧਰਮੇਸ਼ ਪਟੇਲ ਦੀ ਜਾਂਚ ਕੀਤੀ ਜਾਵੇਗੀ ਕਿ ਉਸ ਨੂੰ ਕੋਈ ਮਾਨਸਿਕ ਸਮੱਸਿਆ ਹੈ ਜਾਂ ਨਹੀਂ ਅਤੇ ਫਿਰ ਉਸ 'ਤੇ ਲੱਗੇ ਦੋਸ਼ ਹਟਾ ਦਿੱਤੇ ਜਾਣਗੇ। ਧਰਮੇਸ਼ ਪਟੇਲ ਵਰਤਮਾਨ ਵਿਚ ਕਤਲ ਦੀ ਕੋਸ਼ਿਸ਼ ਦੇ ਤਿੰਨ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿਚ ਬਹੁਤ ਲੰਬੀ ਕੈਦ ਦੀ ਸਜ਼ਾ ਹੋ ਸਕਦੀ ਹੈ, ਪਰ ਮਾਨਸਿਕ ਸਿਹਤ ਡਾਇਵਰਸ਼ਨ ਪ੍ਰੋਗਰਾਮ ਦੇ ਕਾਰਨ ਉਸਨੂੰ ਸਜ਼ਾ ਨਹੀਂ ਕੱਟਣੀ ਪੈ ਸਕਦੀ ਹੈ। ਧਰਮੇਸ਼ ਪਟੇਲ ਪੇਸ਼ੇ ਤੋਂ ਇੱਕ ਰੇਡੀਓਲੋਜਿਸਟ ਹੈ, ਪਰ ਉਹ ਉਦੋਂ ਤੱਕ ਖੁਦ ਅਭਿਆਸ ਨਹੀਂ ਕਰ ਸਕਦਾ, ਜਦੋਂ ਤੱਕ ਉਸਦਾ ਆਪਣਾ ਇਲਾਜ ਪੂਰਾ ਨਹੀਂ ਹੋ ਜਾਂਦਾ।

**■ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਮਾਰਨ ਦੀ ਕੋਸ਼ਿਸ਼ ਦੇ ਦੋਸ਼ਾਂ ਦਾ ਕਰ ਰਿਹੈ ਸਾਹਮਣਾ**







International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
Tiyaan Teej Diyan
16th Annual Women Festival
August 11th, Sunday, 2024
(2.30pm to 6.30 pm)
Free Entry
ਤੀਆਂ ਤੀਜ਼ ਦੀਆਂ
ਐਲਕ ਗਰੋਵ ਪਾਰਕ ਵਿਚ
Only For Ladies
11 ਅਗਸਤ 2024, ਦਿਨ ਐਤਵਾਰ
(ਦੁਪਿਹਰ 3.00 ਤੋਂ ਸ਼ਾਮ 6.30 ਵਜੇ ਤੱਕ)
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
Team Enter and Information
916-240-6969, 916-753-5933, 916-897-4414
TV Coverage by
PUNJAB MAIL USA TV Channel
Elk Grove Regional Park, 9950 Elk Grove Florin Rd, Elk Grove CA 95624
Copyright @ Punjab Mail USA

# ਗੁਰਦੁਆਰਾ ਦਸ਼ਮੇਸ਼ ਦਰਬਾਰ ਪਿਆਲਪ (ਟਕੋਮਾ) ਵਿਖੇ ਨਗਰ ਕੀਰਤਨ ਸਜਾਇਆ ਗਿਆ







ਟਕੋਮਾ, (ਹਰਦਿਆਲ ਚੀਮਾ/ ਪੰਜਾਬ ਮੇਲ)- ਬੀਤੇ ਸ਼ਨਿੱਚਰਵਾਰ ਨੂੰ ਗੁਰਦੁਆਰਾ ਦਸ਼ਮੇਸ਼ ਦਰਬਾਰ ਸਾਹਿਬ ਵਿਖੇ ਖਾਲਸਾ ਸਿਰਜਨਾ ਦਿਵਸ ਨੂੰ ਸਮਰਪਿਤ ਨੌਜਵਾਨ ਪ੍ਰਬੰਧਕ ਕਮੇਟੀ ਦੇ ਉਦਮ ਅਤੇ ਸੰਗਤਾਂ ਦੇ ਸਹਿਯੋਗ ਨਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਭਾਈ ਜਗਜੀਤ ਸਿੰਘ ਜੀ (ਪ੍ਰਸਿੱਧ ਰਾਗੀ) ਦੇ ਜੱਥੇ ਵੱਲੋਂ ਸੰਗਤਾਂ ਨੂੰ ਨਗਰ ਕੀਰਤਨ ਸਰਵਣ ਕਰਵਾਇਆ ਗਿਆ। ਸਭ ਦੇ ਭਲੇ ਦੀ ਅਰਦਾਸ ਉਪਰੰਤ ਭੋਗ ਪਾਏ ਗਏ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਲਾਭ ਸਿੰਘ ਜੀ ਵੱਲੋਂ ਸੁਰਜੀਤ ਸਿੰਘ ਬਹਿਲੋ (ਜੋ ਪੰਜਵੇਂ ਪਾਤਸ਼ਾਹ ਦੇ ਸੇਵਾਦਾਰ ਭਾਈ ਬਹਿਲੋ ਜੀ ਦੇ ਪਰਿਵਾਰ ਵਿਚੋਂ ਹਨ) ਨੂੰ ਸਿਰੋਪਾਓ ਭੇਟ ਕੀਤਾ ਗਿਆ। ਦੁਪਹਿਰ 12 ਵਜੇ ਪੰਜ ਪਿਆਰੇ ਸਾਹਿਬਾਨਾਂ ਦੀ ਮੌਜੂਦਗੀ ਵਿਚ ਸ਼ਾਨਦਾਰ ਨਗਰ ਕੀਰਤਨ ਸਜਾਏ ਗਏ। ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਆਪਣੀ ਸਿੱਖ ਮਾਰਸ਼ਲ ਗੇਮ 'ਗੱਤਕਾ' ਦੇ ਜੌਹਰ ਵਿਖਾਏ। ਸਿਆਟਲ ਦੇ ਆਸ-ਪਾਸ ਵਸਦੀਆਂ ਸੰਗਤਾਂ ਨੇ ਪਰਿਵਾਰਾਂ ਸਮੇਤ ਪਹੁੰਚ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗਰਾਊਂਡ ਵਿਚ ਚਾਹ, ਸਮੋਸੇ, ਪਕੌੜੇ, ਗੋਲ ਗੱਪੇ, ਪੀਜ਼ੇ, ਠੰਡੇ ਸ਼ਰਬਤ ਤੋਂ ਇਲਾਵਾ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਧੰਦਿਆਈ ਦੀ ਛਬੀਲ ਵੀ ਲਾਈ ਗਈ। ਨਗਰ ਕੀਰਤਨ ਵਿਚ ਖਾਸ ਤੌਰ 'ਤੇ ਪਹੁੰਚਣ ਵਾਲੇ ਬੀਬੀ ਸਤਵਿੰਦਰ ਕੌਰ ਵਾਈਸ ਮੇਅਰ ਕੈਂਟ ਸਿਟੀ ਕੌਂਸਲ ਅਤੇ ਰਿਪਬਲੀਕਨ ਐੱਮ.ਐੱਲ.ਏ. ਮੈਡਮ ਕੈਲੀ ਚੈਂਬਰਜ਼ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਕੈਂਟ ਸਿਟੀ ਤੋਂ ਹੀ ਖਾਸ ਤੌਰ 'ਤੇ ਪਹੁੰਚੇ ਪ੍ਰਸਿੱਧ ਗਾਇਕ ਸੁਰਜੀਤ ਸਿੰਘ ਬੈਂਸ ਤੇ ਹਰਦਿਆਲ ਸਿੰਘ ਚੀਮਾ ਦਾ ਲਿਖਿਆ ਧਾਰਮਿਕ ਗੀਤ 'ਸਦਾ ਝੁਲਦੇ ਰਹਿਣੇ ਕੇਸਰੀ ਝੰਡੇ ਦੁਨੀਆਂ 'ਤੇ' ਗਾ ਕੇ ਆਪਣੀ ਹਾਜ਼ਰੀ ਲਵਾਉਂਦਿਆਂ ਖੁਸ਼ੀ ਤੇ ਚੜ੍ਹਦੀ ਕਲਾ ਵਿਚ 'ਬੋਲੇ ਸੋ ਨਿਹਾਲ' ਦੇ ਜੈਕਾਰੇ ਵੀ ਲਾਏ। ਆਖਿਰ ਵਿਚ ਪਿਆਲਪ ਦਾ ਮਾਣ ਨੌਜਵਾਨ ਦਵਿੰਦਰ ਸਿੰਘ ਬੀਹਲਾ (ਸੋਸ਼ਲ ਵਰਕਰ) ਅਤੇ ਗੁਰਦੁਆਰਾ ਸਾਹਿਬ ਦੀ ਨੌਜਵਾਨ ਪ੍ਰਬੰਧਕ ਕਮੇਟੀ ਵੱਲੋਂ ਬੀਬੀ ਸਤਵਿੰਦਰ ਕੌਰ, ਮੈਡਮ ਕੈਲੀ ਚੈਂਬਰਜ਼ ਅਤੇ ਸੁਰਜੀਤ ਸਿੰਘ ਬੈਂਸ ਨੂੰ ਸਨਮਾਨਿਤ ਚਿੰਨ੍ਹ ਭੇਟ ਕੀਤੇ ਗਏ ਅਤੇ ਸਾਰੀਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ ਗਿਆ। ਸਮੂਹ ਸੰਗਤਾਂ ਵੱਲੋਂ ਨੌਜਵਾਨ ਪ੍ਰਬੰਧਕ ਕਮੇਟੀ ਦੇ ਵੱਡੇ ਉਦਮ, ਜੋ ਵਿਰਾਸਤੀ ਖਾਲਸਈ ਨਿਸ਼ਾਨ ਸਾਹਿਬ (ਜਿਸ ਵਿਚ ਉਪਰ ਕਿਰਪਾਨ, ਵਿਚਕਾਰ ਢਾਲ ਅਤੇ ਕਟਾਰ) ਲਹਿਰਾਇਆ ਗਿਆ, ਜੋ ਵਾਸ਼ਿੰਗਟਨ ਸਟੇਟ ਵਿਚ ਪਹਿਲਕਦਮੀ ਮੰਨਿਆ ਜਾ ਸਕਦਾ ਹੈ, ਉਸ ਦੀ ਸ਼ਲਾਘਾ ਵੀ ਕੀਤੀ ਗਈ।

## ਮੈਕਸੀਕੋ ਡਰੱਗ ਤਸਕਰੀ ਲਈ ਸਾਬਕਾ ਵਕੀਲ ਨੂੰ ਸੁਣਾਈ ਗਈ 7 ਸਾਲ ਦੀ ਜੇਲ੍ਹ

ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-ਨਿਆਂ ਵਿਭਾਗ ਨੇ ਮੈਕਸੀਕੋ ਦੇ ਇੱਕ ਸਾਬਕਾ ਅਟਾਰਨੀ ਨੂੰ ਮੇਥਾਮਫੇਟਾਮਾਈਨ ਸਮੇਤ ਨਿਯੰਤਰਿਤ ਪਦਾਰਥਾਂ ਨੂੰ ਵੰਡਣ ਦੀ ਸਾਜ਼ਿਸ਼ ਲਈ ਅਦਾਲਤ ਨੇ ਸੱਤ ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਗਈ ਹੈ। ਏਜੰਟਾਂ ਨੇ ਮਾਰਚ 2023 ਵਿਚ ਗੁਸਤਾਵੋ ਕਾਸਟੇਲਾਨੋਸ-ਟੈਪੀਆ ਨਾਮੀ ਸਾਬਕਾ ਵਕੀਲ ਅਤੇ 23 ਹੋਰ ਬਚਾਓ ਪੱਖਾਂ ਨੂੰ ਗ੍ਰਿਫਤਾਰ ਕਰਨ ਵੇਲੇ ਮੇਥਾਮਫੇਟਾਮਾਈਨ, ਕੋਕੀਨ, ਨਕਦੀ ਅਤੇ ਹਥਿਆਰ ਜ਼ਬਤ ਕੀਤੇ ਸਨ। ਗੁਸਤਾਵੋ ਕੈਸਟੇਲਾਨੋਸ-ਟਪੀਆ (38) ਨੂੰ ਟਾਕੋਮਾ, ਵਾਸ਼ਿੰਗਟਨ ਵਿਚ 90 ਮਹੀਨਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ। ਉਹ ਕਾਨੂੰਨੀ ਤੌਰ 'ਤੇ ਸੰਯੁਕਤ ਰਾਜ ਵਿਚ ਮੌਜੂਦ ਨਹੀਂ ਸੀ ਅਤੇ ਸੰਭਾਵਿਤ ਤੌਰ 'ਤੇ ਉਸਦੀ ਜੇਲ੍ਹ ਦੀ ਸਜ਼ਾ ਤੋਂ ਬਾਅਦ ਉਸ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਕਾਸਟੇਲਾਨੋਸ-ਟੈਪੀਆ ਦੀ ਪਛਾਣ ਪਿਛਲੇ ਸਾਲ ਕਾਨੂੰਨ ਲਾਗੂ ਕਰਨ ਵਾਲੇ ਇੱਕ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੀ ਸੰਸਥਾ ਨੂੰ ਮੈਥਾਮਫੇਟਾਮਾਈਨ ਦੇ ਇੱਕ ਵੱਡੇ ਸਪਲਾਇਰ ਵਜੋਂ ਕੀਤੀ ਗਈ ਸੀ, ਜੋ ਆਰੀਅਨ ਪਰਿਵਾਰ ਵਜੋਂ ਜਾਣੇ ਜਾਂਦੇ ਜੇਲ੍ਹ ਗਿਰੋਹ ਨਾਲ ਸਬੰਧ ਰੱਖਦਾ ਹੈ। ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ, ਕੈਸਟੇਲਾਨੋਸ-ਟਪੀਆ ਇੱਕ ਡਰੱਗ ਉਪਭੋਗਤਾ ਨਹੀਂ ਸੀ।



## ਨਿਊਯਾਰਕ ਦੇ ਟਾਈਮਜ਼ ਸਕੁਏਅਰ 'ਚ ਵਿਰਾਟ ਕੋਹਲੀ ਦੀ ਲਾਈਫਸਾਈਜ਼ ਮੂਰਤੀ ਦਾ ਉਦਘਾਟਨ



ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿੱਚ ਵਿਰਾਟ ਕੋਹਲੀ ਦੀ ਲਾਈਫਸਾਈਜ਼ ਮੂਰਤੀ ਦਾ ਉਦਘਾਟਨ ਕੀਤਾ ਗਿਆ। ਚੱਲ ਰਹੇ ਟੀ-20 ਵਿਸ਼ਵ ਕੱਪ 2024 'ਚ ਵਿਰਾਟ ਕੋਹਲੀ ਦੇ ਨਾਂ ਦੀ ਚਰਚਾ ਵੈਸਟਇੰਡੀਜ਼ ਦੇ ਨਾਲ-ਨਾਲ ਟੂਰਨਾਮੈਂਟ ਦੇ ਸਹਿ ਮੇਜ਼ਬਾਨ ਅਮਰੀਕਾ 'ਚ ਵੀ ਹੋ ਰਹੀ ਹੈ।

ਟੀਮ ਇੰਡੀਆ ਦੇ ਸਟਾਰ ਬੱਲੇਬਾਜ਼ ਵਿਰਾਟ ਕੋਹਲੀ ਮੌਜੂਦਾ ਟੀ-20 ਵਿਸ਼ਵ ਕੱਪ 2024 'ਚ ਭਾਰਤੀ ਟੀਮ ਦਾ ਹਿੱਸਾ ਹੈ।

ਕੋਹਲੀ ਦੁਨੀਆਂ ਦੇ ਸਭ ਤੋਂ ਮਸ਼ਹੂਰ ਐਥਲੀਟਾਂ ਵਿਚੋਂ ਇੱਕ ਹੈ ਅਤੇ ਪਿਛਲੇ ਡੇਢ ਦਹਾਕੇ ਤੋਂ ਕ੍ਰਿਕਟ ਜਗਤ 'ਤੇ ਦਬਦਬਾ ਬਣਾ ਰਿਹਾ ਹੈ। ਸਾਬਕਾ ਭਾਰਤੀ ਕਪਤਾਨ ਨੂੰ ਉਸ ਦੀ ਨਿਰੰਤਰਤਾ ਅਤੇ ਸਾਲਾਂ ਦੌਰਾਨ ਆਪਣੇ ਨਾਮ 'ਤੇ ਰਿਕਾਰਡਾਂ ਦੀ ਬਹੁਤਾਤ ਲਈ ਅਕਸਰ 'ਕਿੰਗ' ਵੀ ਕਿਹਾ ਜਾਂਦਾ ਹੈ। ਕਿਉਂਕਿ ਵਿਰਾਟ ਕੋਹਲੀ ਇੱਕ ਗਲੋਬਲ ਕ੍ਰਿਕੇਟ ਆਈਕਨ ਹੈ। ਸੰਯੁਕਤ ਰਾਜ ਅਮਰੀਕਾ ਵਿਚ ਵੱਕਾਰੀ ਟੂਰਨਾਮੈਂਟ ਲਈ ਉਤਸ਼ਾਹ ਨੂੰ ਵਧਾਉਣ ਲਈ ਕਈ ਪ੍ਰਚਾਰ ਮੁਹਿੰਮਾਂ ਵਿਚ ਉਸ ਦੇ ਨਾਮ ਦੀ ਵਰਤੋਂ ਕੀਤੀ ਗਈ ਸੀ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਵਿਚ, ਵਿਰਾਟ ਕੋਹਲੀ ਦੀ ਲਾਈਫਸਾਈਜ਼ ਮੂਰਤੀ ਨੂੰ ਅਮਰੀਕਾ ਦੀ ਵਿੱਤੀ ਰਾਜਧਾਨੀ ਵਿਚ ਵਿਅਸਤ ਆਈਕੋਨਿਕ ਟਾਈਮਜ਼ ਸਕੁਏਅਰ ਨਿਊਯਾਰਕ ਦੇ ਵਿਚਕਾਰ ਉਸਦੇ ਬੱਲੇ ਨਾਲ ਖੜ੍ਹਾ ਦੇਖਿਆ ਜਾ ਸਕਦਾ ਹੈ।

## ਅਮਰੀਕਾ ਨੇ ਰੂਸੀ ਡਿਪਲੋਮੈਟਾਂ ਤੋਂ ਟੈਕਸ ਛੋਟ ਦੇ ਵਿਸ਼ੇਸ਼ ਅਧਿਕਾਰ ਖੋਹੇ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ ਰੂਸੀ ਡਿਪਲੋਮੈਟਾਂ ਤੋਂ ਉਨ੍ਹਾਂ ਦੇ ਟੈਕਸ ਛੋਟ ਵਿਸ਼ੇਸ਼ ਅਧਿਕਾਰ ਖੋਹ ਲਏ ਹਨ। ਅਮਰੀਕਾ 'ਚ ਰੂਸ ਦੇ ਰਾਜਦੂਤ ਅਨਾਤੋਲੀ ਐਂਟੋਨੋਵ ਨੇ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੱਤੀ ਹੈ। ਇਹ ਟੈਕਸ ਛੋਟ ਵਿਸ਼ੇਸ਼ ਅਧਿਕਾਰ ਕਾਰਡ ਵਿਦੇਸ਼ੀ ਡਿਪਲੋਮੈਟਾਂ ਨੂੰ ਅਮਰੀਕਾ 'ਚ ਦੁਕਾਨਾਂ, ਰੈਸਟੋਰੈਂਟ ਅਤੇ ਹੋਰ ਇਸ ਤਰ੍ਹਾਂ ਦੇ ਕਾਰੋਬਾਰਾਂ 'ਚ ਕਿਸੇ ਵੀ ਵਸਤੂ ਨੂੰ ਖਰੀਦਣ ਤੋਂ ਬਾਅਦ ਉਸ ਦਾ ਭੁਗਤਾਨ ਕਰਦੇ ਸਮੇਂ ਉਨ੍ਹਾਂ ਨੂੰ ਵਿਕਰੀ ਟੈਕਸ ਭੁਗਤਾਨ ਨਹੀਂ ਕਰਨ ਦੀ ਮਨਜ਼ੂਰੀ ਦਿੰਦਾ ਹੈ। ਐਂਟੋਨੋਵ ਨੇ ਕਿਹਾ, "ਅਮਰੀਕਾ ਨੇ ਦੂਜੇ ਵਿਸ਼ੇਸ਼ ਯੁੱਧ ਦੀ ਬਰਸੀ ਸਮਾਰੋਹ ਤੋਂ ਬਾਅਦ ਕਿਹਾ, "ਇਹ ਕਾਰਡ ਕਿਸੇ ਵੀ ਦੇਸ਼ ਦੇ ਡਿਪਲੋਮੈਟ ਨੂੰ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦੇ ਹਨ, ਜਿਸ ਨਾਲ ਉਨ੍ਹਾਂ ਨੂੰ ਰਹਿਣ ਅਤੇ ਸਾਮਾਨ ਖਰੀਦਣ 'ਤੇ ਵਿਕਰੀ ਟੈਕਸ ਨਹੀਂ ਚੁਕਾਉਣ ਦੀ ਮਨਜ਼ੂਰੀ ਮਿਲਦੀ ਹੈ। ਸਾਡੇ 'ਚੋਂ ਕੋਈ ਵੀ ਅਜਿਹਾ ਨਹੀਂ ਕਰਨ ਜਾ ਰਿਹਾ ਹੈ।



# ਡਾ. ਓਬਰਾਏ ਦੇ ਯਤਨਾਂ ਸਦਕਾ 26 ਸਾਲਾ ਨੌਜਵਾਨ ਦਾ ਮ੍ਰਿਤਕ ਸਰੀਰ ਭਾਰਤ ਪਹੁੰਚਿਆ

- ਦੋ ਮਹੀਨੇ ਦੀ ਖੱਜਲਖੁਆਰੀ ਉਪਰੰਤ ਪੀੜਤ ਪਰਿਵਾਰ ਨੇ ਡਾ. ਓਬਰਾਏ ਨੂੰ ਕੀਤੀ ਸੀ ਅਪੀਲ
- ਡਾ. ਓਬਰਾਏ ਨੇ ਹੁਣ ਤੱਕ 365 ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਵਾਰਸਾਂ ਤੱਕ ਪਹੁੰਚਾਏ



ਹਵਾਈ ਅੱਡੇ ਤੇ ਗੁਰਦੀਪ ਸਿੰਘ ਦੀ ਮ੍ਰਿਤਕ ਦੇਹ ਪੀੜਤ ਪਰਿਵਾਰ ਨੂੰ ਸੌਂਪਣ ਮੌਕੇ ਸੁਖਜਿੰਦਰ ਸਿੰਘ ਹੇਰ, ਸੁਖਦੀਪ ਸਿੰਘ, ਸ਼ਿਸ਼ਪਾਲ ਸਿੰਘ ਲਾਡੀ, ਸੁਖਚੈਨ ਸਿੰਘ ਤੇ ਹੋਰ।

**ਅੰਮ੍ਰਿਤਸਰ, (ਪੰਜਾਬ ਮੇਲ)-** ਪੂਰੀ ਦੁਨੀਆਂ ਅੰਦਰ ਆਪਣੇ ਨਿਵੇਕਲੇ ਸੇਵਾ ਕਾਰਜਾਂ ਕਾਰਨ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਜਲੰਧਰ ਜ਼ਿਲ੍ਹੇ ਦੇ ਨਾਮਵਰ ਸ਼ਹਿਰ ਆਦਮਪੁਰ ਨੇੜਲੇ ਪਿੰਡ ਡਰੌਲੀ ਕਲਾਂ ਦੇ 26 ਸਾਲਾ ਗੁਰਦੀਪ ਸਿੰਘ ਪੁੱਤਰ ਨਿਰਮਲ ਸਿੰਘ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।



ਮ੍ਰਿਤਕ ਗੁਰਦੀਪ ਸਿੰਘ ਦੀ ਫਾਈਲ ਫੋਟੋ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਗੁਰਦੀਪ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਬਿਹਤਰ ਭਵਿੱਖ ਦੇ ਸੁਪਨੇ ਲੈ ਕੇ ਕਰੀਬ ਤਿੰਨ ਸਾਲ ਪਹਿਲਾਂ ਦੁਬਈ ਆਇਆ ਸੀ। ਬੀਤੀ 25 ਅਪ੍ਰੈਲ ਨੂੰ ਗ਼ੁਸਲਖ਼ਾਨੇ ਵਿਚ ਹੀ ਦਿਲ ਦਾ ਦੌਰਾ ਪੈਣ ਕਾਰਨ ਉਸਦੀ ਮੌਤ ਹੋ ਗਈ। ਡਾ. ਓਬਰਾਏ ਨੇ ਦੱਸਿਆ ਕਿ ਇਸ ਮੰਦਭਾਗੀ ਘਟਨਾ ਸਬੰਧੀ ਮ੍ਰਿਤਕ ਦੇ ਪਰਿਵਾਰ ਨੇ ਦੋ ਮਹੀਨੇ ਦੀ ਖੱਜਲਖੁਆਰੀ ਤੋਂ ਬਾਅਦ ਉਨ੍ਹਾਂ ਨਾਲ ਸੰਪਰਕ ਕਰਕੇ ਗੁਰਦੀਪ ਸਿੰਘ ਦੇ ਮ੍ਰਿਤਕ ਸਰੀਰ ਨੂੰ ਭਾਰਤ ਭੇਜਣ ਲਈ ਕਿਹਾ ਸੀ। ਜਿਸ ਉਪਰੰਤ ਉਨ੍ਹਾਂ ਆਪਣੇ ਨਿੱਜੀ ਸਕੱਤਰ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਦੁਬਈ ਸਥਿਤ ਭਾਰਤੀ ਦੂਤਾਵਾਸ ਦੇ ਸਹਿਯੋਗ ਨਾਲ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਗੁਰਦੀਪ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ। ਉਨ੍ਹਾਂ ਦੱਸਿਆ ਕਿ ਗੁਰਦੀਪ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਇਆ ਖਰਚ ਭਾਰਤੀ ਦੂਤਾਵਾਸ ਵੱਲੋਂ ਕੀਤਾ ਗਿਆ ਹੈ।

ਗੁਰਦੀਪ ਸਿੰਘ ਦਾ ਮ੍ਰਿਤਕ ਸਰੀਰ ਲੈਣ ਪਹੁੰਚੇ, ਉਸ ਦੇ ਰਿਸ਼ਤੇਦਾਰਾਂ ਰਾਜ ਕੁਮਾਰ, ਸਤੀਸ਼ ਕੁਮਾਰ, ਕਮਲ ਕੁਮਾਰ ਤੇ ਲਖਵਿੰਦਰ ਕੁਮਾਰ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਗੁਰਦੀਪ ਆਪਣੇ ਘਰ ਦੀ ਗੁਰਬਤ ਨੂੰ ਦੂਰ ਕਰਨ ਲਈ ਕਰੀਬ ਤਿੰਨ ਸਾਲ ਪਹਿਲਾਂ ਰੁਜ਼ਗਾਰ ਲਈ ਦੁਬਈ ਗਿਆ ਸੀ ਕਿ ਅਚਾਨਕ ਬੀਤੀ 25 ਅਪ੍ਰੈਲ ਨੂੰ ਉਸ ਦੀ ਮੌਤ ਹੋ ਗਈ ਸੀ ਪਰ ਮ੍ਰਿਤਕ ਦੀ ਲਾਸ਼ ਵਾਪਸ ਭਾਰਤ ਮੰਗਵਾਉਣ ਵਾਸਤੇ ਪਰਿਵਾਰ ਦੋ ਮਹੀਨੇ ਤੱਕ ਖੱਜਲ-ਖੁਆਰ ਹੁੰਦਾ ਰਿਹਾ। ਇਸ ਉਪਰੰਤ ਪਰਿਵਾਰ ਨੇ ਡਾ. ਐੱਸ.ਪੀ. ਸਿੰਘ ਓਬਰਾਏ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਭਾਰਤੀ ਦੂਤਾਵਾਸ ਦੇ ਸਹਿਯੋਗ ਨਾਲ ਇਹ ਸੰਭਵ ਬਣਾਇਆ। ਗੁਰਦੀਪ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਵੱਡੇ ਉਪਰਾਲੇ ਲਈ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਦੀ ਬਦੌਲਤ ਹੀ ਪਰਿਵਾਰ ਨੂੰ ਗੁਰਦੀਪ ਦੇ ਅੰਤਿਮ ਦਰਸ਼ਨ ਨਸੀਬ ਹੋ ਸਕੇ ਹਨ।

ਪੀੜਤ ਪਰਿਵਾਰ ਨਾਲ ਹਵਾਈ ਅੱਡੇ 'ਤੇ ਦੁੱਖ ਸਾਂਝਾ ਕਰਨ ਪਹੁੰਚੀ ਟਰੱਸਟ ਦੀ ਟੀਮ ਵੱਲੋਂ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮਾਝਾ ਜ਼ੋਨ ਦੇ ਸਲਾਹਕਾਰ ਸੁਖਦੀਪ ਸਿੱਧੂ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਚਮਿਆਰੀ ਤੇ ਸੁਖਚੈਨ ਸਿੰਘ ਨੇ ਦੱਸਿਆ ਕਿ ਡਾ. ਓਬਰਾਏ ਦੇ ਯਤਨਾਂ

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 212 ਲੋੜਵੰਦ ਪਰਿਵਾਰਾਂ ਨੂੰ ਦਿੱਤੀ ਮਹੀਨਾਵਾਰ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਮਹੰਤ ਕਸ਼ਮੀਰ ਸਿੰਘ ਦੀ ਅਗਵਾਈ 'ਚ 212 ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਸਹਾਇਤਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਮਹੀਨਾਵਾਰ ਸਹਾਇਤਾ ਰਾਸ਼ੀ ਬੇਸਹਾਰਾ ਵਿਧਵਾਵਾਂ, ਬੇਸਹਾਰਾ ਬੱਚਿਆਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ, ਗਰੀਬੀ ਦੀ ਰੇਖਾ ਤੋਂ ਵੀ ਹੇਠਾਂ ਰਹਿ ਰਹੇ ਲੋਕਾਂ ਨੂੰ ਹਰ ਮਹੀਨੇ ਦਿੱਤੀ ਜਾਂਦੀ ਹੈ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਲੜੀ ਪਿਛਲੇ 9 ਸਾਲ ਤੋਂ ਲਗਾਤਾਰ ਨਿਰਵਿਘਨ ਜਾਰੀ ਹੈ ਅਤੇ ਇਹ ਰਾਸ਼ੀ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ ਕਿਉਂਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਦੁਨੀਆਂ ਵਿਚ ਕੋਈ ਵੀ ਰਸੀਦਬੁੱਕ ਨਹੀਂ ਹੈ, ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਸ ਤੋਂ ਇਲਾਵਾ ਦੁਨੀਆਂ ਭਰ 'ਚ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਭਲਾਈ ਦੇ ਕਾਰਜ ਜਾਰੀ ਹਨ। ਸਮੇਂ-ਸਮੇਂ 'ਤੇ ਲੋੜ ਮੁਤਾਬਿਕ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੋਂ ਕਾਰਜ ਜਾਰੀ ਹਨ। ਇਸ ਮੌਕੇ ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਜਸਪਾਲ ਸਿੰਘ ਰਿਟਾਇਰਡ ਲੈਕਚਰਾਰ, ਸੋਮਨਾਥ, ਗੁਰਪਾਲ ਸਿੰਘ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਸੁਖਬੀਰ ਸਿੰਘ ਜੈਲਦਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਚਰਨਜੀਤ ਸਿੰਘ, ਅਸ਼ੋਕ ਕੁਮਾਰ, ਮਾਸਟਰ ਰਜਿੰਦਰ ਸਿੰਘ, ਗੁਰਜੀਤ ਸਿੰਘ ਜੀਤਾ ਇੰਚਾਰਜ ਮਹੀਨਾਵਾਰ ਪੈਨਸ਼ਨ ਵੰਡ ਸਮਾਰੋਹ ਆਦਿ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# 120 ਮੋਟਲਾਂ ਦੇ ਮਾਲਕ ਭਾਰਤੀ-ਅਮਰੀਕੀ ਨੂੰ ਧੱਕਾ ਮਾਰ ਕੇ ਮੌਤ ਦੇ ਘਾਟ ਉਤਾਰਿਆ



ਹਿੰਮਤ ਭਾਈ ਮਿਸਤਰੀ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਓਕਲਾਹੋਮਾ ਸੂਬੇ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜਿੱਥੇ ਗੁਜਰਾਤ ਸੂਬੇ ਦੇ ਨਵਸਾਰੀ ਜ਼ਿਲ੍ਹੇ ਦੇ ਪਿੰਡ ਬਿਲੀਮੋਰਾ ਦੇ ਰਹਿਣ ਵਾਲੇ ਅਤੇ ਕਈ ਸਾਲਾਂ ਤੋਂ ਅਮਰੀਕਾ 'ਚ ਵਸੇ ਇਕ ਮੋਟਲ ਦੇ ਮਾਲਕ ਹਿੰਮਤ ਭਾਈ ਮਿਸਤਰੀ ਨੂੰ ਇਕ ਅਮਰੀਕੀ ਨੌਜਵਾਨ ਨੇ ਉਸ ਸਮੇਂ ਧੱਕਾ ਮਾਰ ਦਿੱਤਾ, ਜਦੋਂ ਉਸ ਨੇ ਉਸ ਨੂੰ ਆਪਣੇ ਮੋਟਲ ਦੇ ਸਾਹਮਣੇ ਰੱਖਿਆ ਸਾਮਾਨ ਲਿਜਾਣ ਲਈ ਕਿਹਾ। ਇਸ ਕਾਰਨ ਮੋਟਲ ਦੇ ਮਾਲਕ ਹਿੰਮਤ ਭਾਈ ਮਿਸਤਰੀ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਸ ਦੀ ਦਰਦਨਾਕ ਮੌਤ ਹੋ ਗਈ, ਜਿਸ ਕਾਰਨ ਉਸਦੇ ਪਰਿਵਾਰ ਵਿਚ ਸੋਗ ਦੀ ਲਹਿਰ ਫੈਲ ਗਈ। 59 ਸਾਲਾ ਹਿੰਮਤ ਭਾਈ ਮਿਸਤਰੀ ਦੋ ਦਹਾਕੇ ਪਹਿਲਾਂ ਭਾਰਤ ਛੱਡ ਕੇ ਆਪਣੇ ਪਰਿਵਾਰ ਨਾਲ ਅਮਰੀਕਾ ਆ ਕੇ ਵੱਸ ਗਏ ਸਨ। ਉਹ ਅਮਰੀਕਾ ਦੇ ਓਕਲਾਹੋਮਾ ਸ਼ਹਿਰ ਵਿਚ ਮੋਟਲ ਦਾ ਕਾਰੋਬਾਰ ਚਲਾ ਰਿਹਾ ਸੀ। ਉਹ 120 ਤੋਂ ਵੱਧ ਮੋਟਲਾਂ ਦਾ ਮਾਲਕ ਸੀ। ਹੇਮੰਤ ਭਾਈ ਮਿਸਤਰੀ ਬੀਤੀ ਰਾਤ ਕਰੀਬ 10:30 ਵਜੇ ਆਪਣੇ ਮੋਟਲ ਦੇ ਬਾਹਰ ਸੈਰ ਕਰਨ ਗਿਆ ਸੀ। ਫਿਰ ਉਸ ਨੇ ਦੇਖਿਆ ਕਿ ਇਕ ਅਣਪਛਾਤਾ ਅਮਰੀਕੀ ਨੌਜਵਾਨ ਮੋਟਲ ਦੇ ਸਾਹਮਣੇ ਆਪਣਾ ਸਾਮਾਨ ਛੱਡ ਕੇ ਆਇਆ ਸੀ। ਇਸ ਲਈ ਹੇਮੰਤ ਭਾਈ ਉਸ ਦੇ ਕੋਲ ਗਿਆ ਅਤੇ ਉਸ ਨੂੰ ਕਿਹਾ ਕਿ ਆਪਣਾ ਸਮਾਨ ਇੱਥੋਂ ਹਟਾ ਦਿਉ। ਇਹ ਸੁਣ ਕੇ ਨੌਜਵਾਨ ਗੁੱਸੇ ਵਿਚ ਆ ਗਿਆ ਅਤੇ ਹੇਮੰਤ ਭਾਈ 'ਤੇ ਹਮਲਾ ਕਰਕੇ ਉਸ ਨੂੰ ਮੁੱਕਾ ਮਾਰ ਦਿੱਤਾ, ਜਿਸ ਕਾਰਨ ਹੇਮੰਤ ਭਾਈ ਸੜਕ 'ਤੇ ਡਿੱਗ ਗਿਆ ਅਤੇ ਉਸ ਦੇ ਸਿਰ 'ਤੇ ਗੰਭੀਰ ਸੱਟ ਲੱਗ ਗਈ ਅਤੇ ਦਿਮਾਗੀ ਹੈਮਰੇਜ ਹੋ ਗਿਆ। ਇਸ ਤੋਂ ਬਾਅਦ ਹਮਲਾਵਰ ਨੌਜਵਾਨ ਉੱਥੋਂ ਫਰਾਰ ਹੋ ਗਿਆ। ਕਾਫੀ ਦੇਰ ਬਾਅਦ ਹੇਮੰਤ ਭਾਈ ਘਰ ਨਾ ਆਇਆ, ਤਾਂ ਉਸ ਦੇ ਪਰਿਵਾਰ ਵਾਲੇ ਉਸ ਦੀ ਭਾਲ ਕਰਨ ਮੋਟਲ ਗਏ, ਤਾਂ ਉਹ ਸੜਕ 'ਤੇ ਬੇਹੋਸ਼ੀ ਦੀ ਹਾਲਤ 'ਚ ਮਿਲਿਆ। ਜਿੱਥੋਂ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਜਦੋਂ ਡਾਕਟਰਾਂ ਨੇ ਚੈਕਅੱਪ ਤੋਂ ਬਾਅਦ ਉਸ ਨੂੰ ਬ੍ਰੇਨ ਡੈੱਡ ਐਲਾਨ ਦਿੱਤਾ, ਤਾਂ ਪਰਿਵਾਰ 'ਚ ਮਾਤਮ ਛਾ ਗਿਆ। ਇਸ ਮਾਮਲੇ ਵਿਚ ਪੁਲਿਸ ਨੇ ਘਟਨਾ ਦੇ ਸੀ.ਸੀ.ਟੀ.ਵੀ. ਦੀ ਜਾਂਚ ਕਰਨ ਤੋਂ ਬਾਅਦ ਮੁਲਜ਼ਮ ਦੀ ਪਛਾਣ ਕਰ ਲਈ ਹੈ। ਦੋਵਾਂ ਵਿਚਾਲੇ ਝਗੜਾ ਹੋਣ ਦੀ ਸੂਚਨਾ ਵੀ ਸਾਹਮਣੇ ਆਈ, ਜਿਸ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਹਮਲਾ ਅਮਰੀਕੀ ਨੌਜਵਾਨ ਨੇ ਕੀਤਾ। ਹਮਲਾਵਰ ਦੀ ਪਛਾਣ ਰਿਚਰਡ ਲੁਈਸ ਵਜੋਂ ਹੋਈ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪਰਿਵਾਰ ਨੇ ਦੱਸਿਆ ਕਿ ਹੇਮੰਤ ਭਾਈ ਦੀ ਇੱਛਾ ਅਨੁਸਾਰ ਉਨ੍ਹਾਂ ਦੇ ਅੰਗ ਦਾਨ ਕੀਤੇ ਜਾਣਗੇ।

# ਅਦਾਲਤ ਨੇ ਨੈਨਸੀ ਪੇਲੋਸੀ ਦੇ ਪਤੀ 'ਤੇ ਹਥੌੜੇ ਨਾਲ ਵਾਰ ਕਰਨ ਵਾਲੇ ਨੂੰ ਮੰਨਿਆ ਦੋਸ਼ੀ

**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਅਮਰੀਕਾ ਦੀ ਇਕ ਅਦਾਲਤ ਨੇ ਪ੍ਰਤੀਨਿਧੀ ਸਭਾ ਦੀ ਸਾਬਕਾ ਪ੍ਰਧਾਨ ਨੈਨਸੀ ਪੇਲੋਸੀ ਦੇ ਪਤੀ 'ਤੇ ਹਥੌੜੇ ਨਾਲ ਹਮਲਾ ਕਰਨ ਦੇ ਦੋਸ਼ੀ ਡੇਵਿਡ ਡੇਪੇਪ ਨੂੰ ਸ਼ੁੱਕਰਵਾਰ ਨੂੰ ਅਗਵਾ ਦੇ ਇਕ ਮਾਮਲੇ 'ਚ ਵੀ ਦੋਸ਼ੀ ਕਰਾਰ ਦਿੱਤਾ। ਅਗਵਾ ਦੇ ਮਾਮਲੇ 'ਚ ਅਦਾਲਤ ਦੋਸ਼ੀ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਸਕਦੀ ਹੈ। ਸਾਨ ਫਰਾਂਸਿਸਕੋ ਦੀ ਇਕ ਜੂਰੀ ਨੇ ਡੇਪੇਪ ਨੂੰ ਚੋਰੀ, ਇਕ ਬਜ਼ੁਰਗ ਨੂੰ ਬੰਧਕ ਬਣਾਉਣ, ਸਰਕਾਰੀ ਅਧਿਕਾਰੀ ਦੇ ਪਰਿਵਾਰਕ ਮੈਂਬਰ ਨੂੰ ਧਮਕਾਉਣ ਅਤੇ ਗਵਾਹ ਨੂੰ ਗੁੰਮਰਾਹ ਕਰਨ ਦਾ ਵੀ ਦੋਸ਼ੀ ਪਾਇਆ। ਸਾਲ 2022 'ਚ ਨੈਨਸੀ ਪੇਲੋਸੀ ਦੇ ਪਤੀ ਪਾਲ ਪੇਲੋਸੀ 'ਤੇ ਹਮਲਾ ਕਰਨ ਦੇ ਮਾਮਲੇ 'ਚ ਇਕ ਜੱਜ ਵਲੋਂ ਡੇਪੇਪ ਨੂੰ ਪਿਛਲੇ ਮਹੀਨੇ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਸ ਨੂੰ ਹੋਰ ਦੋਸ਼ਾਂ ਲਈ ਦੋਸ਼ੀ ਕਰਾਰ ਦਿੱਤਾ ਹੈ ਅਤੇ ਇਸ ਲਈ ਪੈਰੋਲ ਦੀ ਛੋਟ ਦੇ ਬਿਨਾਂ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਪਾਲ ਪੇਲੋਸੀ 'ਤੇ ਹਮਲਾ ਕਰਨ ਦੇ ਮਾਮਲੇ 'ਚ ਅਦਾਲਤ ਨੇ ਡੇਪੇਪ ਨੂੰ 30 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਸੀ। ਡੇਪੇਪੇ ਦੇ ਸਰਕਾਰੀ ਵਕੀਲ ਏਡਮ ਲਿਪਸਨ ਨੇ ਕਿਹਾ ਕਿ ਉਹ ਇਸ ਫ਼ੈਸਲੇ ਖ਼ਿਲਾਫ਼ ਅਪੀਲ ਕਰਨ ਦੀ ਤਿਆਰੀ ਕਰ ਰਹੇ ਹਨ।

# ਜਾਅਲੀ ਪਾਵਰ ਆਫ ਅਟਾਰਨੀ ਤਿਆਰ ਕਰਕੇ ਵੇਚੀ ਐੱਨ.ਆਰ.ਆਈ. ਦੀ ਜ਼ਮੀਨ

**ਜਲੰਧਰ, (ਪੰਜਾਬ ਮੇਲ)-** ਧੋਖਾਧੜੀ ਦਾ ਇਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਵਿਦੇਸ਼ ਵਿਚ ਰਹਿ ਰਹੇ ਐੱਨ.ਆਰ.ਆਈ. ਦੀ ਜ਼ਮੀਨ ਨੂੰ ਜਾਅਲੀ ਪਾਵਰ ਆਫ ਅਟਾਰਨੀ ਤਿਆਰ ਕਰਕੇ ਵੇਚ ਦਿੱਤਾ ਗਿਆ। ਅਜਿਹਾ ਕਰਨ ਵਾਲੇ ਵਾਲੇ ਮੁਲਜ਼ਮਾਂ ਖ਼ਿਲਾਫ਼ ਥਾਣਾ ਨਵੀਂ ਬਾਰਾਦਰੀ ਦੀ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ, ਪਰ ਫਿਲਹਾਲ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਹੀਂ ਹੋ ਸਕੀ।

ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਐੱਨ.ਆਰ.ਆਈ. ਕ੍ਰਿਪਾਲ ਸਿੰਘ ਨੇ ਦੱਸਿਆ ਕਿ ਕਾਫੀ ਸਮੇਂ ਤੋਂ ਉਹ ਇੰਗਲੈਂਡ ਵਿਚ ਰਹਿ ਰਿਹਾ ਹੈ। ਕੁਝ ਸਮਾਂ ਪਹਿਲਾਂ ਜਦੋਂ ਉਹ ਭਾਰਤ ਮੁੜਿਆ ਤਾਂ ਉਸਨੂੰ ਪਤਾ ਲੱਗਾ ਹੈ ਕਿ ਜਲੰਧਰ ਵਿਚ ਸਥਿਤ ਉਸ ਦੀ 4 ਕਨਾਲ 15 ਮਰਲੇ ਜ਼ਮੀਨ ਕਿਸੇ ਨੇ ਜਾਅਲੀ ਪਾਵਰ ਆਫ ਅਟਾਰਨੀ ਤਿਆਰ ਕਰ ਕੇ ਅੱਗੇ ਵੇਚ ਦਿੱਤੀ ਹੈ।

ਕ੍ਰਿਪਾਲ ਸਿੰਘ ਨੇ ਆਪਣੇ ਪੱਧਰ 'ਤੇ ਪਤਾ ਕਰਵਾਇਆ ਤਾਂ ਇਹ ਗੱਲ ਸਾਹਮਣੇ ਆਈ ਕਿ ਬਿਕਰਮਪੁਰਾ ਦੇ ਮਨਜੀਤ ਸਿੰਘ ਅਤੇ ਕਪੂਰਥਲਾ ਦੇ ਅਵਤਾਰ ਸਿੰਘ ਨੇ ਇਹ ਫਰਜ਼ੀਵਾੜਾ ਕਰ ਕੇ ਕਰੋੜਾਂ ਰੁਪਏ ਲੈ ਲਏ ਹਨ। ਇਸ ਸਬੰਧੀ ਪੁਲਿਸ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ ਗਈ, ਜਿਸ ਦੀ ਜਾਂਚ ਤੋਂ ਬਾਅਦ ਥਾਣਾ ਨਵੀਂ ਬਾਰਾਦਰੀ ਦੀ ਪੁਲਿਸ ਨੇ ਮਨਜੀਤ ਸਿੰਘ ਅਤੇ ਅਵਤਾਰ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ।

# ਭਾਰਤੀ ਵਿਦਿਆਰਥੀਆਂ ਦਾ ਅਮਰੀਕਾ 'ਚ ਪੜ੍ਹਾਈ ਲਈ ਸਵਾਗਤ; ਪਰ ਨਹੀਂ ਚਾਹੀਦੇ ਚੀਨੀ ਵਿਦਿਆਰਥੀ

**ਵਿਗਿਆਨ ਦੇ ਖੇਤਰ 'ਚ ਵਿਦਿਆਰਥੀਆਂ ਦੀ ਘਾਟ ਨੂੰ ਪੂਰਾ ਕਰਨ ਦਾ ਵੱਡਾ ਸਰੋਤ ਭਾਰਤੀ**




**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਕਰਟ ਕੈਂਪਬੈਲ ਨੇ ਸਨਸਨੀਖੇਜ਼ ਬਿਆਨ ਦਿੰਦੇ ਹੋਏ ਕਿਹਾ ਹੈ ਕਿ ਭਾਰਤੀ ਵਿਦਿਆਰਥੀਆਂ ਦਾ ਅਮਰੀਕਾ 'ਚ ਵਿਗਿਆਨ ਦੀ ਪੜ੍ਹਾਈ ਲਈ ਸਵਾਗਤ ਹੈ। ਪਰ ਅਸੀ ਚੀਨੀ ਵਿਦਿਆਰਥੀ ਨਹੀਂ ਚਾਹੁੰਦੇ ਹਾਂ, ਅਮਰੀਕੀ ਯੂਨੀਵਰਸਿਟੀਆਂ ਸੁਰੱਖਿਆ ਚਿੰਤਾਵਾਂ ਕਾਰਨ ਅਧਿਐਨ ਲਈ ਚੀਨੀ ਨੂੰ ਸੰਵੇਦਨਸ਼ੀਲ ਤਕਨੀਕਾਂ ਤੱਕ ਸੀਮਤ ਕਰ ਰਹੀਆਂ ਹਨ। ਜਦੋਂ ਅਮਰੀਕਾ ਦੇ ਨੌਜਵਾਨਾਂ ਦੀ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਦੇ ਵਿਸ਼ਿਆਂ ਵਿਚ ਘੱਟ ਦਿਲਚਸਪੀ ਹੈ, ਤਾਂ ਅਸੀਂ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਜ਼ੋਰ ਦੇ ਰਹੇ ਹਾਂ ਪਰ ਉਨ੍ਹਾਂ ਵਿਦਿਆਰਥੀਆਂ ਨੂੰ ਭਾਰਤ ਤੋਂ ਆਉਣਾ ਚਾਹੀਦਾ ਹੈ, ਨਾ ਕਿ ਚੀਨ ਤੋਂ। ਉਨ੍ਹਾਂ ਕਿਹਾ, ਕਈ ਸਾਲਾਂ ਤੋਂ ਚੀਨੀ ਸੰਯੁਕਤ ਰਾਜ ਅਮਰੀਕਾ ਵਿਚ ਪੜ੍ਹ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਭ ਤੋਂ ਵੱਡੀ ਗਿਣਤੀ ਹੈ। ਸਾਲ 2022-23 ਵਿਚ, 2.90 ਲੱਖ ਚੀਨੀ ਵਿਦਿਆਰਥੀ ਅਮਰੀਕਾ ਵਿਚ ਪੜ੍ਹ ਰਹੇ ਸਨ, ਕਿਉਂਕਿ ਅਮਰੀਕਾ ਅਤੇ ਚੀਨ ਦੇ ਵਿਚਕਾਰ ਕੂਟਨੀਤਿਕ ਅਤੇ ਆਰਥਿਕ ਸਬੰਧ ਵਿਗੜਦੇ ਜਾ ਰਹੇ ਹਨ, ਦੋਵਾਂ ਦੇਸ਼ਾਂ ਵਿਚਕਾਰ ਵਿਗਿਆਨ ਦੇ ਖੇਤਰ ਵਿਚ ਸਮਰਥਨ ਘੱਟ ਰਿਹਾ ਹੈ। ਇੰਨੇ ਸਾਲਾਂ ਬਾਅਦ ਚੀਨੀ ਵਿਦਿਆਰਥੀਆਂ ਨੂੰ ਹੁਣ ਸ਼ੱਕ ਦੀ ਨਜ਼ਰ ਨਾਲ ਇੱਥੇ ਦੇਖਿਆ ਜਾਂਦਾ ਹੈ। ਕੈਂਪਬੈਲ ਨੇ ਇਹ ਵੀ ਸਪੱਸ਼ਟ ਕੀਤਾ ਕਿ ਭਾਵੇਂ ਚੀਨੀ ਵਿਦਿਆਰਥੀ ਸਮਾਜਿਕ ਵਿਗਿਆਨ ਅਤੇ ਮਨੋਵਿਗਿਆਨ ਵਰਗੇ ਵਿਸ਼ਿਆਂ ਦਾ ਅਧਿਐਨ ਕਰਨ ਲਈ ਆ ਸਕਦੇ ਹਨ, ਪਰ ਉਨ੍ਹਾਂ ਨੂੰ ਵਿਗਿਆਨ ਤੋਂ ਦੂਰ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਚੀਨ ਦੀ ਪਹਿਲ ਡੋਨਾਲਡ ਟਰੰਪ ਦੇ ਸਮੇਂ ਸ਼ੁਰੂ ਹੋਈ ਸੀ। ਜਿਸ ਦਾ ਮੂਲ ਉਦੇਸ਼ ਚੀਨੀ ਜਾਸੂਸੀ ਤੋਂ ਬੌਧਿਕ ਸੰਪੱਤੀ ਦੀ ਰੱਖਿਆ ਕਰਨਾ ਸੀ। ਹਾਲਾਂਕਿ, ਬਾਇਡਨ ਪ੍ਰਸ਼ਾਸਨ ਵਿਚ ਇਹ ਪਹਿਲਕਦਮੀ ਮਾਰ ਦਿੱਤੀ ਗਈ ਸੀ। ਉਦੋਂ ਹੀ ਅਮਰੀਕਾ ਵਿਚ ਏਸ਼ੀਆਈ ਮੂਲ ਦੇ ਲੋਕਾਂ ਦੇ ਖਿਲਾਫ ਨਸਲਵਾਦ ਨੂੰ ਉਤਸ਼ਾਹਿਤ ਕੀਤਾ ਗਿਆ ਸੀ। ਇਸ ਸਵਾਲ ਦੇ ਜਵਾਬ ਵਿਚ ਕੈਂਪਬੈਲ ਨੇ ਕਿਹਾ ਕਿ ਚੀਨੀ ਵਿਦਿਆਰਥੀ ਚਾਹੁੰਦੇ ਹਨ ਕਿ ਉੱਚ ਸਿੱਖਿਆ ਜਾਰੀ ਰਹੇ ਪਰ ਇਰਾਦਾ ਇਸ ਨੂੰ ਕੁਝ ਖਾਸ ਕਿਸਮ ਦੀ ਪੜ੍ਹਾਈ ਤੱਕ ਸੀਮਤ ਕਰਨ ਦਾ ਹੈ।




# ਦਲ ਬਦਲੀ ਦਾ ਦੌਰ ਜਾਰੀ; ਕਾਂਗਰਸ ਤੇ ਭਾਜਪਾ ਦੇ ਕਈ ਆਗੂ 'ਆਪ' 'ਚ ਸ਼ਾਮਲ

**ਜਲੰਧਰ, (ਪੰਜਾਬ ਮੇਲ)-** ਬੀਤੀਆਂ ਲੋਕ ਸਭਾ ਚੋਣਾਂ 'ਚ ਦਲ ਬਦਲੀ ਦਾ ਕਾਫੀ ਜ਼ੋਰ ਰਿਹਾ ਅਤੇ ਦਲ ਬਦਲ ਕੇ ਚੋਣ ਲੜਨ ਵਾਲੇ ਆਗੂਆਂ ਨੂੰ ਪੰਜਾਬ ਦੀ ਜਨਤਾ ਨੇ ਸਿਰੇ ਤੋਂ ਨਕਾਰ ਦਿੱਤਾ ਸੀ। ਹੁਣ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਹੋਣ ਜਾ ਰਹੀ ਹੈ ਅਤੇ ਦਲ ਬਦਲੀ ਦਾ ਦੌਰ ਅਜੇ ਵੀ ਜਾਰੀ ਹੈ।

ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਤੋਂ ਪਹਿਲਾਂ ਕਾਂਗਰਸ ਅਤੇ ਭਾਜਪਾ ਦੋਵਾਂ ਪਾਰਟੀਆਂ ਦੇ ਕਈ ਆਗੂ, ਕੌਂਸਲਰ ਅਤੇ ਸਾਬਕਾ ਕੌਂਸਲਰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਨ੍ਹਾਂ ਆਗੂਆਂ ਨੂੰ 'ਆਪ' ਵਿਚ ਸ਼ਾਮਲ ਕੀਤਾ।



ਸਾਬਕਾ ਕਾਂਗਰਸੀ ਕੌਂਸਲਰ ਰਾਜੀਵ ਓਂਕਾਰ ਟਿੱਕਾ ਅਤੇ ਭਾਜਪਾ ਆਗੂ 'ਆਪ' ਵਿਚ ਸ਼ਾਮਲ ਹੋਣ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨਾਲ।

ਜਲੰਧਰ ਨਗਰ ਨਿਗਮ ਦੇ ਸਾਬਕਾ ਕੌਂਸਲਰ ਰਾਜੀਵ ਓਂਕਾਰ ਟਿੱਕਾ, ਦਰਸ਼ਨ ਭਗਤ ਸਣੇ ਕਾਂਗਰਸ ਅਤੇ ਭਾਜਪਾ ਦੇ ਕਈ ਸਥਾਨਕ ਆਗੂ 'ਆਪ' ਵਿਚ ਸ਼ਾਮਲ ਹੋ ਗਏ। ਮੁਕੇਸ਼ ਸਿਆਲ (ਪ੍ਰਧਾਨ ਸ਼ਿਵ ਸੈਨਾ ਬਾਲ ਠਾਕਰੇ, ਜਲੰਧਰ ਸ਼ਹਿਰ), ਗੁਰਬਚਨ ਜੱਲਾ (ਸਕੱਤਰ ਕਾਂਗਰਸ ਪਾਰਟੀ, ਜਲੰਧਰ), ਸਚਿਨ ਲਵਲੀ (ਸਕੱਤਰ ਕਾਂਗਰਸ ਪਾਰਟੀ, ਜਲੰਧਰ), ਗਗਨ ਪੰਨਵਾ (ਪ੍ਰਧਾਨ ਬਰਾੜ ਸਭਾ ਜਲੰਧਰ), ਵਿਸ਼ਾਲ ਸ਼ਾਲੂ (ਕਾਂਗਰਸ), ਅਮਨ ਲਾਂਬਾ, ਸੰਗ ਬਰਾੜ, ਸੁਖਦੇਵ ਸਿੰਘ ਲਾਹੌਰੀਆ, ਟੋਨੀ ਸ਼ਰਮਾ, ਪ੍ਰੀਤਮ ਲਾਲ ਮੰਡ, ਸੁਨੀਲ ਕੁਮਾਰ ਸੋਨੂੰ, ਵਿਜੇ ਕੁਮਾਰ ਪੱਪੂ, ਸੁਖਦੇਵ ਕੁਮਾਰ ਗੁੱਗੀ, ਮੱਖਣ ਸਿੰਘ, ਗੁਰਪ੍ਰੀਤ ਸਿੰਘ ਚੌਹਾਨ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਕਾਂਗਰਸ ਪਾਰਟੀ ਤੋਂ ਧਰਮਪਾਲ ਭਾਸ਼, ਰਾਜੀਵ ਭਾਸ਼, ਬੋਡ ਰਾਓ ਭਾਸ਼, ਮੋਹਿੰਦਰ ਭਾਸ਼, ਰਾਜੇਸ਼ ਭਾਸ਼, ਬਚਨ ਭਾਸ਼, ਯਸ਼ ਭਾਸ਼, ਰਾਜਕੁਮਾਰ ਭਾਸ਼, ਰਮੇਸ਼ ਭਾਸ਼, ਨਿਤਿਨ ਭਾਸ਼ ਅਤੇ ਕਾਨੂੰ ਬਹਿਲ ਸ਼ਾਮਲ ਹੋਏ। ਜਦੋਂਕਿ ਭਾਜਪਾ ਤੋਂ ਅਮਨਦੀਪ ਸਿੰਘ ਲਾਂਬਾ, ਸੌਰਵ ਅਰੋੜਾ ਅਤੇ ਲਲਿਤ ਕੁਮਾਰ 'ਆਪ' ਵਿਚ ਸ਼ਾਮਲ ਹੋ ਗਏ। ਪਾਰਟੀ ਵਿਚ ਸ਼ਾਮਲ ਹੋਏ ਸਾਰੇ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਭ ਇਸ ਚੋਣ ਵਿਚ ਪਾਰਟੀ ਉਮੀਦਵਾਰ ਮਹਿੰਦਰ ਭਗਤ ਨੂੰ ਜਿਤਾਉਣ ਲਈ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਕੰਮ ਕਰਨਗੇ।

# ਮਨੀਸ਼ ਤਿਵਾੜੀ ਨੇ ਪੰਜਾਬੀ 'ਚ ਚੁੱਕੀ ਸੰਸਦ ਮੈਂਬਰ ਵਜੋਂ ਸਹੁੰ

**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਲੋਕ ਸਭਾ ਹਲਕੇ ਤੋਂ ਜਿੱਤ ਹਾਸਲ ਕਰਨ ਵਾਲੇ ਕਾਂਗਰਸ ਦੇ ਮਨੀਸ਼ ਤਿਵਾੜੀ ਨੇ ਸੋਮਵਾਰ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ। ਉਨ੍ਹਾਂ ਨੇ ਪੰਜਾਬੀ 'ਚ ਸਹੁੰ ਚੁੱਕ ਕੇ ਸਮੂਹ ਪੰਜਾਬੀਆਂ ਤੇ ਪੰਜਾਬੀ ਪ੍ਰੇਮੀਆਂ ਦਾ ਦਿਲ ਜਿੱਤ ਲਿਆ ਹੈ। ਉਨ੍ਹਾਂ ਦੇ ਪਿਤਾ ਵਿਸ਼ਵਨਾਥ ਤਿਵਾੜੀ ਪੰਜਾਬੀ ਦੇ ਉੱਘੇ ਸਾਹਿਤਕਾਰ ਸਨ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਪੰਜਾਬੀ ਦੇ ਪ੍ਰੋਫੈਸਰ ਰਹੇ।



ਉਨ੍ਹਾਂ ਨੇ 'ਯਾਦਾਂ ਤੋਂ ਯਾਦਾਂ', 'ਤਨ ਦੀ ਚਿਖਾ', 'ਅੱਕ ਦੀ ਅੰਬੀ', 'ਗਰਾਜ਼ ਤੋਂ ਫੁੱਟਪਾਥ ਤੀਕ', 'ਚੁੱਪੀ ਦੀ ਪੈੜ', 'ਇਕੱਲ ਤੋਂ ਇਕੱਲ ਦਾ ਸਫ਼ਰ', 'ਸਿਮਰਨ ਤੋਂ ਸ਼ਹਾਦਤ ਤੀਕ', 'ਪਗੜੀ ਸੰਭਾਲ ਓਏ', 'ਰੱਬ ਬੁੱਢਾ ਹੋ ਗਿਆ' ਵਰਗੇ ਕਾਵਿ ਸੰਗ੍ਰਿਹਾਂ ਤੋਂ ਇਲਾਵਾ 'ਚਿਣਗਾਂ', 'ਡੇਲੀਆ', 'ਕੁੱਖ ਦੀ ਚੋਰੀ' ਵਰਗੇ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ।

# ਪਾਕਿ ਪੰਜਾਬ ਸਰਕਾਰ ਵੱਲੋਂ ਸਿੱਖ ਮੈਰਿਜ ਐਕਟ 2024 ਨੂੰ ਮਨਜ਼ੂਰੀ

- **ਸਿੱਖ ਭਾਈਚਾਰੇ ਦੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਜੋੜੇ ਆਪਣਾ ਵਿਆਹ ਕਰ ਸਕਣਗੇ ਰਜਿਸਟਰ**

**ਲਾਹੌਰ, (ਪੰਜਾਬ ਮੇਲ)-** ਪਾਕਿਸਤਾਨ ਦੇ ਪੰਜਾਬ ਸੂਬੇ ਦੀ ਸਰਕਾਰ ਨੇ ਮੰਗਲਵਾਰ ਨੂੰ ਸਿੱਖ ਮੈਰਿਜ ਐਕਟ 2024 ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਭਾਈਚਾਰੇ ਦੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਜੋੜੇ ਆਪਣੇ ਵਿਆਹ ਅਤੇ ਤਲਾਕ ਨੂੰ ਰਜਿਸਟਰ ਕਰ ਸਕਣਗੇ। ਸੂਬਾਈ ਕੈਬਨਿਟ ਨੇ ਮੰਗਲਵਾਰ ਨੂੰ ਮੁੱਖ ਮੰਤਰੀ ਮਰੀਅਮ ਨਵਾਜ਼ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪੰਜਾਬ ਸਿੱਖ ਆਨੰਦ ਕਾਰਜ ਮੈਰਿਜ ਰਜਿਸਟਰਾਰ ਅਤੇ ਮੈਰਿਜ ਰੂਲਜ਼ 2024 ਨੂੰ ਪ੍ਰਵਾਨਗੀ ਦਿੱਤੀ।ਪੰਜਾਬ ਦੇ ਘੱਟ ਗਿਣਤੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਪਹਿਲੇ ਸਿੱਖ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਇਸ ਨੂੰ ਸਿੱਖਾਂ ਲਈ ਇਤਿਹਾਸਕ ਦਿਨ ਦੱਸਿਆ ਹੈ। ਉਨ੍ਹਾਂ ਕਿਹਾ, "ਅੱਜ ਪੰਜਾਬ ਦੁਨੀਆਂ ਦਾ ਅਜਿਹਾ ਪਹਿਲਾ ਸੂਬਾ ਬਣ ਗਿਆ ਹੈ, ਜਿੱਥੇ ਪੰਜਾਬ ਸਿੱਖ ਮੈਰਿਜ ਐਕਟ ਲਾਗੂ ਕੀਤਾ ਗਿਆ ਹੈ।' ਉਨ੍ਹਾਂ ਅੱਗੇ ਕਿਹਾ ਕਿ ਦੂਜੇ ਸੂਬਿਆਂ 'ਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕ ਵੀ ਆਪਣੇ ਵਿਆਹ ਰਜਿਸਟਰ ਕਰਵਾਉਣ ਲਈ ਪੰਜਾਬ ਸੂਬੇ 'ਚ ਆ ਸਕਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਕੁਝ ਮਹੀਨਿਆਂ ਵਿਚ ਹਿੰਦੂ ਮੈਰਿਜ ਐਕਟ ਨੂੰ ਵੀ ਕੈਬਨਿਟ ਅੱਗੇ ਰੱਖਿਆ ਜਾਵੇਗਾ।ਰਮੇਸ਼ ਸਿੰਘ ਅਰੋੜਾ ਅਨੁਸਾਰ ਸਿੱਖ ਮੈਰਿਜ ਐਕਟ ਦੀ ਪ੍ਰਵਾਨਗੀ ਸਾਲ 2017 ਤੋਂ ਉਡੀਕੀ ਜਾ ਰਹੀ ਸੀ। ਪੰਜਾਬ ਸੂਬੇ ਦੀ ਸਰਕਾਰ ਸਕੂਲੀ ਪਾਠਕ੍ਰਮ ਵਿਚੋਂ ਨਫ਼ਰਤ ਨਾਲ ਸਬੰਧਤ ਪਾਠਕ੍ਰਮਾਂ ਨੂੰ ਹਟਾਏਗੀ ਅਤੇ ਉਨ੍ਹਾਂ ਦੀ ਥਾਂ 'ਤੇ ਸ਼ਾਂਤੀ ਕਾਇਮ ਕਰਨ ਲਈ ਪਾਠਕ੍ਰਮ ਸ਼ਾਮਲ ਕੀਤਾ ਜਾਵੇਗਾ 18 ਸਾਲ ਜਾਂ ਵੱਧ ਹੋਵੇ। ਜੇਕਰ ਵਿਆਹ ਵਿੱਚ ਕੋਈ ਅੜਚਨ ਆਉਂਦੀ ਹੈ ਤਾਂ ਉਸ ਨੂੰ ਪੰਜ ਮੈਂਬਰੀ ਸੰਗਤ ਵੱਲੋਂ ਹੱਲ ਕੀਤਾ ਜਾਵੇਗਾ।

# ਜਲੰਧਰ ਪੱਛਮੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਲਈ ਬਸਪਾ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ

**ਜਲੰਧਰ, (ਪੰਜਾਬ ਮੇਲ)-** ਬਹੁਜਨ ਸਮਾਜ ਪਾਰਟੀ ਨੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਭਾਰਤ ਦੇ ਚੋਣ ਕਮਿਸ਼ਨ ਨੂੰ ਸਟਾਰ ਪ੍ਰਚਾਰਕਾਂ ਦੀ ਸੂਚੀ ਭੇਜੀ ਹੈ। ਸੂਚੀ ਵਿਚ ਪਾਰਟੀ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਅਤੇ ਇਕ ਦਿਨ ਪਹਿਲਾਂ ਹੀ ਮਾਇਆਵਤੀ ਵੱਲੋਂ ਆਪਣਾ ਜਾਨਸ਼ੀਨ ਤੇ ਪਾਰਟੀ ਦਾ ਕੌਮੀ ਕੋਆਰਡੀਨੇਟਰ ਨਿਯੁਕਤ ਕੀਤੇ ਗਏ, ਉਨ੍ਹਾਂ ਦੇ ਭਤੀਜੇ ਆਕਾਸ਼ ਆਨੰਦ ਸਣੇ 32 ਦੇ ਕਰੀਬ ਆਗੂ ਸ਼ਾਮਲ ਹਨ। ਬਸਪਾ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਜਲੰਧਰ ਵਿਧਾਨ ਸਭਾ ਪੱਛਮੀ ਦੀ ਉਪ ਚੋਣ ਲਈ ਚੋਣ-ਕਮਿਸ਼ਨ ਨੂੰ ਭੇਜੀ 32 ਸਟਾਰ ਪ੍ਰਚਾਰਕਾਂ ਦੀ ਸੂਚੀ ਵਿਚ ਬਸਪਾ ਸੁਪਰੀਮੋ ਕੁਮਾਰੀ ਮਾਇਆਵਤੀ ਸਣੇ ਪਾਰਟੀ ਦੇ ਕੌਮੀ ਕੋਆਰਡੀਨੇਟਰ ਅਕਾਸ਼ ਆਨੰਦ ਕੇਂਦਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਨੀਵਾਲ ਤੇ ਵਿਪੁਲ ਕੁਮਾਰ ਸ਼ਾਮਲ ਹਨ। ਇਸ ਤੋਂ ਇਲਾਵਾ ਬਸਪਾ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ, ਵਿਧਾਇਕ ਡਾ. ਨਛੱਤਰ ਪਾਲ, ਅਜੀਤ ਸਿੰਘ ਭੈਣੀ, ਬਲਦੇਵ ਸਿੰਘ ਮਹਿਰਾ, ਗੁਰਲਾਲ ਸੈਲਾ, ਗੁਰਨਾਮ ਚੌਧਰੀ, ਐਡਵੋਕੇਟ ਬਲਵਿੰਦਰ ਕੁਮਾਰ, ਗੁਰਮੇਲ ਚੁੰਬਰ, ਚਮਕੌਰ ਸਿੰਘ ਵੀਰ, ਇੰਜ. ਜਸਵੰਤ ਰਾਏ, ਠੇਕੇਦਾਰ ਰਜਿੰਦਰ ਸਿੰਘ, ਤੀਰਥ ਰਾਜਪੁਰਾ, ਦਿਲਬਾਗ ਚੰਦ ਮਹਿੰਦੀਪੁਰ, ਮਾ. ਓਮ ਪ੍ਰਕਾਸ਼ ਸਰੋਏ, ਲਾਲ ਸਿੰਘ ਸੁਲਹਾਣੀ, ਐਡਵੋਕੇਟ ਰਣਜੀਤ ਕੁਮਾਰ, ਪਰਮਜੀਤ ਮੱਲ ਆਦਿ ਹਨ।

# ਦਰਬਾਰ ਸਾਹਿਬ 'ਚ ਫੋਟੋਗ੍ਰਾਫੀ ਦੀ ਦੁਰਵਰਤੋਂ ਰੋਕਣਾ ਚੁਣੌਤੀ ਬਣਿਆ

**ਅੰਮ੍ਰਿਤਸਰ, (ਪੰਜਾਬ ਮੇਲ)-** ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਇੱਕ ਕੁੜੀ ਵੱਲੋਂ ਯੋਗ ਆਸਣ ਕਰਕੇ ਪੈਦਾ ਹੋਏ ਵਿਵਾਦ ਤੋਂ ਬਾਅਦ ਮੁੜ ਅਜਿਹੀ ਸਥਿਤੀ ਪੈਦਾ ਨਾ ਹੋਵੇ, ਨੂੰ ਰੋਕਣਾ ਸ਼੍ਰੋਮਣੀ ਕਮੇਟੀ ਲਈ ਇੱਕ ਵੱਡੀ ਚੁਣੌਤੀ ਸਾਬਤ ਹੋਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਯੋਗ ਆਸਣ ਕਰਨ ਵਾਲੀ ਕੁੜੀ ਖ਼ਿਲਾਫ਼ ਪੁਲਿਸ ਕੋਲ ਕੇਸ ਵੀ ਦਰਜ ਕਰਵਾਇਆ ਗਿਆ ਹੈ। ਇਸ ਤੋਂ ਪਹਿਲਾਂ ਵੀ ਕੁੜੀਆਂ ਵੱਲੋਂ ਇੱਥੇ 'ਟਿਕਟਾਕ' ਲਈ ਵੀਡੀਓ ਬਣਾਉਣ ਦੀ ਘਟਨਾ ਵਾਪਰ ਚੁੱਕੀ ਹੈ। ਉਸ ਵੇਲੇ ਵੀ ਅਜਿਹਾ ਹੀ ਵਿਵਾਦ ਪੈਦਾ ਹੋਇਆ ਸੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਕਈ ਰੋਕਾਂ ਲਾਈਆਂ ਗਈਆਂ ਸਨ। ਉਸ ਮਗਰੋਂ ਹੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਕਰਨ 'ਤੇ ਪਾਬੰਦੀ ਲੱਗੀ ਹੋਈ ਹੈ।




# ਜਲੰਧਰ ਪੱਛਮੀ ਜ਼ਿਮਨੀ ਚੋਣ : ਖਰਚਾ ਨਿਗਰਾਨ ਵੱਲੋਂ ਚੋਣ ਖਰਚੇ ਦੀ ਨਿਗਰਾਨੀ ਯਕੀਨੀ ਬਣਾਉਣ ਦੀਆਂ ਹਦਾਇਤਾਂ

**ਜਲੰਧਰ, (ਪੰਜਾਬ ਮੇਲ)-** ਭਾਰਤ ਚੋਣ ਕਮਿਸ਼ਨ ਵੱਲੋਂ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਨਿਯੁਕਤ ਖਰਚਾ ਨਿਗਰਾਨ ਮੀਨੂੰ ਸੁਸੇਨ ਅਬਰਾਹਮ ਆਈ.ਆਰ.ਐੱਸ. ਵੱਲੋਂ ਇਨਫੋਰਸਮੈਂਟ ਏਜੰਸੀਆਂ ਦੇ ਨੋਡਲ ਅਫ਼ਸਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਖਰਚੇ ਦੇ ਨੋਡਲ ਅਫ਼ਸਰ ਅਮਰਜੀਤ ਸਿੰਘ ਬੈਂਸ ਅਤੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਮੇਜਰ ਡਾ. ਅਮਿਤ ਮਹਾਜਨ ਵੀ ਮੌਜੂਦ ਸਨ।




ਉਨ੍ਹਾਂ ਸਮੂਹ ਨੋਡਲ ਅਫ਼ਸਰਾਂ ਨੂੰ ਚੋਣ ਦੌਰਾਨ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਵੱਲੋਂ ਕੀਤੀਆਂ ਜਾ ਰਹੀਆਂ ਚੋਣ ਸਰਗਰਮੀਆਂ 'ਤੇ ਸਖ਼ਤ ਨਜ਼ਰ ਰੱਖਣ ਦੀਆਂ ਹਦਾਇਤਾਂ ਦਿੱਤੀਆਂ, ਤਾਂ ਜੋ ਇਨ੍ਹਾਂ 'ਤੇ ਹੋਣ ਵਾਲੇ ਖਰਚ ਨੂੰ ਸਬੰਧਤ ਉਮੀਦਵਾਰ/ਸਿਆਸੀ ਪਾਰਟੀ ਦੇ ਚੋਣ ਖਰਚ ਵਿਚ ਜੋੜਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਉਪ ਚੋਣ ਲਈ ਉਮੀਦਵਾਰ 40 ਲੱਖ ਰੁਪਏ ਤੱਕ ਖ਼ਰਚ ਕਰ ਸਕਦੇ ਹਨ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਆਪਣੀ ਡਿਊਟੀ ਪੂਰੀ ਲਗਨ ਤੇ ਨਿਰਪੱਖਤਾ ਨਾਲ ਨਿਭਾਉਣ ਲਈ ਕਿਹਾ, ਤਾਂ ਜੋ ਚੋਣ ਖਰਚੇ 'ਤੇ ਪ੍ਰਭਾਵੀ ਨਿਗਰਾਨੀ ਯਕੀਨੀ ਬਣਾਈ ਜਾ ਸਕੇ।

ਖਰਚਾ ਨਿਗਰਾਨ ਨੇ ਚੋਣਾਂ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਨਿਗਰਾਨ ਟੀਮਾਂ ਦੀ ਭੂਮਿਕਾ ਨੂੰ ਬੇਹੱਦ ਅਹਿਮ ਕਰਾਰ ਦਿੰਦਿਆਂ ਨਿਗਰਾਨ ਟੀਮਾਂ ਦੀ ਸਿਖ਼ਲਾਈ ਅਤੇ ਕੰਮਕਾਜ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਉਚਿਤ ਦਿਸ਼ਾ-ਨਿਰਦੇਸ਼ ਦਿੱਤੇ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਖਰਚਾ ਨਿਗਰਾਨ ਸੈੱਲ, ਮੀਡੀਆ ਸਰਟੀਫਿਕੇਸ਼ਨ ਤੇ ਨਿਗਰਾਨ ਸੈੱਲ, ਐੱਫ.ਐੱਸ.ਟੀ., ਵੀ.ਐੱਸ.ਟੀ., ਐੱਸ.ਐੱਸ.ਟੀ., ਵੀਡੀਓ ਵਿਊਇੰਗ ਟੀਮਾਂ, ਲੇਖਾ ਟੀਮਾਂ ਅਤੇ ਸਹਾਇਕ ਖਰਚਾ ਨਿਗਰਾਨ ਤਾਇਨਾਤ ਕੀਤੇ ਗਏ ਹਨ, ਤਾਂ ਜੋ ਉਮੀਦਵਾਰਾਂ ਵੱਲੋਂ ਕੀਤੇ ਜਾਣ ਵਾਲੇ ਚੋਣ ਖਰਚੇ 'ਤੇ ਨਜ਼ਰ ਰੱਖੀ ਜਾ ਸਕੇ।

# ਜਲੰਧਰ ਪੱਛਮੀ ਜ਼ਿਮਨੀ ਚੋਣ: 1,72,020 ਵੋਟਰ ਕਰਨਗੇ ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ

**ਚੰਡੀਗੜ੍ਹ/ਜਲੰਧਰ, (ਪੰਜਾਬ ਮੇਲ)-** ਜਲੰਧਰ ਵੈਸਟ ਹਲਕੇ ਦੀ 10 ਜੁਲਾਈ ਨੂੰ ਹੋਣ ਵਾਲੀ ਜ਼ਿਮਨੀ ਚੋਣ ਲਈ 1,72,020 ਵੋਟਰ 23 ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਕਰਨਗੇ। ਚੋਣ ਕਮਿਸ਼ਨ ਅਨੁਸਾਰ ਇਨ੍ਹਾਂ 'ਚੋਂ 89,685 ਮਰਦ ਅਤੇ 82,327 ਮਹਿਲਾ ਵੋਟਰ ਹਨ। ਇਸ ਦੇ ਨਾਲ ਹੀ 18-19 ਉਮਰ ਦੇ ਨੌਜਵਾਨ ਵੋਟਰਾਂ ਦੀ ਗਿਣਤੀ 5005 ਹੈ। ਇਨ੍ਹਾਂ 'ਚੋਂ 2723 ਲੜਕੇ ਅਤੇ 2282 ਲੜਕੀਆਂ ਵੋਟਰ ਹਨ, ਜਦਕਿ 85 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਵੋਟਰਾਂ ਦੀ ਗਿਣਤੀ 746 ਹੈ। ਇਨ੍ਹਾਂ 'ਚੋਂ 364 ਮਰਦ ਅਤੇ 382 ਮਹਿਲਾ ਵੋਟਰ ਹਨ। ਪੰਜਾਬ ਚੋਣ ਕਮਿਸ਼ਨ



ਅਨੁਸਾਰ 181 ਪੋਲਿੰਗ ਸਟੇਸ਼ਨਾਂ 'ਚ ਵੋਟਾਂ ਪੈਣਗੀਆਂ। ਇਨ੍ਹਾਂ 'ਚੋਂ 105 ਸਰਕਾਰੀ ਅਤੇ 76 ਗ਼ੈਰ-ਸਰਕਾਰੀ ਇਮਾਰਤਾਂ 'ਚ ਹਨ। ਜਲੰਧਰ ਪੱਛਮੀ ਜ਼ਿਮਨੀ ਚੋਣ ਲਈ ਕਾਂਗਰਸ ਵੱਲੋਂ ਸੁਰਿੰਦਰ ਕੌਰ, ਭਾਜਪਾ ਵੱਲੋਂ ਸ਼ੀਤਲ ਅੰਗੁਰਾਲ, ਆਮ ਆਦਮੀ ਪਾਰਟੀ ਵੱਲੋਂ ਮੋਹਿੰਦਰ ਭਗਤ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਰਜੀਤ ਕੌਰ ਤੇ ਬਸਪਾ ਵੱਲੋਂ ਬਿੰਦਰ ਲਾਖਾ ਉਮੀਦਵਾਰ ਹਨ।

# ਮੀਤ ਹੇਅਰ ਵੱਲੋਂ ਵਿਧਾਇਕ ਵਜੋਂ ਅਸਤੀਫ਼ਾ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕ ਸਭਾ ਹਲਕਾ ਸੰਗਰੂਰ ਤੋਂ ਚੋਣ ਜਿੱਤਣ ਤੋਂ ਬਾਅਦ ਬੁੱਧਵਾਰ ਵਿਧਾਇਕ ਵਜੋਂ ਅਸਤੀਫ਼ਾ ਦੇ ਦਿੱਤਾ ਹੈ। ਮੀਤ ਹੇਅਰ ਨੇ ਇਹ ਅਸਤੀਫ਼ਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਨਾਮ ਭੇਜਿਆ ਹੈ, ਹਾਲਾਂਕਿ ਸਪੀਕਰ ਨੇ ਹੇਅਰ ਦਾ ਅਸਤੀਫ਼ਾ ਪ੍ਰਵਾਨ ਨਹੀਂ ਕੀਤਾ ਹੈ। ਸਪੀਕਰ ਵੱਲੋਂ ਇਸ ਤੋਂ ਪਹਿਲਾਂ ਲੋਕ ਸਭਾ ਚੋਣ ਜਿੱਤਣ ਵਾਲੇ ਤਿੰਨ ਵਿਧਾਇਕਾਂ ਦੇ ਅਸਤੀਫ਼ੇ ਮਨਜ਼ੂਰ ਕੀਤੇ ਜਾ ਚੁੱਕੇ ਹਨ। ਵਿਧਾਇਕਾਂ ਵੱਲੋਂ ਅਸਤੀਫ਼ੇ ਦੇਣ ਕਾਰਨ ਪੰਜਾਬ ਵਿਚ ਜਲਦੀ ਹੀ ਚਾਰ ਵਿਧਾਨ ਸਭਾ ਹਲਕਿਆਂ ਦੀ ਜ਼ਿਮਨੀ ਚੋਣ ਹੋ ਸਕਦੀ ਹੈ।



ਦੱਸਣਯੋਗ ਹੈ ਕਿ ਮੀਤ ਹੇਅਰ ਪੰਜਾਬ ਵਿਚ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਲਗਾਤਾਰ ਦੋ ਵਾਰ ਵਿਧਾਇਕ ਚੁਣੇ ਗਏ ਹਨ। ਸਾਲ 2017 ਅਤੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਜਿੱਤ ਤੋਂ ਬਾਅਦ 'ਆਪ' ਸਰਕਾਰ ਨੇ ਮੀਤ ਹੇਅਰ ਨੂੰ ਕੈਬਨਿਟ ਮੰਤਰੀ ਬਣਾ ਦਿੱਤਾ ਸੀ। ਇਸ ਵਾਰ 'ਆਪ' ਨੇ ਲੋਕ ਸਭਾ ਹਲਕਾ ਸੰਗਰੂਰ ਤੋਂ ਮੀਤ ਹੇਅਰ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ, ਜਿੱਥੇ ਮੀਤ ਹੇਅਰ ਨੇ ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਨੂੰ 1.72 ਲੱਖ ਵੋਟਾਂ ਦੇ ਫਰਕ ਨਾਲ ਹਰਾਇਆ ਸੀ।

# ਜਲੰਧਰ ਪੱਛਮੀ ਜ਼ਿਮਨੀ ਚੋਣ ਲਈ 16 ਉਮੀਦਵਾਰ ਮੈਦਾਨ 'ਚ

**ਜਲੰਧਰ, (ਪੰਜਾਬ ਮੇਲ)-** ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਪੜਤਾਲ ਦੌਰਾਨ 16 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਕੁੱਲ 23 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ ਸਨ। ਪੜਤਾਲ ਦੌਰਾਨ 7 ਦੇ ਨਾਮਜ਼ਦਗੀ ਪੱਤਰ ਰੱਦ ਕੀਤੇ ਗਏ ਹਨ। ਰਾਜ ਕੁਮਾਰ, ਇੰਦਰਜੀਤ ਸਿੰਘ, ਵਿਸ਼ਾਲ, ਅਜੇ ਕੁਮਾਰ ਭਗਤ, ਨੀਟੂ ਸ਼ਟਰਾਂ ਵਾਲਾ, ਅਜੇ, ਵਰੁਣ ਕਲੇਰ, ਅਮਿਤ ਕੁਮਾਰ, ਆਰਤੀ ਅਤੇ ਦੀਪਕ ਭਗਤ (ਸਾਰੇ ਆਜ਼ਾਦ) ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਸ਼ੀਤਲ ਅੰਗੁਰਾਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ, ਬਸਪਾ ਦੇ ਬਿੰਦਰ ਕੁਮਾਰ ਲਾਖਾ, ਆਮ ਆਦਮੀ ਪਾਰਟੀ ਦੇ ਮਹਿੰਦਰਪਾਲ, ਇੰਡੀਅਨ ਨੈਸ਼ਨਲ ਕਾਂਗਰਸ ਦੇ ਸੁਰਿੰਦਰ ਕੌਰ, ਸ਼੍ਰੋਮਣੀ ਅਕਾਲੀ ਦਲ ਦੇ ਸੁਰਜੀਤ ਕੌਰ ਦੇ ਨਾਮਜ਼ਦਗੀ ਪੱਤਰ ਦਰੁੱਸਤ ਪਾਏ ਗਏ ਸਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਕੀਤੇ ਗਏ ਹਨ, ਉਨ੍ਹਾਂ ਵਿਚ ਅੰਜੂ ਅੰਗੁਰਾਲ ਕਵਰਿੰਗ ਉਮੀਦਵਾਰ ਭਾਜਪਾ, ਕਰਨ ਸੁਮਨ ਕਵਰਿੰਗ ਉਮੀਦਵਾਰ ਕਾਂਗਰਸ, ਅਤੁਲ ਭਗਤ ਕਵਰਿੰਗ ਉਮੀਦਵਾਰ ਆਮ ਆਦਮੀ ਪਾਰਟੀ, ਪਰਮਜੀਤ ਮੱਲ ਕਵਰਿੰਗ ਉਮੀਦਵਾਰ ਬਸਪਾ ਸ਼ਾਮਲ ਹਨ, ਕਿਉਂ ਜੋ ਪਾਰਟੀਆਂ ਦੇ ਮੁੱਖ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ ਹਨ। ਇਸ ਤੋਂ ਇਲਾਵਾ ਇਕਬਾਲ ਚੰਦ, ਬਲਵਿੰਦਰ ਕੁਮਾਰ ਅਤੇ ਮਹਿੰਦਰਪਾਲ ਦੇ ਕਾਗਜ਼ ਰੱਦ ਕੀਤੇ ਗਏ ਹਨ।

**■ ਰਾਜਸੀ ਪਾਰਟੀਆਂ ਦੇ ਕਵਰਿੰਗ ਉਮੀਦਵਾਰਾਂ ਦੇ ਕਾਗਜ਼ ਹੋਏ ਰੱਦ**

ਜ਼ਿਕਰਯੋਗ ਹੈ ਕਿ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ 10 ਜੁਲਾਈ ਨੂੰ ਹੋਵੇਗੀ।



Designed By Punjab Mail USA

# ਦਿੱਲੀ ਏਅਰਪੋਰਟ ਤੋਂ 24 ਸਾਲਾ ਸੀਨੀਅਰ ਸਿਟੀਜ਼ਨ ਗ੍ਰਿਫ਼ਤਾਰ!

- ਸੀਨੀਅਰ ਸੀਟੀਜਨ ਬਣਕੇ ਕੈਨੇਡਾ ਜਾਣ ਦੀ ਕਰ ਰਿਹਾ ਸੀ ਤਿਆਰੀ
- ਉਮਰ ਦੱਸੀ 67 ਸਾਲ, ਨਿਕਲੀ 24 ਸਾਲ
- ਬੁੱਢੇ ਦਿਖਣ ਲਈ ਰੰਗ ਲਏ ਵਾਲ ਤੇ ਦਾੜ੍ਹੀ



ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ’ਤੇ ਸੀ.ਆਈ.ਐੱਸ.ਐੱਫ. ਨੇ ਇਕ 24 ਸਾਲ ਦੇ ਮੁੰਡੇ ਨੂੰ ਗ੍ਰਿਫਤਾਰ ਕੀਤਾ ਹੈ, ਜੋਕਿ 67 ਸਾਲ ਦਾ ਸੀਨੀਅਰ ਸੀਟੀਜਨ ਬਣਕੇ ਕੈਨੇਡਾ ਜਾਣ ਦੀ ਤਿਆਰੀ ਕਰ ਰਿਹਾ ਸੀ। ਉਸਦੇ ਕੋਲੋਂ ਨਕਲੀ ਪਾਸਪੋਰਟ ਵੀ ਬਰਾਮਦ ਕੀਤਾ ਗਿਆ। ਦਰਅਸਲ 18 ਜੂਨ ਨੂੰ ਕਰੀਬ 5 ਵੱਜ ਕੇ 20 ਮਿੰਟ ’ਤੇ ਪ੍ਰੋਫਾਈਲਿੰਗ ਅਤੇ ਵਿਵਹਾਰ ਦਾ ਪਤਾ ਲਗਾਉਣ ਦੇ ਆਧਾਰ ਉੱਤੇ ਸੀ.ਆਈ.ਐੱਸ.ਐੱਫ. ਦੇ ਜਵਾਨ ਨੇ ਟਰਮੀਨਲ-3 ਵਜੇ ਚੈੱਕ-ਇੰਨ ਖੇਤਰ ਵਿੱਚ ਇਕ ਯਾਤਰੀ ਨੂੰ ਪੁੱਛਗਿਛ ਲਈ ਰੋਕਿਆ।

ਪੁੱਛਗਿੱਛ ਕਰਨ ’ਤੇ ਉਸ ਨੇ ਆਪਣੀ ਪਛਾਣ 67 ਸਾਲ ਦੇ ਰਸ਼ਵਿੰਦਰ ਸਿੰਘ ਸਹੋਤਾ ਵਜੋਂ ਦੱਸੀ। ਪਾਸਪੋਰਟ ’ਚ ਉਸਦੀ ਜਨਮ ਮਿਤੀ 10.02.1957 ਦਰਜ਼ ਸੀ। ਉਸਦਾ ਜਨਮ ਅਸਥਾਨ ਜਲੰਧਰ ਦੇ ਨੇੜਲੇ ਪਿੰਡ ਦਾ ਦੱਸਿਆ ਹੋਇਆ ਸੀ, ਜਦਕਿ ਮੂਲ ਤੌਰ ’ਤੇ ਲਖਨਊ ਦਾ ਰਹਿਣ ਵਾਲਾ ਦਰਸਾਇਆ ਗਿਆ ਸੀ। ਉਕਤ ਵਿਅਕਤੀ ਰਾਤ 10:50 ਵਜੇ ਏਅਰ ਕੈਨੇਡਾ ਦੀ ਫਲਾਈਟ ਰਾਹੀਂ ਦਿੱਲੀ ਤੋਂ ਕੈਨੇਡਾ ਜਾਣ ਦੀ ਤਿਆਰੀ ਵਿਚ ਸੀ।

ਸੀ.ਆਈ.ਐੱਸ.ਐੱਫ. ਦੇ ਜਵਾਨਾਂ ਨੂੰ ਉਕਤ ਵਿਅਕਤੀ ਦਾ ਪਾਸਪੋਰਟ ਚੈੱਕ ਕਰਨ ’ਤੇ ਪਤਾ ਲੱਗਾ ਕਿ ਉਸ ਦੀ ਉਮਰ ਪਾਸਪੋਰਟ ’ਚ ਦਿੱਤੀ ਗਈ ਉਮਰ ਤੋਂ ਕਾਫੀ ਘੱਟ ਜਾਪਦੀ ਹੈ। ਉਸ ਦੀ ਆਵਾਜ਼ ਅਤੇ ਚਮੜੀ ਵੀ ਇੱਕ ਨੌਜਵਾਨ ਵਰਗੀ ਸੀ ਅਤੇ ਉਸਦੀ ਉਮਰ ਪਾਸਪੋਰਟ ਵਿਚ ਦਿੱਤੇ ਵਰਣਨ ਨਾਲ ਮੇਲ ਨਹੀਂ ਖਾਂਦੀ ਸੀ। ਨੇੜਿਓਂ ਜਾਂਚ ਕਰਨ ’ਤੇ ਪਤਾ ਲੱਗਾ ਕਿ ਯਾਤਰੀ ਨੇ ਆਪਣੇ ਵਾਲਾਂ ਅਤੇ ਦਾੜ੍ਹੀ ਨੂੰ ਸਫੈਦ ਰੰਗਿਆ ਹੋਇਆ ਸੀ ਅਤੇ ਉਸ ਨੇ ਬੁੱਢਾ ਦਿਖਣ ਲਈ ਐਨਕਾਂ ਵੀ ਲਗਾਈਆਂ ਹੋਈਆਂ ਸਨ।

ਇਨ੍ਹਾਂ ਸ਼ੱਕਾਂ ਦੇ ਆਧਾਰ ’ਤੇ ਉਸ ਦੀ ਬਾਰੀਕੀ ਨਾਲ ਤਲਾਸ਼ੀ ਲਈ ਡਿਪਾਰਚਰ ਏਰੀਆ ਵਿਚ ਲਿਜਾਇਆ ਗਿਆ। ਉਸ ਦੇ ਮੋਬਾਈਲ ਦੀ ਚੈਕਿੰਗ ਦੌਰਾਨ ਇਕ ਹੋਰ ਪਾਸਪੋਰਟ ਦੀ ਸਾਫਟ ਕਾਪੀ ਮਿਲੀ। ਜਿਸ ਅਨੁਸਾਰ ਪਾਸਪੋਰਟ ’ਤੇ ਦਰਜ ਨਾਮ ਗੁਰੂ ਸੇਵਕ ਸਿੰਘ ਉਮਰ 24 ਸਾਲ ਹੈ। ਹੋਰ ਪੁੱਛਗਿੱਛ ਦੌਰਾਨ ਯਾਤਰੀ ਨੇ ਮੰਨਿਆ ਕਿ ਉਸਦਾ ਅਸਲੀ ਨਾਮ ਗੁਰੂ ਸੇਵਕ ਸਿੰਘ ਹੈ ਅਤੇ ਉਸਦੀ ਉਮਰ 24 ਸਾਲ ਹੈ। ਉਹ 67 ਸਾਲਾ ਰਸ਼ਵਿੰਦਰ ਸਿੰਘ ਸਹੋਤਾ ਦੇ ਨਾਂ ’ਤੇ ਜਾਰੀ ਕੀਤੇ ਪਾਸਪੋਰਟ ’ਤੇ ਸਫਰ ਕਰ ਰਿਹਾ ਹੈ।

ਸੀ.ਆਈ.ਐੱਸ.ਐੱਫ. ਦੇ ਸਹਾਇਕ ਇੰਸਪੈਕਟਰ ਜਨਰਲ ਅਤੇ ਲੋਕ ਸੰਪਰਕ ਅਧਿਕਾਰੀ ਅਪੂਰਵਾ ਪਾਂਡੇ ਨੇ ਦੱਸਿਆ ਕਿ ਪੂਰਾ ਮਾਮਲਾ ਜਾਅਲੀ ਪਾਸਪੋਰਟ ਦਾ ਨਿਕਲਿਆ, ਯਾਤਰੀ ਨੂੰ ਉਸ ਦੇ ਸਮਾਨ ਸਮੇਤ ਹਿਰਾਸਤ ਵਿਚ ਲਿਆ ਗਿਆ ਅਤੇ ਕਾਨੂੰਨੀ ਕਾਰਵਾਈ ਲਈ ਆਈ.ਜੀ.ਆਈ. ਏਅਰਪੋਰਟ ਪੁਲਿਸ ਨੂੰ ਸੌਂਪ ਦਿੱਤਾ ਗਿਆ ਹੈ। ਸੀ.ਆਈ.ਐੱਸ.ਐੱਫ. ਦੇ ਜਵਾਨਾਂ ਦੀ ਚੌਕਸੀ ਅਤੇ ਸਿਆਣਪ ਕਾਰਨ ਯਾਤਰੀ ਨੂੰ ਫੜ ਲਿਆ ਗਿਆ ਤੇ ਦਸਤਾਵੇਜ਼ ਦੀ ਸੰਭਾਵਿਤ ਦੁਰਵਰਤੋਂ ਨੂੰ ਰੋਕ ਲਿਆ ਗਿਆ।

## ਕੌਮੀ ਮਹਿਲਾ ਕਮਿਸ਼ਨ ਨੂੰ ਚਾਲੂ ਵਰ੍ਹੇ ’ਚ 12,600 ਸ਼ਿਕਾਇਤਾਂ ਮਿਲੀਆਂ

ਨਵੀਂ ਦਿੱਲੀ, (ਪੰਜਾਬ ਮੇਲ)- ਕੌਮੀ ਮਹਿਲਾ ਕਮਿਸ਼ਨ (ਐੱਨ.ਸੀ.ਡਬਲਯੂ.) ਨੂੰ ਔਰਤਾਂ ਖ਼ਿਲਾਫ਼ ਅਪਰਾਧਾਂ ਸਬੰਧੀ ਇਸ ਸਾਲ ਹੁਣ ਤੱਕ 12,600 ਸ਼ਿਕਾਇਤਾਂ ਮਿਲੀਆਂ ਹਨ, ਜਿਸ ਵਿਚੋਂ ਸਭ ਤੋਂ ਵੱਧ ਸ਼ਿਕਾਇਤਾਂ ਉੱਤਰ ਪ੍ਰਦੇਸ਼ ਤੋਂ ਦਰਜ ਕਰਵਾਈਆਂ ਗਈਆਂ ਹਨ। ਕਮਿਸ਼ਨ ਵੱਲੋਂ ਅਧਿਕਾਰਤ ਅੰਕੜਿਆਂ ਵਿਚ ਇਹ ਜਾਣਕਾਰੀ ਦਿੱਤੀ ਗਈ। ਐੱਨ.ਸੀ.ਡਬਲਯੂ. ਦੇ ਅੰਕੜਿਆਂ ਮੁਤਾਬਕ ਸਭ ਤੋਂ ਵੱਧ ਸ਼ਿਕਾਇਤਾਂ ‘ਮਰਿਆਦਾ ਦੇ ਅਧਿਕਾਰ’ ਵਰਗ ’ਚ ਮਿਲੀਆਂ ਹਨ, ਜਿਸ ਵਿਚ ਘਰੇਲੂ ਹਿੰਸਾ ਤੋਂ ਇਲਾਵਾ ਹੋਰ ਸ਼ੋਸ਼ਣ ਸ਼ਾਮਲ ਹਨ।

ਇਸ ਸਬੰਧੀ ਕਮਿਸ਼ਨ ਕੋਲ 3,107 ਸ਼ਿਕਾਇਤਾਂ ਪਹੁੰਚੀਆਂ ਹਨ। ਅੰਕੜਿਆਂ ਮੁਤਾਬਕ ਇਸ ਤੋਂ ਬਾਅਦ ਘਰੇਲੂ ਹਿੰਸਾ ਦੀਆਂ 3,544 ਸ਼ਿਕਾਇਤਾਂ, ਦਾਜ ਸਬੰਧੀ ਤੰਗ-ਪ੍ਰੇਸ਼ਾਨ ਕਰਨ ਦੀਆਂ 1,957, ਛੇੜਛਾੜ ਦੀਆਂ 817 ਅਤੇ ਔਰਤਾਂ ਪ੍ਰਤੀ ਪੁਲਿਸ ਦੀ ਉਦਾਸੀਨਤਾ ਦੀਆਂ 518 ਸ਼ਿਕਾਇਤਾਂ ਤੋਂ ਇਲਾਵਾ ਜਬਰ-ਜ਼ਬਰ ਤੇ ਜਬਰ-ਜ਼ਨਾਹ ਦੀ ਕੋਸ਼ਿਸ਼ ਦੀਆਂ 657 ਸ਼ਿਕਾਇਤਾਂ ਮਿਲੀਆਂ ਹਨ। ਇਸ ’ਚ ਕਿਹਾ ਕਿ ਕਮਿਸ਼ਨ ਨੂੰ ਜਿਨਸੀ ਸ਼ੋਸ਼ਣ ਦੀਆਂ 493, ਸਾਈਬਰ ਕ੍ਰਾਈਮ ਦੀਆਂ 339, ਪਿੱਛਾ ਕਰਨ ਦੀਆਂ 345 ਅਤੇ ਅਣਖ ਖਾਤਰ ਅਪਰਾਧਾਂ ਸਬੰਧੀ 206 ਸ਼ਿਕਾਇਤਾਂ ਪ੍ਰਾਪਤ ਹੋਈਆਂ। ਅੰਕੜਿਆਂ ਅਨੁਸਾਰ ਕਮਿਸ਼ਨ ਨੂੰ ਸਭ ਤੋਂ ਵੱਧ 6,470 ਸ਼ਿਕਾਇਤਾਂ ਉੱਤਰ ਪ੍ਰਦੇਸ਼ ਵਿਚੋਂ ਮਿਲੀਆਂ, ਜਦਕਿ ਇਸ ਮਗਰੋਂ ਦਿੱਲੀ ਵਿਚੋਂ 1,113 ਅਤੇ ਮਹਾਰਾਸ਼ਟਰ ਵਿਚੋਂ 762 ਸ਼ਿਕਾਇਤਾਂ ਪ੍ਰਾਪਤ ਹੋਈਆਂ।

## ਹੱਜ ਦੌਰਾਨ ਭਾਰਤ ਦੇ 98 ਹਾਜੀਆਂ ਦੀ ਮੌਤ

ਨਵੀਂ ਦਿੱਲੀ, (ਪੰਜਾਬ ਮੇਲ)- ਕੇਂਦਰੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਮੱਕਾ ਦੀ ਸਾਲਾਨਾ ਹੱਜ ਯਾਤਰਾ ਦੌਰਾਨ ਇਸ ਸਾਲ ਭਾਰਤ ਦੇ 98 ਹਾਜੀਆਂ ਦੀ ਮੌਤ ਹੋ ਗਈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ ਕਿ ਪਿਛਲੇ ਸਾਲ ਪੂਰੀ ਹੱਜ ਯਾਤਰਾ ਦੌਰਾਨ ਕੁੱਲ 187 ਮੌਤਾਂ ਹੋਈਆਂ ਸਨ। ਉਨ੍ਹਾਂ ਕਿਹਾ, “ਇਸ ਸਾਲ 1,75,000 ਭਾਰਤੀ ਹੱਜ ਲਈ ਮੱਕਾ ਗਏ ਹਨ। 9 ਮਈ ਤੋਂ 22 ਜੁਲਾਈ ਤੱਕ ਹੋ ਰਹੀ ਹੱਜ ਯਾਤਰਾ ਦੌਰਾਨ ਇਸ ਸਾਲ ਹੁਣ ਤੱਕ 98 ਮੌਤਾਂ ਹੋਣ ਦੀ ਸੂਚਨਾ ਹੈ।” ਜੈਸਵਾਲ ਨੇ ਮੀਡੀਆ ਨਾਲ ਹਫ਼ਤਾਵਾਰੀ ਗੱਲਬਾਤ ਦੌਰਾਨ ਕਿਹਾ, “ਮੌਤਾਂ ਕੁਦਰਤੀ ਕਾਰਨਾਂ, ਪੁਰਾਣੀਆਂ ਬਿਮਾਰੀਆਂ ਅਤੇ ਬੁਢਾਪੇ ਦੇ ਮੱਦੇਨਜ਼ਰ ਹੋਈਆਂ ਹਨ। ਅਰਾਫਾਤ ਵਾਲੇ ਦਿਨ ਛੇ ਮੌਤਾਂ ਹੋਈਆਂ ਸਨ, ਜਦੋਂਕਿ ਚਾਰ ਮੌਤਾਂ ਹਾਦਸਿਆਂ ਨਾਲ ਸਬੰਧਤ ਹਨ।” ਵਿਦੇਸ਼ ਮੰਤਰਾਲੇ ਦੇ ਤਰਜਮਾਨ ਹੱਜ ਦੌਰਾਨ ਭਾਰਤੀਆਂ ਦੀਆਂ ਮੌਤਾਂ ਬਾਰੇ ਪੁੱਛੇ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ।


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

**MATRIMONIAL**

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6’-2” ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁੱਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

ਪੰਜਾਬ ਮੇਲ ’ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 ’ਤੇ ਸੰਪਰਕ ਕਰੋ।

**MATRIMONIAL**

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

**ਕੰਨਿਆ ਦੀ ਲੋੜ**

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

**ਕੰਨਿਆ ਦੀ ਲੋੜ**

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5’-10”, ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

**MATRIMONIAL**

Jath Sikh, 28 yrs, height 6’-2” feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

**MATRIMONIAL**

Lovepreet Singh Gill, 26 yrs old, 5’11”. US citizen, own small trucking company, living in Sacramento CA

**MATRIMONIAL**

Jat Sikh Mann parents seeks a SMF for their son, 34 years old, 5’-6” tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

**MATRIMONIAL**

Seeking alliance for a beautiful 33 year old Sikh Rajput girl height 5’3” Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

**MATRIMONIAL**

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਕੈਨੇਡਾ ਦੀ ਸੰਸਦ ਵੱਲੋਂ ਨਿੱਝਰ ਨੂੰ ਪਹਿਲੀ ਬਰਸੀ ’ਤੇ ਸ਼ਰਧਾਂਜਲੀ; ਇਕ ਮਿੰਟ ਦਾ ਮੌਨ ਰੱਖਿਆ



**ਨਵੀਂ ਦਿੱਲੀ, (ਪੰਜਾਬ ਮੇਲ)-** ਕੈਨੇਡਾ ਦੀ ਸੰਸਦ ਦੇ ਹਾਊਸ ਆਫ ਕਾਮਨਜ਼ ’ਚ ਹਰਦੀਪ ਸਿੰਘ ਨਿੱਝਰ ਨੂੰ ਪਹਿਲੀ ਬਰਸੀ ਮੌਕੇ ਸ਼ਰਧਾਂਜਲੀ ਦਿੱਤੀ ਗਈ ਅਤੇ ਇਕ ਮਿੰਟ ਦਾ ਮੌਨ ਰੱਖਿਆ ਗਿਆ, ਜਦੋਂ ਕੈਨੇਡੀਅਨ ਪਾਰਲੀਮੈਂਟ ਵਿਚ ਭਾਰਤ ਵੱਲੋਂ ਨਿੱਝਰ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਸੀ, ਐਨ ਉਸੇ ਸਮੇਂ ਖ਼ਾਲਿਸਤਾਨ ਪੱਖੀ ਵੱਖਵਾਦੀਆਂ ਨੇ ਵੈਨਕੂਵਰ ਵਿਚ ਭਾਰਤੀ ਵਣਜ ਦੂਤਘਰ ਦੇ ਬਾਹਰ ਮੌਕ ਕੋਰਟ ਸਥਾਪਤ ਕੀਤੀ। ਇਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਅਤੇ ਪੁਤਲਾ ਫੂਕਿਆ ਗਿਆ। ਕੈਨੇਡਾ ਦੀ ਸੰਸਦ ’ਚ ਵੱਖਵਾਦੀਆਂ ਦੀ ਵਡਿਆਈ ’ਤੇ ਭਾਰਤ ਨੇ ਕੈਨੇਡਾ ਨੂੰ ਕਰਾਰਾ ਜਵਾਬ ਦਿੱਤਾ ਹੈ। ਭਾਰਤ ਨੇ ਏਅਰ ਇੰਡੀਆ ਦੇ ਜਹਾਜ਼ ਕਨਿਸ਼ਕ ’ਤੇ ਹੋਏ ਬੰਬ ਧਮਾਕੇ ਦੀ ਬਰਸੀ ਨੂੰ ਯਾਦ ਕਰਵਾ ਕੇ ਕੈਨੇਡਾ ’ਚ ਸਾਲਾਂ ਤੋਂ ਵਧ ਰਹੇ ਅੱਤਵਾਦ ਨੂੰ ਨਿਸ਼ਾਨਾ ਬਣਾਇਆ ਹੈ।

**ਕੈਨੇਡੀਅਨ ਸੰਸਦ ਵੱਲੋਂ ਨਿੱਝਰ ਨੂੰ ਸ਼ਰਧਾਂਜਲੀ ਦੇਣ ਦੀ ਭਾਰਤ ਵੱਲੋਂ ਆਲੋਚਨਾ :** ਨਵੀਂ ਦਿੱਲੀ (ਪੰਜਾਬ ਮੇਲ)- ਭਾਰਤ ਨੇ ਕੈਨੇਡੀਅਨ ਸੰਸਦ ਵੱਲੋਂ ਖਾਲਿਸਤਾਨੀ ਕੱਟੜਪੰਥੀ ਹਰਦੀਪ ਸਿੰਘ ਨਿੱਝਰ ਦੀ ਯਾਦ ਵਿਚ ਇੱਕ ਮਿੰਟ ਦਾ ਮੌਨ ਰੱਖਣ ਦੀ ਆਲੋਚਨਾ ਕੀਤੀ। ਨਿੱਝਰ ਨੂੰ ਪਿਛਲੇ ਸਾਲ ਜੂਨ ਵਿਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, ‘ਅਸੀਂ ਅੱਤਵਾਦ ਨੂੰ ਸਿਆਸੀ ਥਾਂ ਦੇਣ ਅਤੇ ਹਿੰਸਾ ਦੀ ਵਕਾਲਤ ਕਰਨ ਵਾਲੇ ਕਿਸੇ ਵੀ ਕਦਮ ਦਾ ਵਿਰੋਧ ਕਰਦੇ ਹਾਂ।’ ਪਿਛਲੇ ਸਾਲ ਸਤੰਬਰ ਵਿਚ ਨਿੱਝਰ ਦੀ ਹੱਤਿਆ ਵਿਚ ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਦੇ ਦੋਸ਼ਾਂ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧ ਤਣਾਅਪੂਰਨ ਹੋ ਗਏ ਸਨ। ਭਾਰਤ ਨੇ ਟਰੂਡੋ ਦੇ ਦੋਸ਼ਾਂ ਨੂੰ ਬੇਤੁਕਾ ਦੱਸਦਿਆਂ ਰੱਦ ਕੀਤਾ।

## ਸਰੀ ਪੁਲਿਸ ਵੱਲੋਂ ਪੰਜਾਬੀ ਨੌਜਵਾਨ ਚੋਰੀ ਦੀ ਕਾਰ ਸਮੇਤ ਗ੍ਰਿਫ਼ਤਾਰ

**ਵੈਨਕੂਵਰ, (ਪੰਜਾਬ ਮੇਲ)-** ਸਰੀ ਪੁਲਿਸ ਨੇ ਚੋਰੀ ਦੀ ਕਾਰ ਸਮੇਤ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਗੁਰਜੋਤ ਸਿੰਘ ਭੱਟੀ (20) ਵਜੋਂ ਹੋਈ ਹੈ। ਪੁਲਿਸ ਦੇ ਬੁਲਾਰੇ ਜੇਮਜ਼ ਮੈਸਨ ਨੇ ਦੱਸਿਆ ਕਿ ਬੀਤੇ ਹਫਤੇ ਕਾਰ ਮਾਲਕ ਨੇ ਕਾਰ ਚੋਰੀ ਹੋਣ ਬਾਰੇ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਮਗਰੋਂ ਪੁਲਿਸ ਕਾਰ ਦੀ ਭਾਲ ਵਿਚ ਲੱਗ ਗਈ। ਇਸ ਦੌਰਾਨ ਸਰੀ ਵਿਚ ਪੁਲਿਸ ਟੀਮ ਨੇ ਜਦੋਂ ਸ਼ੱਕ ਦੇ ਆਧਾਰ ’ਤੇ ਇਕ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਕਾਰ ਚਾਲਕ ਰੁੱਕਣ ਦੀ ਥਾਂ ਰਿਚਮੰਡ ਜਾ ਵੜਿਆ। ਜਿਵੇਂ ਹੀ ਚਾਲਕ ਨੇ ਕਾਰ ਪਾਰਕ ਕਰ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਤਾਂ ਪੁਲਿਸ ਨੇ ਉਸ ਨੂੰ ਕਾਬੂ ਕਰ ਕੇ ਕਾਰ ਜ਼ਬਤ ਕਰ ਲਈ। ਪੁਲਿਸ ਮੁਲਜ਼ਮ ਕੋਲੋਂ ਹੋਰ ਪੁੱਛ-ਪੜਤਾਲ ਕਰਕੇ ਅਦਾਲਤ ਵਿਚ ਪੇਸ਼ ਕਰੇਗੀ।

## ਕੋਜ਼ੀਕੋਡ ਨੂੰ ਭਾਰਤ ਦਾ ਪਹਿਲਾ ਯੂਨੈਸਕੋ ਸਾਹਿਤ ਸ਼ਹਿਰ ਐਲਾਨਿਆ

**ਕੋਜ਼ੀਕੋਡ, (ਪੰਜਾਬ ਮੇਲ)-** ਕੇਰਲ ਦੇ ਸਥਾਨਕ ਸਵੈ-ਸਰਕਾਰ ਤੇ ਆਬਕਾਰੀ ਮੰਤਰੀ, ਐੱਮ. ਬੀ. ਰਾਜੇਸ਼ ਨੇ ਐਤਵਾਰ ਨੂੰ ਥਲੀ ਦੇ ਜੁਬਲੀ ਹਾਲ ਵਿਚ ਇਕ ਸਮਾਰੋਹ ’ਚ ਅਧਿਕਾਰਤ ਤੌਰ ’ਤੇ ਕੋਜ਼ੀਕੋਡ ਨੂੰ ਭਾਰਤ ਦਾ ਪਹਿਲਾ ‘ਯੂਨੈਸਕੋ ਸਾਹਿਤ ਸ਼ਹਿਰ’ ਐਲਾਨ ਕੀਤਾ। ਸੈਰ-ਸਪਾਟਾ ਮੰਤਰੀ ਐੱਮ.ਬੀ. ਮੁਹੰਮਦ ਰਿਆਜ਼ ਨੇ ਸਮਾਗਮ ਵਿਚ ‘ਸਿਟੀ ਆਫ਼ ਲਿਟਰੇਚਰ ਲੋਗੋ’ ਦੀ ਵੈੱਬਸਾਈਟ ਲਾਂਚ ਕੀਤੀ। ਉੱਘੇ ਮਲਿਆਲਮ ਲੇਖਕ ਐੱਮ.ਟੀ. ਵਾਸੂਦੇਵਨ ਨੂੰ ਕੋਜ਼ੀਕੋਡ ਕਾਰਪੋਰੇਸ਼ਨ ਦੇ ‘ਡਾਇਮੰਡ ਜੁਬਲੀ ਐਵਾਰਡ’ ਨਾਲ ਸਨਮਾਨਿਤ ਕੀਤਾ ਗਿਆ ਹੈ ਅਤੇ ਇਹ ਐਵਾਰਡ ਉਨ੍ਹਾਂ ਦੇ ਘਰ ਦਿੱਤਾ ਜਾਵੇਗਾ। ਐੱਮ.ਟੀ. ਦੇ ਪ੍ਰਬੰਧਕਾਂ ਨੇ ਦੱਸਿਆ ਕਿ ਉਹ ਸਿਹਤ ਕਾਰਨਾਂ ਕਰਕੇ ਸਮਾਗਮ ਵਿਚ ਸ਼ਾਮਲ ਨਹੀਂ ਹੋ ਸਕੇ।

# ਕੈਨੇਡਾ ’ਚ ਐਂਟਰੀ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਟਰੂਡੋ ਵੱਲੋਂ ਨਿਯਮਾਂ ’ਚ ਬਦਲਾਅ

- **ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ ਫੈਸਲਾ**
- **ਭਾਰਤੀ ਵਿਦਿਆਰਥੀਆਂ ਨੂੰ ਝਟਕਾ**

**ਓਟਾਵਾ, (ਪੰਜਾਬ ਮੇਲ)-** ਕੈਨੇਡਾ ’ਚ ਐਂਟਰੀ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ (ਪੀ.ਜੀ.ਡਬਲਯੂ.ਪੀ.) ਹੁਣ ਪ੍ਰਭਾਵੀ ਨਹੀਂ ਹੋਵੇਗਾ। ਕੈਨੇਡਾ ਸਰਕਾਰ ਨੇ ਪੀ.ਜੀ..ਡਬਲਯੂ.ਪੀ. ਰਾਹੀਂ ਵਿਦੇਸ਼ੀ ਨਾਗਰਿਕਾਂ ਦੇ ਦਾਖ਼ਲੇ ’ਤੇ ਰੋਕ ਲਗਾ ਦਿੱਤੀ ਹੈ। ਵਿਦੇਸ਼ੀ ਰਾਸ਼ਟਰੀ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਅਰਜ਼ੀਆਂ 21 ਜੂਨ, 2024 ਤੋਂ ਬਾਅਦ ਬੰਦ ਕਰ ਦਿੱਤੀਆਂ ਗਈਆਂ ਹਨ। ਕੈਨੇਡਾ ਸਰਕਾਰ ਨੇ ਬਾਰਡਰ ਸਰਵਿਸਿਜ਼ ਅਫਸਰਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਕੈਨੇਡਾ ਵਿਚ ਦਾਖ਼ਲੇ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀਆਂ ਅਰਜ਼ੀਆਂ ’ਤੇ ਵਿਚਾਰ ਨਾ ਕਰਨ। ਕੈਨੇਡਾ ਸਰਕਾਰ ਦੇ ਇਕ ਬਿਆਨ ਅਨੁਸਾਰ, ਵਿਦੇਸ਼ੀ ਨਾਗਰਿਕ ਹੁਣ ਸਰਹੱਦ ’ਤੇ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਲਈ ਅਰਜ਼ੀ ਨਹੀਂ ਦੇ ਸਕਦੇ ਹਨ। ਇਹ ਫੈਸਲਾ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ।

ਮਿਲੀ ਜਾਣਕਾਰੀ ਮੁਤਾਬਕ, ਬਿਨੈਕਾਰ ਕੈਨੇਡਾ ਦੇ ਅੰਦਰੋਂ ਪੀ.ਜੀ.ਡਬਲਯੂ.ਪੀ. ਲਈ ਅਰਜ਼ੀ ਦੇ ਸਕਦੇ ਹਨ, ਜੇਕਰ ਉਨ੍ਹਾਂ ਦੇ ਅਧਿਐਨ ਪਰਮਿਟ ਦੀ ਮਿਆਦ ਖ਼ਤਮ ਨਹੀਂ ਹੋਈ ਹੈ। ਜੋ ਬਿਨੈਕਾਰ ਆਪਣੇ ਅਧਿਐਨ ਪਰਮਿਟ ਦੇ ਵੈਧ ਰਹਿਣ ਦੌਰਾਨ ਆਪਣੇ ਵਰਕ ਪਰਮਿਟ ਅਪਲਾਈ ਕਰਦੇ ਹਨ, ਉਨ੍ਹਾਂ ਨੂੰ ਵਰਕ ਪਰਮਿਟ ਅਰਜ਼ੀ ’ਤੇ ਫ਼ੈਸਲਾ ਆਉਣ ਤੱਕ ਬਿਨਾਂ ਪਰਮਿਟ ਦੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਕਿਸੇ ਵਿਦੇਸ਼ੀ ਨਾਗਰਿਕ ’ਤੇ ਆਪਣੇ ਅਧਿਐਨ ਪਰਮਿਟ ਨੂੰ ਵਧਾਉਣ ਲਈ ਅਰਜ਼ੀ ਪੇਸ਼ ਕੀਤੀ ਹੈ ਅਤੇ ਉਹ ਅਧਿਐਨ ਕਰ ਰਹੇ ਹਨ ਤਾਂ ਇਹ ਨਿਯਮ ਉਨ੍ਹਾਂ ’ਤੇ ਲਾਗੂ ਨਹੀਂ ਹੁੰਦਾ, ਉਨ੍ਹਾਂ ਨੂੰ ਯੋਗ ਹੋਣ ਲਈ ਆਪਣਾ ਨਵਾਂ ਅਧਿਐਨ ਪਰਮਿਟ ਪ੍ਰਾਪਤ ਹੋਣ ਤੱਕ ਉਡੀਕ ਕਰਨੀ ਹੋਵੇਗੀ। ਬਿਨੈਕਾਰ ਜਿਨ੍ਹਾਂ ਦਾ ਅਧਿਐਨ ਪਰਮਿਟ ਅਵੈਧ ਹੋ ਜਾਂਦਾ ਹੈ ਜਾਂ ਵਰਕ ਪਰਮਿਟ ਲਈ ਅਰਜ਼ੀ ਦੇਣ ਤੋਂ ਪਹਿਲਾਂ ਮਿਆਦ ਖ਼ਤਮ ਹੋ ਜਾਂਦੀ ਹੈ, ਉਹ ਕੈਨੇਡਾ ਤੋਂ ਅਰਜ਼ੀ ਦੇਣ ਦੇ ਯੋਗ ਨਹੀਂ ਹੋਣਗੇ।

ਜਿਨ੍ਹਾਂ ਬਿਨੈਕਾਰਾਂ ਕੋਲ ਕੈਨੇਡਾ ’ਚ ਵਰਕ ਪਰਮਿਟ ਲਈ ਅਰਜ਼ੀ ਦੇਣ ਦੀ ਯੋਗਤਾ ਨਹੀਂ ਹੈ, ਉਹ ਕੈਨੇਡਾ ਤੋਂ ਬਾਹਰ ਪ੍ਰਕਿਰਿਆ ਲਈ ਆਪਣੀ ਅਰਜ਼ੀ ਇਲੈਕਟ੍ਰਾਨਿਕ ਰੂਪ ’ਚ ਜਮ੍ਹਾਂ ਕਰ ਸਕਦੇ ਹਨ। ਬਿਨੈਕਾਰ ਇਲੈਕਟ੍ਰਾਨਿਕ ਰੂਪ ’ਚ ਅਰਜ਼ੀ ਜਮ੍ਹਾਂ ਕਰ ਸਕਦੇ ਹਨ, ਜੇਕਰ ਉਹ ਕੈਨੇਡਾ ’ਚ ਰਹਿੰਦੇ ਹਨ। ਜਦੋਂ ਤੱਕ ਉਹ ਅਸਲ ਵਰਕ ਪਰਮਿਟ ਪ੍ਰਾਪਤ ਨਹੀਂ ਕਰਦੇ, ਉਦੋਂ ਤੱਕ ਉਨ੍ਹਾਂ ਨੂੰ ਸੈਲਾਨੀਆਂ ਵਜੋਂ ਆਪਣੀ ਸਥਿਤੀ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਹਾਲਾਂਕਿ, ਉਹ ਆਪਣੀ ਪੀ.ਜੀ.ਡਬਲਯੂ.ਪੀ. ਅਰਜ਼ੀ ’ਤੇ ਫੈਸਲੇ ਦੀ ਉਡੀਕ ਕਰਦੇ ਹੋਏ ਸਮੇਂ ਕਰਨ ਦੇ ਯੋਗ ਨਹੀਂ ਹਨ। ਕੈਨੇਡਾ ’ਚ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਕਿਸੇ ਨੂੰ ਵੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕੈਨੇਡਾ ’ਚ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਤੁਹਾਨੂੰ ਕੈਨੇਡਾ ’ਚ ਰਹਿਣ ਅਤੇ ਕੈਨੇਡੀਅਨ ਪੋਸਟ-ਸੈਕੰਡਰੀ ਸੰਸਥਾ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ 3 ਸਾਲਾਂ ਤੱਕ ਫੁੱਲ-ਟਾਈਮ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ।






# ਕਨਿਸ਼ਕ ਜਹਾਜ਼ ਹਮਲੇ ਦੀ 39ਵੀਂ ਬਰਸੀ; ਭਾਰਤ ਵੱਲੋਂ ਵੱਖਵਾਦੀਆਂ ਨਾਲ ਨਰਮੀ ਵਰਤਣ ਦੀ ਨਿੰਦਾ



**ਓਟਾਵਾ, (ਪੰਜਾਬ ਮੇਲ)-** ਭਾਰਤ ਨੇ 1985 ਦੇ ਏਅਰ ਇੰਡੀਆ ਦੇ 'ਕਨਿਸ਼ਕ' ਜਹਾਜ਼ 'ਚ ਹੋਏ ਬੰਬ ਧਮਾਕੇ ਅਤੇ ਵੱਖਵਾਦੀਆਂ ਦੀ ਕੈਨੇਡਾ 'ਚ ਵਡਿਆਈ ਕੀਤੇ ਜਾਣ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਅਜਿਹੀਆਂ ਘਟਨਾਵਾਂ ਦੀ ਨਿੰਦਾ 'ਚ ਰਾਜਨੀਤੀ ਹਾਨੀ-ਲਾਭ ਦਾ ਵਿਚਾਰ ਕਰਨਾ ਠੀਕ ਨਹੀਂ ਹੈ। ਓਟਾਵਾ 'ਚ ਭਾਰਤੀ ਹਾਈ ਕਮਿਸ਼ਨ ਨੇ ਇਕ ਬਿਆਨ 'ਚ ਕਿਹਾ, "1985 'ਚ ਏ.ਆਈ.-182 'ਚ ਬੰਬ ਧਮਾਕੇ ਸਮੇਤ ਅੱਤਵਾਦ ਦੀ ਵਡਿਆਈ ਕਰਨ ਵਾਲੀ ਕੋਈ ਕਾਰਵਾਈ ਨਿੰਦਾਯੋਗ ਹੈ ਅਤੇ ਸਾਰੇ ਸ਼ਾਂਤੀ ਪਸੰਦ ਦੇਸ਼ਾਂ ਅਤੇ ਵਿਅਕਤੀਆਂ ਨੂੰ ਇਸ ਦੀ ਨਿੰਦਾ ਕਰਨੀ ਚਾਹੀਦੀ ਹੈ।" ਹਾਈ ਕਮਿਸ਼ਨ ਨੇ ਕਿਹਾ ਹੈ, "ਇਹ ਮੰਦਭਾਗੀ ਹੈ ਕਿ ਕੈਨੇਡਾ 'ਚ ਕਈ ਮੌਕਿਆਂ 'ਤੇ ਅਜਿਹੀਆਂ ਗਤੀਵਿਧੀਆਂ ਨੂੰ ਆਮ ਤੌਰ 'ਤੇ ਛੋਟ ਦਿੱਤੀ ਜਾਂਦੀ ਰਹੀ ਹੈ।" ਬਿਆਨ 'ਚ ਭਾਰਤੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੇ ਹਵਾਲੇ ਤੋਂ ਕਿਹਾ ਗਿਆ ਹੈ, "ਸਾਨੂੰ ਰਾਜਨੀਤਿਕ ਲਾਭ ਹਾਨੀ ਦੇਖ ਕੇ ਅੱਤਵਾਦ ਅਤੇ ਹਿੰਸਾ ਖ਼ਿਲਾਫ਼ ਆਪਣਾ ਰੁਖ ਤੈਅ ਨਹੀਂ ਕਰਨਾ ਚਾਹੀਦਾ।"

ਦੱਸਣਯੋਗ ਹੈ ਕਿ ਭਾਰਤ ਤੋਂ ਭਗੌੜੇ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਪਹਿਲੀ ਬਰਸੀ 'ਤੇ ਪਿਛਲੇ ਦਿਨ ਕੈਨੇਡਾ ਦੀ ਸੰਸਦ 'ਚ ਉਸ ਨੂੰ ਸ਼ਰਧਾਂਲੀ ਦਿੱਤੀ ਗਈ ਸੀ ਅਤੇ 2 ਮਿੰਟ ਦਾ ਮੌਨ ਰੱਖਿਆ ਗਿਆ ਸੀ। ਬਿਆਨ 'ਚ ਸ਼੍ਰੀ ਜੈਸ਼ੰਕਰ ਦੇ ਉਸ ਬਿਆਨ ਦਾ ਵੀ ਜ਼ਿਕਰ ਹੈ ਕਿ ਕਿਸੇ ਦੇਸ਼ ਦੀ ਭੂਗੋਲਿਕ ਅਖੰਡਤਾ ਦਾ ਸਨਮਾਨ ਅਤੇ ਉਸ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲਅੰਦਾਜੀ ਨਾ ਕਰਨ ਦਾ ਵਿਸ਼ਾ ਕਿਸੇ ਵੀ ਪਸੰਦ ਜਾਂ ਨਾਪਸੰਦ ਦਾ ਵਿਸ਼ਾ ਨਹੀਂ ਹੋ ਸਕਦਾ। ਭਾਰਤੀ ਹਾਈ ਕਮਿਸ਼ਨ ਨੇ 'ਐਕਸ' 'ਤੇ ਇਕ ਪੋਸਟ 'ਚ ਓਟਾਵਾ ਦੇ ਡਾਵ ਝੀਲ ਦੇ ਕਮਿਸ਼ਨਰ ਪਾਰਕ 'ਚ ਏਅਰ ਇੰਡੀਆ ਫਲਾਈਟ 182 ਸਮਾਰਕ 'ਤੇ ਫੁੱਲ ਭੇਟ ਕੀਤੇ ਜਾਣ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਸ ਮੌਕੇ ਸੰਜੇ ਵਰਮਾ ਨੇ ਸ਼ਰਧਾਂਜਲੀ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਦੁਨੀਆਂ ਦੀ ਕਿਸੇ ਵੀ ਸਰਕਾਰ ਨੂੰ ਰਾਜਨੀਤਿਕ ਲਾਭ ਲਈ ਆਪਣੇ ਖੇਤਰਾਂ ਤੋਂ ਪੈਦਾ ਹੋਣ ਵਾਲੇ ਅੱਤਵਾਦ ਦੇ ਖ਼ਤਰੇ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ। ਮਨੁੱਖੀ ਜੀਵਨ ਸਿਆਸੀ ਹਿੱਤਾਂ ਤੋਂ ਕਿਤੇ ਵੱਧ ਮਹੱਤਵਪੂਰਨ ਹੈ। ਇਸ ਤੋਂ ਪਹਿਲੇ ਕਿ ਅੱਤਵਾਦੀ ਗਤੀਵਿਧੀਆਂ ਵੱਡੇ ਪੈਮਾਨੇ 'ਤੇ ਮਨੁੱਖਤਾ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰੇ, ਇਨ੍ਹਾਂ ਖ਼ਿਲਾਫ਼ ਮਿਸਾਲੀ ਕਾਨੂੰਨ ਅਤੇ ਸਮਾਜਿਕ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸਰਕਾਰਾਂ, ਸੁਰੱਖਿਆ ਏਜੰਸੀਆਂ ਅਤੇ ਕੌਮਾਂਤਰੀ ਸੰਗਠਨਾਂ ਨੂੰ ਅੱਤਵਾਦੀ ਨੈੱਟਵਰਕ ਨੂੰ ਨਸ਼ਟ ਕਰਨ, ਉਨ੍ਹਾਂ ਦੇ ਵਿੱਤ ਪੋਸ਼ਣ ਨੂੰ ਰੋਕਣ ਅਤੇ ਉਨ੍ਹਾਂ ਦੀ ਵਿਕ੍ਰਿਤ ਵਿਚਾਰਧਾਰਾਵਾਂ ਦਾ ਮੁਕਾਬਲਾ ਕਰਨ ਲਈ ਮਿਲ ਕੇ ਕੰਮ ਕਰਨਾ ਚਾਹੀਦਾ।" ਦੱਸਣਯੋਗ ਹੈ ਕਿ 23 ਜੂਨ 1985 ਨੂੰ ਮਾਂਟਰੀਅਲ ਤੋਂ ਨਵੀਂ ਦਿੱਲੀ ਜਾਣ ਵਾਲੀ 'ਕਨਿਸ਼ਕ' ਫਲਾਈਟ 182 'ਚ ਲੰਡਨ ਦੇ ਹੀਥਰੋ ਹਵਾਈ ਅੱਡੇ 'ਤੇ ਲੈਂਡਿੰਗ ਤੋਂ 45 ਮਿੰਟ ਪਹਿਲਾਂ ਧਮਾਕਾ ਹੋ ਗਿਆ, ਜਿਸ ਕਾਰਨ ਜਹਾਜ਼ 'ਚ ਸਵਾਰ ਸਾਰੇ 329 ਲੋਕ ਮਾਰੇ ਗਏ, ਜਿਨ੍ਹਾਂ 'ਚੋਂ ਜ਼ਿਆਦਾਤਰ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕ ਸਨ। ਇਹ ਹਦਾਸਾ ਅਟਲਾਂਟਿਕ ਮਹਾਸਾਗਰ ਦੇ ਉੱਪਰ 31,000 ਫੁੱਟ ਦੀ ਉੱਚਾਈ 'ਤੇ ਹੋਇਆ ਸੀ।

# ਮੁਫ਼ਤ ਬਿਜਲੀ: 'ਆਪਣਿਆਂ' ਨੂੰ ਹੀ ਭੰਡਣ ਲੱਗੇ ਅਕਾਲੀ ਆਗੂ

**■ ਗਰਚਾ ਵੱਲੋਂ ਸਾਬਕਾ ਮੁੱਖ ਮੰਤਰੀ 'ਤੇ ਮੁਫ਼ਤ ਬਿਜਲੀ ਦੇ ਕੇ ਪੰਜਾਬ ਨੂੰ ਬੰਜਰ ਬਣਾਉਣ ਦੇ ਦੋਸ਼**

**ਪਟਿਆਲਾ, (ਪੰਜਾਬ ਮੇਲ)-** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸ਼੍ਰੋਮਣੀ ਅਕਾਲੀ ਦਲ ਸਰਕਾਰ ਵਿਚ ਮੰਤਰੀ ਰਹੇ ਜਗਦੀਸ਼ ਸਿੰਘ ਗਰਚਾ ਨੇ ਕਿਹਾ ਹੈ ਕਿ ਬਾਦਲ ਦੀ ਅਗਵਾਈ ਵਾਲੀ ਉਸ ਵੇਲੇ ਦੀ ਸਰਕਾਰ ਨੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇ ਕੇ ਪੰਜਾਬ ਨੂੰ ਬੰਜਰ ਬਣਾ ਦਿੱਤਾ ਹੈ, ਹੁਣ ਪੰਜਾਬ ਨੂੰ ਕਿਸੇ ਵੀ ਹਾਲਤ ਵਿਚ ਬਚਾਇਆ ਨਹੀਂ ਜਾ ਸਕਦਾ ਕਿਉਂਕਿ ਕਿਸਾਨਾਂ ਨੇ ਪੰਜਾਬ ਦੇ ਭਲੇ ਬਾਰੇ ਸੋਚਣਾ ਹੀ ਬੰਦ ਕਰ ਦਿੱਤਾ ਹੈ।

ਜਦੋਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁਫਤ ਬਿਜਲੀ ਦੇਣ ਬਾਰੇ ਫੈਸਲਾ ਲਿਆ ਸੀ, ਤਾਂ ਉਨ੍ਹਾਂ (ਗਰਚਾ) ਇਸ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਸੀ ਕਿ ਇਸ ਨਾਲ ਸਿਰਫ਼ ਪੰਜਾਬ ਦੀ ਆਰਥਿਕਤਾ ਨੂੰ ਸੱਟ ਨਹੀਂ ਲੱਗੇਗੀ, ਸਗੋਂ ਇਸ ਨਾਲ ਪੰਜਾਬ ਦਾ ਪਾਣੀ ਵੀ ਖ਼ਤਮ ਹੋ ਜਾਵੇਗਾ। ਸ਼੍ਰੀ ਗਰਚਾ ਨੇ ਪੁਰਾਣਾ ਕਿੱਸਾ ਸਾਂਝਾ ਕਰਦਿਆਂ ਕਿਹਾ ਕਿ ਜਦੋਂ ਪੰਜਾਬ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਣ ਗਏ ਸਨ, ਤਾਂ ਉਹ ਉਨ੍ਹਾਂ ਨਾਲ ਪਟਿਆਲਾ ਦੇ ਬਿਜਲੀ ਬੋਰਡ (ਹੁਣ ਪੀ.ਐੱਸ.ਪੀ.ਸੀ.ਐੱਲ.) ਦੇ ਦਫ਼ਤਰ ਪਹੁੰਚੇ ਸਨ, ਉਸ ਵੇਲੇ ਸ਼੍ਰੀ ਬਾਦਲ ਨੇ ਬਿਜਲੀ ਬੋਰਡ ਦੇ ਇੰਜੀਨੀਅਰਾਂ ਨੂੰ ਪੁੱਛਿਆ ਸੀ ਕਿ ਜੇ ਕਿਸਾਨਾਂ ਨੂੰ ਮੁਕੰਮਲ ਤੌਰ 'ਤੇ ਬਿਜਲੀ ਮੁਫ਼ਤ ਦਿੱਤੀ ਜਾਵੇ, ਤਾਂ ਪੰਜਾਬ ਸਰਕਾਰ 'ਤੇ ਕਿੰਨਾ ਵਿੱਤੀ ਬੋਝ ਪਵੇਗਾ, ਤਾਂ ਇੰਜੀਨੀਅਰਾਂ ਨੇ ਕਿਹਾ ਸੀ ਕਿ 300 ਕਰੋੜ ਦਾ ਨੁਕਸਾਨ ਪੰਜਾਬ ਸਰਕਾਰ ਨੂੰ ਝੱਲਣਾ ਪਵੇਗਾ, ਤਾਂ ਬਾਦਲ ਸਾਹਿਬ ਕਹਿਣ ਲੱਗੇ ਕਿ ਫੇਰ ਤਾਂ ਕਿਸਾਨਾਂ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਸਕਦੀ ਹੈ। ਉਸ ਵੇਲੇ ਉਨ੍ਹਾਂ ਵਿਰੋਧ ਕਰਦਿਆਂ ਕਿਹਾ ਸੀ ਕਿ ਅਜਿਹਾ ਨਾ ਕਰੋ, ਇਸ ਨਾਲ ਪੰਜਾਬ ਦਾ ਸਿਰਫ਼ ਵਿੱਤੀ ਨੁਕਸਾਨ ਹੀ ਨਹੀਂ ਹੋਵੇਗਾ, ਸਗੋਂ ਨਹਿਰਾਂ ਦਾ ਪਾਣੀ ਵੀ ਵਰਤਣਾ ਬੰਦ ਹੋ ਜਾਵੇਗਾ। ਕਿਸਾਨਾਂ ਨੇ ਇਕ ਨਹੀਂ, ਸਗੋਂ ਚਾਰ-ਚਾਰ ਮੋਟਰਾਂ ਦੇ ਕੁਨੈਕਸ਼ਨ ਲੈ ਕੇ ਸਿਰਫ਼ ਧਰਤੀ ਹੇਠਲਾ ਪਾਣੀ ਹੀ ਕੱਢਣਾ ਹੈ, ਜਿਸ ਨਾਲ ਪੰਜਾਬ ਬੰਜਰ ਹੋ ਜਾਵੇਗਾ, ਤਾਂ ਬਾਦਲ ਸਾਹਿਬ ਕਹਿਣ ਲੱਗੇ ਕਿ ਪੰਜਾਬ ਦਾ ਵਿੱਤੀ ਨੁਕਸਾਨ ਭਾਵੇਂ 300 ਦੀ ਥਾਂ 500 ਕਰੋੜ ਹੋ ਜਾਵੇ ਪਰ ਆਪਾਂ ਕਿਸਾਨਾਂ ਨੂੰ ਬਿਜਲੀ ਮੁਫ਼ਤ ਦੇਣੀ ਹੀ ਹੈ।

ਹੁਣ ਹਾਲਾਤ ਇਹ ਹਨ ਕਿ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਨੂੰ ਬੰਦ ਕਰਨ ਦਾ ਜ਼ੇਰਾ ਕਿਸੇ ਸਰਕਾਰ ਕੋਲ ਨਹੀਂ ਹੈ, ਕਿਸਾਨ ਅੰਨ੍ਹੇਵਾਹ ਖੇਤਾਂ ਵਿਚੋਂ ਪਾਣੀ ਕੱਢ ਰਹੇ ਹਨ। ਹੁਣ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਦਾ ਪੰਜਾਬ ਸਰਕਾਰ ਨੂੰ ਵਿੱਤੀ ਬੋਝ 300 ਕਰੋੜ ਹੀ ਨਹੀਂ ਰਹਿ ਗਿਆ, ਸਗੋਂ ਹੁਣ 12000 ਕਰੋੜ ਤੋਂ ਵੀ ਟੱਪਣ ਜਾ ਰਿਹਾ ਹੈ।

# ਕੈਨੇਡਾ ਦੀ 'ਨੋ-ਫਲਾਈ ਲਿਸਟ' 'ਚ ਸ਼ਾਮਲ 2 ਸਿੱਖ ਕੱਟੜਪੰਥੀਆਂ ਦੀ ਅਪੀਲ ਰੱਦ

**ਓਟਵਾ, (ਪੰਜਾਬ ਮੇਲ)-**ਕੈਨੇਡਾ ਦੀ ਇਕ ਅਦਾਲਤ ਨੇ 2 ਸਿੱਖ ਕੱਟੜਪੰਥੀਆਂ ਦੀ ਦੇਸ਼ ਦੀ 'ਨੋ-ਫਲਾਈ' ਸੂਚੀ 'ਚੋਂ ਉਨ੍ਹਾਂ ਦੇ ਨਾਂ ਬਾਹਰ ਕੱਢਣ ਦੀ ਅਪੀਲ ਰੱਦ ਕਰਦਿਆਂ ਕਿਹਾ ਹੈ ਕਿ ਉਨ੍ਹਾਂ (ਅਦਾਲਤ) ਕੋਲ ਸ਼ੱਕ ਕਰਨ ਦੇ 'ਵਾਜਿਬ ਕਾਰਨ' ਹਨ ਕਿ ਉਹ (ਅਪੀਲਕਰਤਾ) ਹਵਾਈ ਸਫ਼ਰ ਦੌਰਾਨ ਕੋਈ ਅੱਤਵਾਦੀ ਅਪਰਾਧ ਕਰਕੇ ਆਵਾਜਾਈ ਸੁਰੱਖਿਆ ਨੂੰ ਖਤਰੇ 'ਚ ਪਾ ਸਕਦੇ ਹਨ। ਕੈਨੇਡੀਅਨ ਪ੍ਰੈੱਸ ਨਿਊਜ਼ ਏਜੰਸੀ ਨੇ ਵੀਰਵਾਰ ਨੂੰ ਵੈਨਕੂਵਰ ਤੋਂ ਰਿਪੋਰਟ ਕੀਤੀ ਹੈ ਕਿ ਫੈਡਰਲ ਕੋਰਟ ਆਫ ਅਪੀਲ ਨੇ ਇਸ ਹਫ਼ਤੇ ਆਪਣੇ ਫੈਸਲੇ 'ਚ ਭਗਤ ਸਿੰਘ ਬਰਾੜ ਤੇ ਪਰਵਕਾਰ ਸਿੰਘ ਦੂਲਈ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਕਿਉਂਕਿ ਉਹ ਦੋਵੇਂ ਕੈਨੇਡਾ ਦੇ ਸੁਰੱਖਿਅਤ ਹਵਾਈ ਯਾਤਰਾ ਐਕਟ ਦੇ ਤਹਿਤ ਆਪਣੇ 'ਨੋ-ਫਲਾਈ' ਦੀ ਸੰਵਿਧਾਨਿਕ ਚੁਣੌਤੀ ਹਾਰ ਗਏ ਸਨ। ਦੋਵਾਂ ਨੂੰ 2018 'ਚ ਵੈਨਕੂਵਰ ਵਿਖੇ ਜਹਾਜ਼ਾਂ 'ਚ ਚੜ੍ਹਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਅਦਾਲਤੀ ਫ਼ੈਸਲੇ 'ਚ ਕਿਹਾ ਗਿਆ ਹੈ ਕਿ ਇਹ ਕਾਨੂੰਨ ਜਨਤਕ ਸੁਰੱਖਿਆ ਮੰਤਰੀ ਉਨ੍ਹਾਂ ਲੋਕਾਂ ਨੂੰ ਉਡਾਨ ਭਰਨ 'ਤੇ ਪਾਬੰਦੀ ਲਗਾਉਣ ਦਾ ਅਧਿਕਾਰ ਦਿੰਦਾ ਹੈ, ਜੇਕਰ ਸ਼ੱਕ ਕਰਨ ਦੇ ਵਾਜਿਬ ਕਾਰਨ ਹੋਣ ਕਿ ਉਹ ਆਵਾਜਾਈ ਦੀ ਸੁਰੱਖਿਆ ਨੂੰ ਖਤਰੇ 'ਚ ਪਾਉਣਗੇ ਜਾਂ ਹਵਾਈ ਯਾਤਰਾ ਦੁਆਰਾ ਅੱਤਵਾਦੀ ਅਪਰਾਧ ਕਰ ਸਕਦੇ ਹਨ। ਅਪੀਲਕਰਤਾਵਾਂ ਵੱਲੋਂ ਉਡਾਨ ਲੈਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਉਹ ਕਰ ਨਹੀਂ ਸਕੇ ਕਿਉਂਕਿ ਉਨ੍ਹਾਂ ਦੇ ਨਾਂ ਉਡਾਨ ਨਾ ਭਰ ਸਕਣ ਵਾਲੀ ਸੂਚੀ 'ਚ ਸ਼ਾਮਲ ਸਨ, ਜਿਸ ਦਾ ਮੰਤਰੀ ਨੇ ਨਿਰਦੇਸ਼ ਦਿੱਤਾ ਸੀ ਬਰਾੜ ਤੇ ਦੂਲਈ ਵੱਲੋਂ 2019 'ਚ ਕੈਨੇਡਾ ਦੀ ਫੈਡਰਲ ਅਦਾਲਤ 'ਚ ਆਪਣੇ ਨਾਂ 'ਨੋ-ਫਲਾਈ' ਸੂਚੀ 'ਚੋਂ ਕੱਢਣ ਦੀ ਅਪੀਲ ਕੀਤੀ ਸੀ, ਪਰ ਜਸਟਿਸ ਸਾਈਮਨ ਨੋਇਲ ਨੇ 2022 'ਚ ਦੋਵਾਂ ਖ਼ਿਲਾਫ ਫ਼ੈਸਲਾ ਸੁਣਾਇਆ ਸੀ। ਆਪਣੀ ਅਪੀਲ 'ਚ ਬਰਾੜ ਤੇ ਦੂਲਈ ਦੋਵਾਂ ਨੇ ਦਲੀਲ ਦਿੱਤੀ ਕਿ ਇਸ ਸੂਚੀ 'ਚ ਰੱਖੇ ਜਾਣ ਕਾਰਨ ਉਨ੍ਹਾਂ ਦੇ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ, ਜੋ ਜਾਇਜ਼ ਨਹੀਂ ਹੈ।




# ਤੰਬਾਕੂ ਕਾਰਨ ਹਰ ਸਾਲ ਭਾਰਤ 'ਚ ਹੁੰਦੀਆਂ ਨੇ 1.35 ਮਿਲੀਅਨ ਮੌਤਾਂ



ਚੰਡੀਗੜ੍ਹ, (ਪੰਜਾਬ ਮੇਲ) – ਭਾਰਤ 'ਚ ਤੰਬਾਕੂ ਦੀ ਵਰਤੋਂ ਨਾਲ ਕਈ ਬੀਮਾਰੀਆਂ ਪੈਦਾ ਹੁੰਦੀਆਂ ਹਨ ਅਤੇ ਇਸ ਦੀ ਵਰਤੋਂ ਵਿਅਕਤੀ ਨੂੰ ਮੌਤ ਦੇ ਮੂੰਹ 'ਚ ਪਹੁੰਚਾ ਸਕਦੀ ਹੈ। ਦੇਸ਼ ਵਿਚ ਹਰ ਸਾਲ ਤੰਬਾਕੂ ਕਾਰਨ ਲਗਭਗ 1.35 ਮਿਲੀਅਨ ਮੌਤਾਂ ਹੁੰਦੀਆਂ ਹਨ। ਭਾਰਤ ਤੰਬਾਕੂ ਦਾ ਦੂਜਾ ਸਭ ਤੋਂ ਵੱਡਾ ਖਪਤਕਾਰ ਅਤੇ ਉਤਪਾਦਕ ਵੀ ਹੈ। ਗਲੋਬਲ ਯੂਥ ਤੰਬਾਕੂ ਸਰਵੇਖਣ (ਜੀ.ਵਾਈ.ਟੀ.ਐੱਸ.) 2019 ਦੇ ਅਨੁਸਾਰ, ਦੇਸ਼ ਭਰ ਵਿਚ 13 ਤੋਂ 15 ਸਾਲ ਦੀ ਉਮਰ ਦੇ 8.5 ਪ੍ਰਤੀਸ਼ਤ ਸਕੂਲੀ ਵਿਦਿਆਰਥੀ ਵੱਖ-ਵੱਖ ਰੂਪਾਂ ਵਿਚ ਤੰਬਾਕੂ ਦੀ ਵਰਤੋਂ ਕਰਦੇ ਪਾਏ ਗਏ ਹਨ। ਸਾਡੀਆਂ ਸਕੂਲਾਂ ਦੀਆਂ ਇਮਾਰਤਾਂ ਅਤੇ ਕੈਂਪਸਾਂ ਦੇ ਆਲੇ-ਦੁਆਲੇ ਵੱਖ-ਵੱਖ ਰੂਪਾਂ ਵਿਚ ਤੰਬਾਕੂ ਉਤਪਾਦਾਂ ਤੱਕ ਆਸਾਨ ਪਹੁੰਚ ਉਪਰੋਕਤ ਸਥਿਤੀ ਪੈਦਾ ਕਰਨ ਵਾਲੇ ਪ੍ਰਮੁੱਖ ਕਾਰਕਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ (ਐੱਨ.ਸੀ.ਟੀ.ਪੀ.) ਦੇ ਹਿੱਸੇ ਵਜੋਂ, ਨਾਬਾਲਗਾਂ ਅਤੇ ਨੌਜਵਾਨਾਂ ਨੂੰ ਤੰਬਾਕੂ ਦੀ ਵਰਤੋਂ ਤੋਂ ਬਚਾਉਣ ਲਈ ਵਿਦਿਅਕ ਸੰਸਥਾਵਾਂ ਨੂੰ ਤੰਬਾਕੂ ਮੁਕਤ ਬਣਾਉਣ ਲਈ "ਤੰਬਾਕੂ ਮੁਕਤ ਵਿਦਿਅਕ ਸੰਸਥਾਵਾਂ" ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ, ਸਿੱਖਿਆ ਮੰਤਰਾਲੇ ਨੇ ਸਕੂਲਾਂ ਲਈ "ਤੰਬਾਕੂ ਮੁਕਤ ਸਿੱਖਿਆ ਸੰਸਥਾ ਲਾਗੂਕਰਨ ਮੈਨੂਅਲ" ਤਿਆਰ ਕੀਤਾ ਹੈ ਅਤੇ ਇਸਨੂੰ 31 ਮਈ, 2024 ਨੂੰ ਮਨਾਏ ਗਏ ਵਿਸ਼ਵ ਤੰਬਾਕੂ ਰਹਿਤ ਦਿਵਸ (ਡਬਲਯੂ.ਐੱਨ.ਟੀ.ਡੀ.) 'ਤੇ ਲਾਂਚ ਕੀਤਾ ਹੈ। ਇਸਦਾ ਉਦੇਸ਼ ਦੇਸ਼ ਭਰ ਦੀਆਂ ਵਿਦਿਅਕ ਸੰਸਥਾਵਾਂ ਨੂੰ "ਤੰਬਾਕੂ ਮੁਕਤ ਸਿੱਖਿਆ ਸੰਸਥਾਵਾਂ" ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨਾ ਅਤੇ #TobaccoFreeZones ਬਣਾਉਣਾ ਹੈ। ਤੰਬਾਕੂ ਮੁਕਤ ਸਿੱਖਿਆ ਸੰਸਥਾਵਾਂ ਦੇ ਮਿਸ਼ਨ ਨੂੰ ਅੱਗੇ ਵਧਾਉਂਦੇ ਹੋਏ, ਸਕੱਤਰ, ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ, ਕੇਂਦਰੀ ਸਿੱਖਿਆ ਮੰਤਰਾਲੇ ਨੇ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸਕੂਲਾਂ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿਚ ਹੇਠ ਲਿਖੀਆਂ ਗਤੀਵਿਧੀਆਂ ਕਰਨ ਦੀ ਸਲਾਹ ਦਿੱਤੀ ਹੈ। ਇਸ ਸਬੰਧ ਵਿਚ, ਤੰਬਾਕੂ ਮੁਕਤ ਸਿੱਖਿਆ ਸੰਸਥਾਵਾਂ ਲਾਗੂ ਕਰਨ ਮੈਨੂਅਲ ਦੇ ਅਨੁਸਾਰ ਤੰਬਾਕੂ ਮੁਕਤ ਸਿੱਖਿਆ ਸੰਸਥਾਵਾਂ ਲਈ ਦਿਸ਼ਾ-ਨਿਰਦੇਸ਼ਾਂ ਦੀ ਸਹੀ ਢੰਗ ਨਾਲ ਪਾਲਣਾ ਕਰਨ ਲਈ ਇੱਕ ਵਿਸਤ੍ਰਿਤ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ;

- ਵਿਦਿਅਕ ਸੰਸਥਾ ਦੇ ਅਹਾਤੇ ਵਿਚ ਅਧਿਕਾਰਤ ਵਿਅਕਤੀ ਦੇ ਆਦੇਸ਼ ਦਾ ਜ਼ਿਕਰ ਕਰਦੇ ਹੋਏ 'ਤੰਬਾਕੂ ਮੁਕਤ ਜ਼ੋਨ' ਦੇ ਸੰਕੇਤ ਪ੍ਰਦਰਸ਼ਿਤ ਕਰੋ।
- ਵਿਦਿਅਕ ਸੰਸਥਾ ਦੇ ਪ੍ਰਵੇਸ਼ ਦੁਆਰ/ਚਾਰਦੀਵਾਰੀ 'ਤੇ ਅਧਿਕਾਰਤ ਵਿਅਕਤੀ ਦੇ ਆਦੇਸ਼ ਦੇ ਜ਼ਿਕਰ ਦੇ ਨਾਲ "ਤੰਬਾਕੂ ਮੁਕਤ ਸਿੱਖਿਆ ਸੰਸਥਾ" ਦਾ ਸੰਕੇਤ ਪ੍ਰਦਰਸ਼ਿਤ ਕਰੋ।
- ਇਮਾਰਤ ਦੇ ਅੰਦਰ ਤੰਬਾਕੂ ਦੀ ਵਰਤੋਂ ਦਾ ਕੋਈ ਸਬੂਤ ਨਹੀਂ ਹੋਣਾ ਚਾਹੀਦਾ ਹੈ, ਜਿਵੇਂ ਕਿ ਸਿਗਰਟ/ਬੀੜੀ ਦੇ ਟੁਕੜੇ ਜਾਂ ਰੱਦ ਕੀਤੇ ਗੁਟਖਾ/ਤੰਬਾਕੂ ਦੇ ਪਾਊਚ, ਥੁੱਕਣ ਵਾਲੇ ਸਥਾਨ ਆਦਿ।
- ਵਿਦਿਅਕ ਅਦਾਰੇ ਦੇ ਅਹਾਤੇ ਵਿਚ ਤੰਬਾਕੂ ਦੇ ਨੁਕਸਾਨਾਂ ਬਾਰੇ ਪੋਸਟਰ ਅਤੇ ਹੋਰ ਜਾਗਰੂਕਤਾ ਸਮੱਗਰੀ ਪ੍ਰਦਰਸ਼ਿਤ ਕਰਦੇ ਹੋਏ। ਵਿਦਿਅਕ ਸੰਸਥਾਵਾਂ ਵਿਚ ਹਰ ਛੇ ਮਹੀਨਿਆਂ ਵਿਚ ਘੱਟੋ-ਘੱਟ ਇੱਕ ਤੰਬਾਕੂ ਕੰਟਰੋਲ ਗਤੀਵਿਧੀ ਦਾ ਆਯੋਜਨ ਕਰਨਾ। 'ਤੰਬਾਕੂ ਮਾਨੀਟਰਾਂ' ਦੀ ਨਾਮਜ਼ਦਗੀ ਅਤੇ ਉਨ੍ਹਾਂ ਦੇ ਨਾਮ, ਅਹੁਦਾ ਅਤੇ ਸੰਪਰਕ ਨੰਬਰ ਸਾਈਨੇਜ 'ਤੇ ਪ੍ਰਦਰਸ਼ਿਤ ਕੀਤੇ ਜਾਣੇ ਚਾਹੀਦੇ ਹਨ।

# ਰੂਸ ਖਿਲਾਫ ਨਵੀਆਂ ਪਾਬੰਦੀਆਂ ਲਗਾਉਣ ਦੀ ਤਿਆਰੀ 'ਚ ਯੂਰਪੀਅਨ ਯੂਨੀਅਨ

ਨਵੀਂ ਦਿੱਲੀ, (ਪੰਜਾਬ ਮੇਲ)- ਯੂਰਪੀ ਸੰਘ ਰੂਸ ਦੇ ਖਿਲਾਫ ਕਈ ਪਾਬੰਦੀਆਂ ਲਗਾਉਣ ਦੀ ਤਿਆਰੀ ਕਰ ਰਿਹਾ ਹੈ। ਪਾਬੰਦੀਆਂ ਦੇ 14ਵੇਂ ਪੈਕੇਜ ਨੂੰ ਜਰਮਨੀ ਦੀਆਂ ਚਿੰਤਾਵਾਂ ਦੇ ਕਾਰਨ ਹਫ਼ਤਿਆਂ ਦੀ ਦੇਰੀ ਤੋਂ ਬਾਅਦ ਮਨਜ਼ੂਰੀ ਮਿਲਣ ਦੀ ਉਮੀਦ ਹੈ, ਨਵੀਆਂ ਪਾਬੰਦੀਆਂ ਦੀ ਲੜੀ ਉਨ੍ਹਾਂ ਕੰਪਨੀਆਂ 'ਤੇ ਸ਼ਿਕੰਜਾ ਕੱਸਣ ਲਈ ਤਿਆਰ ਕੀਤੀ ਗਈ ਹੈ, ਜਿਨ੍ਹਾਂ ਨੇ ਪਿਛਲੀਆਂ ਪਾਬੰਦੀਆਂ ਤੋਂ ਬਚਿਆ ਹੈ ਅਤੇ ਇਸ ਵਿਚ ਚੀਨ, ਕਜ਼ਾਕਿਸਤਾਨ, ਕਿਰਗਿਸਤਾਨ, ਤੁਰਕੀ ਅਤੇ ਯੂ.ਏ.ਈ. ਵਿਚ ਕਈ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਡਿਪਲੋਮੈਟਾਂ ਨੇ ਜਰਮਨੀ ਨਾਲ ਸਮਝੌਤਾ ਕੀਤਾ, ਇਸ ਗੱਲ 'ਤੇ ਸਹਿਮਤ ਹੋ ਕੇ ਰੂਸ ਨੂੰ ਨਿਰਯਾਤ ਨੂੰ ਰੋਕਣ ਵਾਲੀਆਂ ਪਾਬੰਦੀਆਂ ਈ.ਯੂ. ਕਾਰੋਬਾਰਾਂ 'ਤੇ ਲਾਗੂ ਹੋਣਗੀਆਂ, ਪਰ ਉਨ੍ਹਾਂ ਦੀਆਂ ਕਿਸੇ ਵੀ ਸਹਾਇਕ ਕੰਪਨੀਆਂ 'ਤੇ ਨਹੀਂ। ਨਵੀਆਂ ਪਾਬੰਦੀਆਂ ਯੂਰਪੀਅਨ ਯੂਨੀਅਨ ਦੇ ਮੀਡੀਆ ਆਊਟਲੈਟਾਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਰੂਸੀ ਸਰੋਤਾਂ ਤੋਂ ਫੰਡ ਪ੍ਰਾਪਤ ਕਰਨ 'ਤੇ ਵੀ

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਹਵਾ ਪ੍ਰਦੂਸ਼ਣ ਕਾਰਨ ਸਾਲ 2021 'ਚ ਪੂਰੀ ਦੁਨੀਆਂ 'ਚ ਹੋਈਆਂ 81 ਲੱਖ ਮੌਤਾਂ

- ਭਾਰਤ 'ਚ 21 ਲੱਖ ਤੇ ਚੀਨ 'ਚ 23 ਲੱਖ ਲੋਕਾਂ ਦੀ ਗਈ ਸੀ ਜਾਨ
- ਹੈਲਥ ਇਫੈਕਟਸ ਇੰਸਟੀਚਿਊਟ ਦੀ ਰਿਪੋਰਟ 'ਚ ਖੁਲਾਸਾ



ਨਵੀਂ ਦਿੱਲੀ, (ਪੰਜਾਬ ਮੇਲ)- ਹਵਾ ਪ੍ਰਦੂਸ਼ਣ ਕਾਰਨ ਸਾਲ 2021 'ਚ ਪੂਰੀ ਦੁਨੀਆਂ 'ਚ 81 ਲੱਖ ਲੋਕਾਂ ਦੀ ਮੌਤ ਹੋਈ ਸੀ। ਇਹ ਦਾਅਵਾ ਇਕ ਰਿਪੋਰਟ 'ਚ ਕੀਤਾ ਗਿਆ, ਜਿਸ ਵਿਚ ਕਿਹਾ ਗਿਆ ਕਿ ਉਕਤ ਸਮੇਂ ਦੌਰਾਨ ਹਵਾ ਪ੍ਰਦੂਸ਼ਣ ਕਾਰਨ ਭਾਰਤ 'ਚ 21 ਲੱਖ ਤੇ ਚੀਨ ਵਿਚ 23 ਲੱਖ ਲੋਕਾਂ ਦੀ ਜਾਨ ਗਈ ਸੀ। ਯੂਨੀਸੈੱਫ ਨਾਲ ਭਾਈਵਾਲੀ ਵਾਲੇ ਅਮਰੀਕਾ ਆਧਾਰਿਤ ਆਜ਼ਾਦਾਨਾ ਤੌਰ 'ਤੇ ਖੋਜ ਕਰਨ ਵਾਲੇ ਸੰਗਠਨ ਹੈਲਥ ਇਫੈਕਟਸ ਇੰਸਟੀਚਿਊਟ ਦੀ ਰਿਪੋਰਟ 'ਚ ਕਿਹਾ ਗਿਆ ਕਿ ਹਵਾ ਪ੍ਰਦੂਸ਼ਣ ਕਾਰਨ 2021 'ਚ ਭਾਰਤ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ 1,69,400 ਬੱਚਿਆਂ ਦੀ ਮੌਤ ਹੋਈ। ਇਸ ਤੋਂ ਬਾਅਦ ਨਾਇਜੀਰੀਆ 'ਚ 1,14,100, ਪਾਕਿਸਤਾਨ 'ਚ 68,100, ਇਥੋਪੀਆ 'ਚ 31,100 ਅਤੇ ਬੰਗਲਾਦੇਸ਼ 'ਚ 19,100 ਬੱਚਿਆਂ ਦੀ ਮੌਤ ਹਵਾ ਪ੍ਰਦੂਸ਼ਣ ਕਾਰਨ ਹੋਈ।

ਰਿਪੋਰਟ 'ਚ ਇਹ ਵੀ ਕਿਹਾ ਗਿਆ ਕਿ ਦੱਖਣੀ ਏਸ਼ੀਆ 'ਚ ਹਵਾ ਪ੍ਰਦੂਸ਼ਣ ਮੌਤ ਦਾ ਸਭ ਤੋਂ ਵੱਡਾ ਕਾਰਨ ਹੈ, ਜਿਸ ਤੋਂ ਬਾਅਦ ਖੂਨ ਦੇ ਉੱਚ ਦਬਾਅ, ਖੁਰਾਕ ਤੇ ਤੰਬਾਕੂ ਦਾ ਸੇਵਨ ਮੌਤ ਦੇ ਮੁੱਖ ਕਾਰਨ ਹਨ। ਰਿਪੋਰਟ ਮੁਤਾਬਕ 2021 ਵਿਚ ਹੋਈਆਂ ਮੌਤਾਂ ਦੀ ਗਿਣਤੀ ਕਿਸੇ ਵੀ ਪਿਛਲੇ ਸਾਲ ਦੇ ਅਨੁਮਾਨ ਨਾਲੋਂ ਵੱਧ ਸੀ। ਭਾਰਤ (21 ਲੱਖ ਮੌਤਾਂ) ਅਤੇ ਚੀਨ (23 ਲੱਖ ਮੌਤਾਂ) 'ਚ ਮੌਤ ਦੇ ਮਾਮਲੇ ਪੂਰੀ ਦੁਨੀਆਂ ਦੇ ਮੁਕਾਬਲੇ 54 ਫ਼ੀਸਦੀ ਵੱਧ ਸਨ। ਰਿਪੋਰਟ ਅਨੁਸਾਰ ਦੱਖਣੀ ਏਸ਼ੀਆ 'ਚ ਹਵਾ ਪ੍ਰਦੂਸ਼ਣ ਦੇ ਵੱਧ ਪ੍ਰਭਾਵ ਵਾਲੇ ਮੁਲਕਾਂ 'ਚ ਪਾਕਿਸਤਾਨ (2,56,000 ਮੌਤਾਂ), ਬੰਗਲਾਦੇਸ਼ (2,36,300) ਅਤੇ ਮਿਆਂਮਾਰ (1,01,600 ਮੌਤਾਂ), ਜਦਕਿ ਦੱਖਣ-ਪੂਰਬੀ ਏਸ਼ੀਆ 'ਚੋਂ ਇੰਡੋਨੇਸ਼ੀਆ (2,21,600 ਮੌਤਾਂ), ਵੀਅਤਨਾਮ (99,700 ਮੌਤਾਂ) ਅਤੇ ਫਿਲਪੀਨਜ਼ (98,209 ਮੌਤਾਂ) ਤੋਂ ਇਲਾਵਾ ਅਫਰੀਕਾ ਵਿਚ ਨਾਇਜੀਰੀਆ (2,06,700 ਮੌਤਾਂ) ਅਤੇ ਮਿਸਰ (1,16,500 ਮੌਤਾਂ) ਸ਼ਾਮਲ ਹਨ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਗਾਜ਼ਾ ’ਚ ਜੰਗਬੰਦੀ ਦੇ ਸਮਝੌਤੇ ’ਤੇ ਸਹਿਮਤ ਨਹੀਂ ਹੋਵਾਂਗੇ: ਨੇਤਨਯਾਹੂ

**■ ਜੰਗ ਜਾਰੀ ਰੱਖਣ ਲਈ ਬਜ਼ਿੱਦ ਇਜ਼ਰਾਇਲੀ ਪ੍ਰਧਾਨ ਮੰਤਰੀ**

ਤਲ ਅਵੀਵ, (ਪੰਜਾਬ ਮੇਲ)- ਗਾਜ਼ਾ ਵਿਚ ਅੱਠ ਮਹੀਨਿਆਂ ਤੋਂ ਚੱਲ ਰਹੀ ਜੰਗ ਦੇ ਖ਼ਾਤਮੇ ਸਬੰਧੀ ਅਮਰੀਕਾ ਦਾ ਸਮਰਥਨ ਪ੍ਰਾਪਤ ਤਜਵੀਜ਼ ਨੂੰ ਲਾਗੂ ਕਰਨ ’ਤੇ ਉਸ ਸਮੇਂ ਸ਼ੱਕ ਖੜ੍ਹਾ ਹੋ ਗਿਆ, ਜਦੋਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਉਹ ਸਿਰਫ਼ ਥੋੜ੍ਹੇ ਸਮੇਂ ਲਈ ਜੰਗਬੰਦੀ ਦੇ ਸਮਝੌਤੇ ਬਾਰੇ ਸਹਿਮਤ ਹੋਣ ਲਈ ਤਿਆਰ ਹੋਣਗੇ, ਜਿਸ ਨਾਲ ਜੰਗ ਖ਼ਤਮ ਨਹੀਂ ਹੋਵੇਗੀ। ਨੇਤਨਯਾਹੂ ਦੀ ਇਸ ਟਿੱਪਣੀ ਨਾਲ ਹਮਾਸ ਵੱਲੋਂ ਬੰਦੀ ਬਣਾਏ ਲੋਕਾਂ ਦੇ ਪਰਿਵਾਰਾਂ ਵਿਚ ਰੋਸ ਫੈਲ ਗਿਆ ਹੈ।




ਹਮਾਸ ਵੱਲੋਂ ਇਜ਼ਰਾਈਲ ’ਤੇ ਕੀਤੇ ਗਏ ਹਮਲੇ ਦੌਰਾਨ ਅਗਵਾ ਕੀਤੇ ਗਏ ਬੰਧਕਾਂ ਦੀਆਂ ਤਲ ਅਵੀਵ ਵਿਚ ਪ੍ਰਦਰਸ਼ਿਤ ਕੀਤੀਆਂ ਗਈਆਂ ਤਸਵੀਰਾਂ।

ਨੇਤਨਯਾਹੂ ਨੇ ਇਜ਼ਰਾਇਲੀ ਚੈਨਲ 14 ’ਤੇ ਐਤਵਾਰ ਨੂੰ ਦਿੱਤੀ ਇੰਟਰਵਿਊ ’ਚ ਗਾਜ਼ਾ ਪੱਟੀ ’ਚ ਬੰਦੀ ਬਣਾਏ ਗਏ ਲਗਪਗ 120 ਲੋਕਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ “ਅੰਸ਼ਿਕ ਸਮਝੌਤੇ ਲਈ ਤਿਆਰ ਹਨ ਅਤੇ ਇਹ ਕੋਈ ਰਹੱਸ ਨਹੀਂ ਹੈ, ਜਿਸ ਨਾਲ ਸਾਨੂੰ ਕੁੱਝ ਲੋਕ ਵਾਪਸ ਮਿਲ ਜਾਣਗੇ। ਪਰ ਅਸੀਂ ਹਮਾਸ ਦੇ ਖ਼ਾਤਮੇ ਦੇ ਟੀਚੇ ਨੂੰ ਪੂਰਾ ਕਰਨ ਲਈ ਇੱਕ ਜੰਗਬੰਦੀ ਮਗਰੋਂ ਜੰਗ ਜਾਰੀ ਰੱਖਣ ਲਈ ਵਚਨਬੱਧ ਹਾਂ। ਮੈਂ ਇਸ ਨੂੰ ਛੱਡਣ ਲਈ ਤਿਆਰ ਨਹੀਂ ਹਾਂ।”

ਨੇਤਨਯਾਹੂ ਦੀ ਇਹ ਟਿੱਪਣੀ ਅਜਿਹੇ ਸੰਵੇਦਨਸ਼ੀਲ ਮੌਕੇ ’ਤੇ ਆਈ ਹੈ, ਜਦੋਂ ਇਜ਼ਰਾਈਲ ਅਤੇ ਹਮਾਸ ਤਾਜ਼ਾ ਜੰਗਬੰਦੀ ਤਜਵੀਜ਼ ਤੋਂ ਦੂਰ ਹੁੰਦੇ ਦਿਖਾਈ ਦੇ ਰਹੇ ਹਨ ਅਤੇ ਇਹ ਜੰਗ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਵਿਚੋਲਿਆਂ ਲਈ ਇੱਕ ਹੋਰ ਝਟਕਾ ਹੋ ਸਕਦਾ ਹੈ।

# ਵਿਕੀਲੀਕਸ ਦਾ ਬਾਨੀ ਜੂਲੀਅਨ ਅਸਾਂਜ 5 ਸਾਲ ਬਾਅਦ ਜੇਲ੍ਹ ਵਿਚੋਂ ਰਿਹਾਅ

**■ ਅਮਰੀਕੀ ਸਰਕਾਰ ਨਾਲ ਇਕ ਸਮਝੌਤੇ ਤਹਿਤ ਸੰਭਵ ਹੋਈ ਰਿਹਾਈ**



ਲੰਡਨ, (ਪੰਜਾਬ ਮੇਲ)- ਅਮਰੀਕਾ ਦੀ ਜਾਸੂਸੀ ਦੇ ਦੋਸ਼ਾਂ ’ਚ ਜੇਲ੍ਹ ’ਚ ਬੰਦ ਵਿਕੀਲੀਕਸ ਦੇ ਫਾਊਂਡਰ ਜੂਲੀਅਨ ਅਸਾਂਜੇ 5 ਸਾਲ ਬਾਅਦ ਮੰਗਲਵਾਰ ਨੂੰ ਲੰਡਨ ਦੀ ਜੇਲ੍ਹ ਤੋਂ ਰਿਹਾਅ ਹੋ ਗਏ। ਉਨ੍ਹਾਂ ਨੇ ਅਮਰੀਕੀ ਸਰਕਾਰ ਨਾਲ ਇਕ ਸਮਝੌਤੇ ਦੇ ਅਧੀਨ ਜਾਸੂਸੀ ਦੀ ਗੱਲ ਸਵੀਕਾਰ ਕਰ ਲਈ ਹੈ। ਯੂ.ਐੱਸ. ਜ਼ਿਲ੍ਹਾ ਕੋਰਟ ਦੇ ਦਸਤਾਵੇਜ਼ਾਂ ਅਨੁਸਾਰ, 52 ਸਾਲ ਦੇ ਅਸਾਂਜੇ ਨੇ ਅਮਰੀਕਾ ਨਾਲ ਇਕ ਸਮਝੌਤਾ ਕੀਤਾ ਹੈ। ਇਸ ਦੇ ਅਧੀਨ ਉਹ ਬੁੱਧਵਾਰ ਨੂੰ ਅਮਰੀਕਾ ਦੀ ਸਾਈਪਨ ਕੋਰਟ ’ਚ ਪੇਸ਼ ਹੋਣਗੇ। ਇੱਥੇ ਉਹ ਅਮਰੀਕਾ ਦੇ ਖੁਫ਼ੀਆ ਦਸਤਾਵੇਜ਼ਾਂ ਨੂੰ ਦਾਖਲ ਕਰਨ ਲਈ ਸਾਜਿਸ਼ ਰਚਣ ਦੇ ਦੋਸ਼ ਨੂੰ ਸਵੀਕਾਰ ਕਰਨਗੇ। ਦੋਸ਼ ਮੰਨਣ ਤੋਂ ਬਾਅਦ ਅਸਾਂਜੇ ਨੂੰ 62 ਮਹੀਨੇ (5 ਸਾਲ 2 ਮਹੀਨੇ) ਜੇਲ੍ਹ ਦੀ ਸਜ਼ਾ ਸੁਣਾਈ ਜਾਵੇਗੀ, ਜੋ ਉਹ ਪਹਿਲੇ ਹੀ ਪੂਰੀ ਕਰ ਚੁੱਕੇ ਹਨ। ਜੂਲੀਅਨ ਹੁਣ ਤੱਕ ਬ੍ਰਿਟਿਸ਼ ਜੇਲ੍ਹ ’ਚ 1901 ਦਿਨ ਦੀ ਸਜ਼ਾ ਕੱਟ ਚੁੱਕੇ ਹਨ। ਅਮਰੀਕਾ ਨਾਲ ਕੀਤੇ ਗਏ ਸਮਝੌਤੇ ਤੋਂ ਬਾਅਦ ਉਨ੍ਹਾਂ ਨੂੰ ਬ੍ਰਿਟੇਨ ਦੀ ਹਾਈ-ਸਕਿਓਰਿਟੀ ਜੇਲ੍ਹ ਬੇਲਮਾਰਸ਼ ਤੋਂ ਸੋਮਵਾਰ ਨੂੰ ਰਿਹਾਅ ਕਰ ਦਿੱਤਾ ਗਿਆ। ਇੱਥੋਂ ਉਹ ਸਿੱਧੇ ਆਪਣੇ ਦੇਸ਼ ਆਸਟ੍ਰੇਲੀਆ ਲਈ ਰਵਾਨਾ ਹੋ ਗਏ।

ਸਮਝੌਤਾ ਹੋਣ ਤੋਂ ਬਾਅਦ ਵਿਕੀਲੀਕਸ ਨੇ ਸੋਸ਼ਲ ਮੀਡੀਆ ’ਤੇ ਪੋਸਟ ਕਰਕੇ ਜੂਲੀਅਨ ਅਸਾਂਜੇ ਦੀ ਰਿਹਾਈ ਦੀ ਜਾਣਕਾਰੀ ਦਿੱਤੀ। ਉਨ੍ਹਾਂ ਲਿਖਿਆ ‘ਜੂਲੀਅਨ ਅਸਾਂਜੇ ਇਜ ਫ੍ਰੀ’। ਉੱਥੇ ਹੀ ਜੂਲੀਅਨ ਦੀ ਪਤਨੀ ਸਟੇਲਾ ਨੇ ਕਿਹਾ, “ਮੈਂ ਸਾਲਾਂ ਤੱਕ ਜੂਲੀਅਨ ਦਾ ਸਾਥ ਦੇਣ ਵਾਲੇ ਉਨ੍ਹਾਂ ਦੇ ਸਮਰਥਕਾਂ ਦਾ ਧੰਨਵਾਦ ਕਰਦੀ ਹਾਂ। ਅਸੀਂ ਉਨ੍ਹਾਂ ਦੇ ਕਿੰਨੇ ਧੰਨਵਾਦੀ ਹਾਂ, ਇਸ ਨੂੰ ਸ਼ਬਦਾਂ ’ਚ ਨਹੀਂ ਦੱਸਿਆ ਜਾ ਸਕਦਾ। ਉਨ੍ਹਾਂ ਦੇ ਸਮਰਥਨ ਕਾਰਨ ਹੀ ਜੂਲੀਅਨ ਘਰ ਆ ਰਹੇ ਹਨ।” ਆਸਟ੍ਰੇਲੀਆਈ ਨਾਗਰਿਕ ਅਸਾਂਜੇ ਨੇ 2010-11 ’ਚ ਹਜ਼ਾਰਾਂ ਕਲਾਸੀਫਾਈਡ ਦਸਤਾਵੇਜ਼ਾਂ ਨੂੰ ਜਨਤਕ ਕਰ ਦਿੱਤਾ ਸੀ। ਇਸ ’ਚ ਅਫਗਾਨਿਸਤਾਨ ਅਤੇ ਇਰਾਕ ਯੁੱਧ ਨਾਲ ਜੁੜੇ ਦਸਤਾਵੇਜ਼ ਵੀ ਸਨ। ਇਸ ਰਾਹੀਂ ਉਨ੍ਹਾਂ ਨੇ ਅਮਰੀਕਾ, ਇੰਗਲੈਂਡ ਅਤੇ ਨਾਟੋ ਦੀਆਂ ਸੈਨਾਵਾਂ ’ਤੇ ਯੁੱਧ ਅਪਰਾਧ ਦਾ ਦੋਸ਼ ਲਗਾਇਆ ਸੀ। ਜਿਸ ’ਚ ਰੇਪ, ਟਾਰਚਰ ਅਤੇ ਸਰੰਡਰ ਕਰ ਚੁੱਕੇ ਲੋਕਾਂ ਨੂੰ ਮਾਰਨ ਵਰਗੇ ਅਪਰਾਧ ਸ਼ਾਮਲ ਸਨ। 2010-11 ’ਚ ਵਿਕੀਲੀਕਸ ਦੇ ਖ਼ੁਲਾਸੇ ਤੋਂ ਬਾਅਦ ਅਮਰੀਕਾ ਨੇ ਦੋਸ਼ ਲਗਾਇਆ ਸੀ ਕਿ ਜੂਲੀਅਨ ਅਸਾਂਜੇ ਨੇ ਉਨ੍ਹਾਂ ਦੇਸ਼ ਦੀ ਜਾਸੂਸੀ ਕੀਤੀ ਹੈ। ਉਸ ਨੇ ਸੀਕ੍ਰੇਟ ਫਾਈਲ ਪਬਲਿਸ਼ ਕਰ ਦਿੱਤੀ, ਜਿਸ ਨਾਲ ਕਈ ਲੋਕਾਂ ਦਾ ਜੀਵਨ ਖ਼ਤਰੇ ’ਚ ਆ ਗਿਆ ਸੀ। ਹਾਲਾਂਕਿ ਜੂਲੀਅਨ ਅਸਾਂਜੇ ਨੇ ਹਮੇਸ਼ਾ ਜਾਸੂਸੀ ਦੇ ਦੋਸ਼ਾਂ ਤੋਂ ਇਨਕਾਰ ਕੀਤਾ। ਬਾਅਦ ’ਚ ਅਸਾਂਜੇ ’ਤੇ ਇਹ ਵੀ ਦੋਸ਼ ਲੱਗਾ ਕਿ ਅਮਰੀਕੀ ਰਾਸ਼ਟਰਪਤੀ ਚੋਣਾਂ ਦੌਰਾਨ ਰੂਸੀ ਖ਼ੁਫ਼ੀਆ ਏਜੰਸੀਆਂ ਨੇ ਹਿਲੇਰੀ ਕਲਿੰਟਨ ਦੇ ਕੈਂਪਨ ਨਾਲ ਜੁੜੇ ਈ-ਮੇਲ ਹੈਕ ਕਰ ਕੇ ਉਨ੍ਹਾਂ ਨੂੰ ਵਿਕੀਲੀਕਸ ਨੂੰ ਦਿੱਤੇ ਸਨ। ਉਹ ਪਿਛਲੇ 13 ਸਾਲਾਂ ਤੋਂ ਕਾਨੂੰਨੀ ਲੜਾਈ ਲੜ ਰਹੇ ਸਨ।

# ਰੂਸ ਵੱਲੋਂ ਅਮਰੀਕੀ ਰਾਜਦੂਤ ਤਲਬ

**■ ‘ਮੇਡ ਇਨ ਅਮਰੀਕਾ’ ਮਿਜ਼ਾਈਲਾਂ ਨਾਲ ਰੂਸ ’ਚ ਹਮਲਾ ਕਰਨ ’ਤੇ ਦਰਜ ਕੀਤਾ ਵਿਰੋਧ**

ਮਾਸਕੋ, (ਪੰਜਾਬ ਮੇਲ)- ਰੂਸ ਦੇ ਵਿਦੇਸ਼ ਮੰਤਰਾਲਾ ਨੇ ਸੋਮਵਾਰ ਨੂੰ ਅਮਰੀਕੀ ਰਾਜਦੂਤ ਨੂੰ ਤਲਬ ਕਰ ਕੇ ਰੂਸ ਦੇ ਕਬਜ਼ੇ ਵਾਲੇ ਕ੍ਰੀਮੀਆ ’ਤੇ ਯੂਕ੍ਰੇਨ ਵੱਲੋਂ ਕੀਤੇ ਹਮਲੇ ’ਚ ਅਮਰੀਕੀ ਮਿਜ਼ਾਈਲਾਂ ਦੀ ਵਰਤੋਂ ’ਤੇ ਆਪਣਾ ਵਿਰੋਧ ਦਰਜ ਕਰਵਾਇਆ। ਇਸ ਹਮਲੇ ’ਚ 4 ਲੋਕਾਂ ਦੀ ਮੌਤ ਹੋ ਗਈ ਅਤੇ 150 ਤੋਂ ਜ਼ਿਆਦਾ ਲੋਕ ਜ਼ਖਮੀ ਹੋ ਗਏ। ਰੂਸ ਦੇ ਵਿਦੇਸ਼ ਮੰਤਰਾਲਾ ਨੇ ਇਕ ਬਿਆਨ ’ਚ ਕਿਹਾ ਕਿ ਅਮਰੀਕਾ ਯੂਕ੍ਰੇਨ ’ਚ ਜੰਗ ਦਾ ਪ੍ਰਭਾਵਸ਼ਾਲੀ ਢੰਗ ਨਾਲ ਪੱਖ ਬਣ ਚੁੱਕਾ ਹੈ ਅਤੇ ਨਿਸ਼ਚਿਤ ਤੌਰ ’ਤੇ ਜਵਾਬੀ ਕਾਰਵਾਈ ਕੀਤੀ ਜਾਵੇਗੀ। 2014 ’ਚ ਕ੍ਰੀਮੀਆ ’ਤੇ ਰੂਸ ਨੇ ਕਬਜ਼ਾ ਕਰ ਲਿਆ ਸੀ। ਰੂਸੀ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਦੇ ਹਮਲੇ ’ਚ ਮਾਰੇ ਗਏ ਲੋਕਾਂ ’ਚ ਦੋ ਬੱਚੇ ਵੀ ਸ਼ਾਮਲ ਹਨ, ਜੋ ਕਿ ਕ੍ਰੀਮੀਆ ਦੇ ਬੰਦਰਗਾਹ ਸ਼ਹਿਰ ਸੇਵਾਸਤੋਪੋਲ ਦੇ ਕੰਢੀ ਖੇਤਰ ’ਚ ਯੂਕਰੇਨ ਵੱਲੋਂ ਦਾਗੀਆਂ ਗਈਆਂ ਮਿਜ਼ਾਈਲਾਂ ਦੇ ਮਲਬੇ ਦਾ ਸ਼ਿਕਾਰ ਹੋਏ ਸਨ।

ਰੂਸੀ ਅਧਿਕਾਰੀਆਂ ਨੇ ਕਿਹਾ ਕਿ ਹਮਲਿਆਂ ’ਚ ਕਲੱਸਟਰ ਹਥਿਆਰਾਂ ਦੀ ਵੀ ਵਰਤੋਂ ਕੀਤੀ ਗਈ, ਜਿਸ ਬਾਰੇ ਮਾਹਰਾਂ ਦਾ ਕਹਿਣਾ ਹੈ ਕਿ ਇਸ ਦੀ ਵਰਤੋਂ ਨਾਲ ਲੜਾਕਿਆਂ ਨਾਲੋਂ ਆਮ ਨਾਗਰਿਕਾਂ ਨੂੰ ਜ਼ਿਆਦਾ ਨੁਕਸਾਨ ਹੁੰਦਾ ਹੈ। ਰੂਸ ਨੇ ਕਿਹਾ ਕਿ ਇਹ ਮਿਜ਼ਾਈਲਾਂ ਅਮਰੀਕਾ ’ਚ ਬਣੀਆਂ ਏ.ਟੀ.ਏ.ਸੀ.ਐੱਮ.ਐੱਸ. ਸਨ, ਜੋ ਕਿ ਲੰਬੀ ਦੂਰੀ ਦੀਆਂ ਗਾਈਡਡ ਮਿਜ਼ਾਈਲਾਂ ਹੈ। ਰੂਸ ਨੇ ਅਮਰੀਕੀ ਰਾਜਦੂਤ ਲਿਨ ਟ੍ਰੇਸੀ ਨੂੰ ਵਿਦੇਸ਼ ਮੰਤਰਾਲੇ ’ਚ ਤਲਬ ਕੀਤਾ। ਵਿਦੇਸ਼ ਮੰਤਰਾਲਾ ਨੇ ਇਹ ਵੀ ਕਿਹਾ ਕਿ ਰੂਸੀ ਖੇਤਰ ’ਤੇ ਹਮਲਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ। ਫਿਲਹਾਲ ਸਬੰਧਤ ਘਟਨਾਕ੍ਰਮ ’ਤੇ ਯੂਕ੍ਰੇਨੀ ਅਤੇ ਅਮਰੀਕੀ ਅਧਿਕਾਰੀਆਂ ਦੀ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਰੂਸੀ ਹਮਲੇ ਤੋਂ ਬਾਅਦ ਯੂਕਰੇਨ ਦੀ ਫੌਜ ਜ਼ਿਆਦਾਤਰ ਪੱਛਮੀ ਦੇਸ਼ਾਂ ਦੇ ਹਥਿਆਰਾਂ ’ਤੇ ਨਿਰਭਰ ਰਹੀ ਹੈ। ਇਸ ਦੌਰਾਨ ਰੂਸੀ ਰੱਖਿਆ ਮੰਤਰਾਲੇ ਨੇ ਸੋਮਵਾਰ ਨੂੰ ਯੂਕਰੇਨ ਦੀ ਫ਼ੌਜ ਦੇ ਇਕ ‘ਮੁੱਖ ਫ਼ੌਜੀ ਅੱਡੇ’ ਨੂੰ ਨਿਸ਼ਾਨਾ ਬਣਾਉਣ ਦੀ ਸੂਚਨਾ ਦਿੱਤੀ, ਜਿਸ ’ਚ ਪੱਛਮੀ ਦੇਸ਼ਾਂ ਵੱਲੋਂ ਸਪਲਾਈ ਕੀਤੀਆਂ ਮਿਜ਼ਾਈਲਾਂ ਅਤੇ ਹੋਰ ਹਥਿਆਰਾਂ ਨੂੰ ਸਟੋਰ ਕੀਤਾ ਸੀ। ਮੰਤਰਾਲੇ ਨੇ ਕਿਹਾ ਕਿ ਇਹ ਹਮਲਾ ਲੜਾਕੂ ਜਹਾਜ਼ਾਂ, ਡਰੋਨਾਂ, ਜ਼ਮੀਨ ’ਤੇ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਅਤੇ ਤੋਪਖਾਨੇ ਵੱਲੋਂ ਕੀਤਾ ਗਿਆ ਸੀ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com



# 'ਆਪ' ਨੇ ਜਲੰਧਰ ਪੱਛਮੀ ਜ਼ਿਮਨੀ ਚੋਣ ਲਈ ਪੂਰੀ ਤਾਕਤ ਝੋਕੀ

■ ਦੋ ਦਰਜਨ ਵਿਧਾਇਕਾਂ ਤੇ ਵਜ਼ੀਰਾਂ ਹੱਥ ਆਈ ਚੋਣ ਪ੍ਰਚਾਰ ਦੀ ਕਮਾਨ

**ਜਲੰਧਰ, (ਪੰਜਾਬ ਮੇਲ)**- ਆਮ ਆਦਮੀ ਪਾਰਟੀ ਨੇ (ਜਲੰਧਰ ਪੱਛਮੀ) ਦੀ ਜ਼ਿਮਨੀ ਚੋਣ ਲਈ ਪੂਰੀ ਤਾਕਤ ਝੋਕ ਦਿੱਤੀ ਹੈ। 'ਆਪ' ਸਰਕਾਰ ਦੇ ਵਿਧਾਇਕ ਤੇ ਮੰਤਰੀ ਵਾਰਡ ਇੰਚਾਰਜ ਵਜੋਂ ਨਿਯੁਕਤ ਕਰ ਦਿੱਤੇ ਗਏ ਹਨ। 'ਆਪ' ਦੇ ਸੰਗਠਨ ਸਕੱਤਰ ਅਤੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਚੋਣ ਸਬੰਧੀ 20 ਜੂਨ ਨੂੰ ਮੀਟਿੰਗ ਕੀਤੀ ਸੀ। ਮੀਟਿੰਗ ਮਗਰੋਂ ਹੁਣ ਪਾਰਟੀ ਦੇ ਵਿਧਾਇਕਾਂ ਤੇ ਵਜ਼ੀਰਾਂ ਨੂੰ ਚੋਣ ਦੀ ਕਮਾਨ ਸੌਂਪ ਦਿੱਤੀ ਗਈ ਹੈ। ਕਈ ਮੰਤਰੀਆਂ ਤੇ ਵਿਧਾਇਕਾਂ ਨੇ ਹਲਕੇ ਵਿਚ ਡੇਰੇ ਲਾਏ ਹਨ, ਜਦਕਿ ਕਈਆਂ ਦੇ ਛੇਤੀ ਪੁੱਜਣ ਦੀ ਆਸ ਹੈ।

ਆਮ ਆਦਮੀ ਪਾਰਟੀ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਦਾ ਦਾਗ਼ ਧੋਣ ਲਈ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਜਿੱਤਣ ਲਈ ਪੂਰਾ ਤਾਣ ਲਾਏਗੀ। ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਵੀ ਜਲੰਧਰ 'ਚ ਚੋਣ ਪ੍ਰਚਾਰ ਦੀ ਅਗਵਾਈ ਕਰਨਗੇ। ਜਲੰਧਰ ਪੱਛਮੀ ਹਲਕੇ 'ਚ 23 ਵਾਰਡ ਪੈਂਦੇ ਹਨ ਅਤੇ ਹਰ ਵਾਰਡ ਦੀ ਜ਼ਿੰਮੇਵਾਰੀ ਵਿਧਾਇਕ ਜਾਂ ਮੰਤਰੀ ਨੂੰ ਦਿੱਤੀ ਗਈ ਹੈ। ਰਾਜ ਸਭਾ ਮੈਂਬਰ ਸੰਦੀਪ ਪਾਠਕ ਵੱਲੋਂ ਬੁਲਾਈ ਮੀਟਿੰਗ ਵਿਚ 23 ਮੰਤਰੀਆਂ ਤੇ ਵਿਧਾਇਕਾਂ ਨੂੰ ਸੱਦਿਆ ਗਿਆ ਸੀ। ਹਰ ਵਾਰਡ ਵਿਚ ਇਕ ਵਿਧਾਇਕ ਜਾਂ ਮੰਤਰੀ ਤਾਇਨਾਤ ਹੋਵੇਗਾ, ਜਿਸ ਅਧੀਨ ਸੂਬਾ ਪੱਧਰੀ ਬੋਰਡਾਂ ਤੇ ਕਾਰਪੋਰੇਸ਼ਨ ਦੇ ਚੇਅਰਮੈਨ ਚੋਣ ਪ੍ਰਚਾਰ ਦਾ ਕੰਮ ਕਰਨਗੇ। ਇਸ ਸਬੰਧੀ ਕੈਬਨਿਟ ਵਜ਼ੀਰ ਕੁਲਦੀਪ ਸਿੰਘ ਧਾਲੀਵਾਲ, ਬਲਜੀਤ ਕੌਰ, ਲਾਲਜੀਤ ਸਿੰਘ ਭੁੱਲਰ, ਲਾਲ ਚੰਦ ਕਟਾਰੂਚੱਕ, ਹਰਪਾਲ ਸਿੰਘ ਚੀਮਾ ਤੋਂ ਇਲਾਵਾ ਕਈ ਵਿਧਾਇਕਾਂ ਦੀ ਡਿਊਟੀ ਲਾਈ ਗਈ ਹੈ।

ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਮਲਵਿੰਦਰ ਸਿੰਘ ਕੰਗ ਹਵਾਲੇ ਵੀ ਵਾਰਡ ਕੀਤੇ ਗਏ ਹਨ। ਜਲੰਧਰ ਪੱਛਮੀ ਹਲਕੇ ਵਿਚ 181 ਬੂਥ ਪੈਂਦੇ ਹਨ ਅਤੇ ਹਰ ਬੂਥ ਦਾ ਇੰਚਾਰਜ ਸੂਬਾ ਪੱਧਰੀ ਚੇਅਰਮੈਨ ਜਾਂ ਅਹਿਮ ਅਹੁਦੇਦਾਰਾਂ ਨੂੰ ਲਾਇਆ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਚੋਣ ਲਈ ਰਣਨੀਤੀ ਘੜੀ ਹੈ ਅਤੇ ਉਹ ਇਸ ਚੋਣ ਨੂੰ ਜਿੱਤਣ ਲਈ ਜ਼ਿਆਦਾ ਸਮਾਂ ਜਲੰਧਰ ਪੱਛਮੀ ਹਲਕੇ ਨੂੰ ਹੀ ਦੇਣਗੇ। 'ਆਪ' ਨੇ ਇਸ ਹਲਕੇ ਤੋਂ ਮਹਿੰਦਰ ਭਗਤ ਨੂੰ ਉਮੀਦਵਾਰ ਬਣਾਇਆ ਹੈ।

ਜਿਨ੍ਹਾਂ ਦੀ ਇਸ ਚੋਣ ਸਬੰਧੀ 'ਆਪ' ਪਾਰਟੀ ਨੇ ਡਿਊਟੀ ਲਗਾਈ ਗਈ ਹੈ, ਉਹ ਮੰਤਰੀ ਅਤੇ ਵਿਧਾਇਕ ਭਲਕੇ ਜਲੰਧਰ ਪੁੱਜ ਜਾਣਗੇ। ਰਾਜ ਸਭਾ ਮੈਂਬਰ ਸੰਦੀਪ ਪਾਠਕ ਸਮੁੱਚੇ ਚੋਣ ਪ੍ਰਚਾਰ ਦੀ ਨਿਗਰਾਨੀ ਕਰਨਗੇ। ਸੂਤਰ ਆਖਦੇ ਹਨ ਕਿ ਪਾਰਟੀ ਵੱਲੋਂ ਵਿਧਾਇਕਾਂ ਅਤੇ ਵਜ਼ੀਰਾਂ ਨੂੰ ਹਦਾਇਤਾਂ ਹਨ ਕਿ ਜਲੰਧਰ ਪੱਛਮੀ ਜ਼ਿਮਨੀ ਚੋਣ ਤੋਂ 'ਆਪ' ਦੀ ਜਿੱਤ ਯਕੀਨੀ ਬਣਾਈ ਜਾਵੇ।

## ਪੁਲਾੜ ਯਾਨ 'ਚ ਤਕਨੀਕੀ ਨੁਕਸ ਕਾਰਨ ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਦਾ ਆਉਣਾ ਮੁਲਤਵੀ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਦੀ ਪੁਲਾੜ ਯਾਨ ਵਿਚ ਤਕਨੀਕੀ ਖ਼ਰਾਬੀ ਕਾਰਨ ਵਾਪਸੀ ਦੀ ਯਾਤਰਾ ਮੁਲਤਵੀ ਕਰ ਦਿੱਤੀ ਗਈ ਹੈ। ਅਮਰੀਕੀ ਪੁਲਾੜ ਏਜੰਸੀ (ਨਾਸਾ) ਨੇ ਅਜੇ ਤੱਕ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) ਤੋਂ ਵਾਪਸੀ ਦੀ ਮਿੱਤੀ ਦਾ ਐਲਾਨ ਨਹੀਂ ਕੀਤਾ। ਉਹ ਪੁਲਾੜ ਯਾਤਰੀ ਬੁਚਵਿਲਮੋਰ ਦੇ ਨਾਲ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਵਿਚ ਇਸ ਮਹੀਨੇ ਦੀ 5 ਤਰੀਕ ਨੂੰ ਆਈ.ਐੱਸ.ਐੱਸ. ਪਹੁੰਚੀ ਸੀ। ਫਿਰ ਵੀ, ਤਕਨੀਕੀ ਸਮੱਸਿਆਵਾਂ ਕਾਰਨ ਯਾਤਰਾ ਨੂੰ ਕਈ ਵਾਰ ਮੁਲਤਵੀ ਕਰਨ ਤੋਂ ਬਾਅਦ, ਵਿਲੀਅਮਜ਼ ਅੰਤ ਵਿਚ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਉਤਰਿਆ। ਉਨ੍ਹਾਂ ਨੇ ਇਹ ਯਾਤਰਾ 10 ਦਿਨਾਂ ਦੇ ਮਿਸ਼ਨ ਦੇ ਹਿੱਸੇ ਵਜੋਂ ਕੀਤੀ।

## ਜਲੰਧਰ ਜ਼ਿਮਨੀ ਚੋਣ : ਗਰੀਬ ਤੇ ਪੱਛੜੇ ਹਲਕੇ 'ਚੋਂ ਜਿੱਤਣ ਵਾਲਾ ਆਗੂ ਰਾਤੋ-ਰਾਤ ਹੋ ਜਾਂਦੇ ਅਮੀਰ

**ਜਲੰਧਰ, (ਪੰਜਾਬ ਮੇਲ)**-ਜਲੰਧਰ ਪੱਛਮੀ ਵਿਧਾਨ ਸਭਾ ਹਲਕਾ ਪੰਜਾਬ ਦੇ ਹੋਰ ਵਿਧਾਨ ਸਭਾ ਹਲਕਿਆਂ ਨਾਲੋਂ ਸਭ ਤੋਂ ਗਰੀਬ ਤੇ ਪੱਛੜਿਆ ਹਲਕਾ ਮੰਨਿਆ ਜਾਂਦਾ ਹੈ ਪਰ ਇਥੋਂ ਚੋਣ ਜਿੱਤਣ ਵਾਲਾ ਆਗੂ ਰਾਤੋ-ਰਾਤ ਅਮੀਰ ਹੋ ਜਾਂਦਾ ਹੈ। ਇਸ ਹਲਕੇ ਦਾ ਪਹਿਲਾਂ ਨਾਂ ਜਲੰਧਰ ਦੱਖਣੀ ਹੁੰਦਾ ਸੀ ਪਰ 2007 ਦੀਆਂ ਵਿਧਾਨ ਸਭਾ ਚੋਣਾਂ ਮਗਰੋਂ ਹਲਕਿਆਂ ਦੀ ਹੋਈ ਰੱਦੋ-ਬਦਲ ਦੌਰਾਨ ਇਸ ਦਾ ਨਾਂ ਜਲੰਧਰ ਪੱਛਮੀ ਰੱਖ ਦਿੱਤਾ ਗਿਆ ਸੀ। ਇਸ ਹਲਕੇ ਵਿਚ ਤਿੰਨ ਥਾਣੇ ਪੈਂਦੇ ਹਨ ਪਰ ਫਿਰ ਵੀ ਇਥੇ ਅਪਰਾਧ ਦੀ ਦਰ ਦੂਜੇ ਹਲਕਿਆਂ ਦੇ ਮੁਕਾਬਲੇ ਜ਼ਿਆਦਾ ਦੱਸੀ ਜਾਂਦੀ ਹੈ। ਇਸ ਰਾਖਵੇਂ ਹਲਕੇ ਵਿਚ ਵਸੋਂ ਦਾ ਵੱਡਾ ਹਿੱਸਾ ਛੋਟੀਆਂ ਜਾਤਾਂ ਨਾਲ ਸਬੰਧਤ ਹੈ ਅਤੇ ਉਨ੍ਹਾਂ ਦੇ ਕਾਰੋਬਾਰ ਵੀ ਛੋਟੇ-ਮੋਟੇ ਹੀ ਹਨ। ਚਮੜੇ ਦੇ ਕਾਰੋਬਾਰ ਵਜੋਂ ਜਾਣੀ ਜਾਂਦੀ ਬੂਟਾ ਮੰਡੀ ਵੀ ਇਸ ਹਲਕੇ ਦਾ ਹੀ ਹਿੱਸਾ ਹੈ। 'ਆਪ' ਦੇ ਉਮੀਦਵਾਰ ਮਹਿੰਦਰ ਭਗਤ ਤੇ ਕਾਂਗਰਸ ਦੀ ਉਮੀਦਵਾਰ ਸੁਰਿੰਦਰ ਕੌਰ ਵੀ ਚਮੜੇ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ। ਬੁੱਢਾ ਮੱਲ ਗਰਾਊਂਡ 'ਚ ਬੈਠੇ ਇਥੋਂ ਦੇ ਇਕ ਵਸਨੀਕ ਕਰਮ ਚੰਦ ਨੇ ਦੱਸਿਆ ਕਿ ਉਨ੍ਹਾਂ ਦੇ ਇਲਾਕੇ 'ਚ ਲਾਟਰੀ ਦਾ ਧੰਦਾ ਬੜੇ ਜ਼ੋਰਾਂ ਨਾਲ ਚੱਲਦਾ ਹੈ। ਇਸ ਬਾਰੇ ਜੇ ਆਮ ਲੋਕਾਂ ਨੂੰ ਪਤਾ ਹੈ, ਤਾਂ ਫਿਰ ਪੁਲਿਸ ਤੇ ਲੀਡਰ ਕਿਵੇਂ ਅਣਜਾਣ ਹਨ। ਇਕ ਹੋਰ ਵਸਨੀਕ ਰਿਤਿਕ ਕੁਮਾਰ ਦਾ ਕਹਿਣਾ ਸੀ ਕਿ ਗਰੀਬ ਲੋਕ ਦੜੇ-ਸੱਟੇ ਦੇ ਭੰਨੇ ਹੋਏ ਹਨ। ਆਨਲਾਈਨ ਲਾਟਰੀ, ਜਿਸ 'ਤੇ ਪੂਰੇ ਦੇਸ਼ ਵਿਚ ਪਾਬੰਦੀ ਲੱਗੀ ਹੋਈ ਹੈ ਪਰ ਉਹ ਇਸ ਹਲਕੇ ਵਿਚ ਧੜੱਲੇ ਨਾਲ ਚੱਲਦੀ ਹੈ।

ਵਾਰ-ਵਾਰ ਪਾਰਟੀ ਬਦਲਣ ਵਾਲੇ ਇਕ ਸਿਆਸਤਦਾਨ ਦੀ ਸਰਪ੍ਰਸਤੀ ਹੇਠ ਹੀ ਮੈਚ ਫਿਕਸਿੰਗ ਦਾ ਧੰਦਾ ਬੜੇ ਜ਼ੋਰਾਂ ਨਾਲ ਚੱਲਦਾ ਰਿਹਾ ਦੱਸਿਆ ਜਾਂਦਾ ਹੈ। ਸਮਾਜ-ਸੇਵੀ ਬਲਵੰਤ ਦਾ ਕਹਿਣਾ ਹੈ ਕਿ ਉਨ੍ਹਾਂ ਆਪਣੇ ਇਸ ਹਲਕੇ ਵਿਚੋਂ ਨਸ਼ਿਆਂ ਦਾ ਕੋਹੜ ਕੱਢਣ ਲਈ ਨੌਜਵਾਨਾਂ ਦੀ ਜਥੇਬੰਦੀ ਬਣਾਈ ਹੈ, ਜਿਹੜੀ ਉਨ੍ਹਾਂ ਨੂੰ ਖੇਡਾਂ ਨਾਲ ਜੋੜਦੀ ਹੈ ਪਰ ਚਿੱਟੇ ਦੀ 'ਹੋਮ ਡਿਲਵਰੀ' ਹੋਣ ਕਾਰਨ ਉਹ ਬਹੁਤ ਵਾਰੀ ਬੇਵੱਸ ਹੋ ਜਾਂਦੇ ਹਨ।

## ਜ਼ਮੀਨੀ ਪਾਣੀ ਦੀ ਬਚਤ ਲਈ ਨਵਾਂ ਫਾਰਮੂਲਾ ਪੇਸ਼

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈੱਲਪਮੈਂਟ ਅਥਾਰਿਟੀ ਨੇ ਜ਼ਮੀਨੀ ਪਾਣੀ ਦੀ ਬਚਤ ਦੀ ਲਈ ਨਵਾਂ ਫਾਰਮੂਲਾ ਪੰਜਾਬ ਸਰਕਾਰ ਨੂੰ ਸੁਝਾਇਆ ਹੈ। ਅਥਾਰਿਟੀ ਨੇ ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਸਪਲਾਈ ਸੰਜਮ ਨਾਲ ਦੇਣ ਦਾ ਮਸ਼ਵਰਾ ਦਿੱਤਾ ਹੈ। ਉਨ੍ਹਾਂ ਖੇਤੀ ਤੇ ਬਿਜਲੀ ਵਿਭਾਗ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਜ਼ਮੀਨੀ ਪਾਣੀ ਨੂੰ ਬਚਾਉਣ ਹਿਤ ਨਵੇਂ ਫਾਰਮੂਲੇ ਨੂੰ ਵਿਚਾਰਿਆ ਜਾਵੇ। ਵਾਟਰ ਰੈਗੂਲੇਸ਼ਨ ਅਥਾਰਿਟੀ ਨੇ ਪੱਤਰ 'ਚ ਕਿਹਾ ਹੈ ਕਿ ਜਦੋਂ ਝੋਨੇ ਦੀ ਲੁਆਈ ਦਾ ਕੰਮ ਖ਼ਤਮ ਹੋ ਜਾਂਦਾ ਹੈ, ਤਾਂ ਉਸ ਮਗਰੋਂ ਹਰ ਫੀਡਰ 'ਤੇ ਮਿਸਾਲ ਦੇ ਤੌਰ 'ਤੇ ਹਰ ਤਿੰਨ ਦਿਨਾਂ 'ਚ 12 ਤੋਂ 20 ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇ। ਅਥਾਰਿਟੀ ਨੇ ਸਿਰਫ਼ ਇਹ ਮਸ਼ਵਰਾ ਦਿੱਤਾ ਹੈ। ਅਥਾਰਿਟੀ ਨੇ ਕਿਹਾ ਹੈ ਕਿ ਫੀਡਰ ਪੱਧਰ 'ਤੇ ਬਿਜਲੀ ਸਪਲਾਈ ਚੰਗੀ ਤਰ੍ਹਾਂ ਮੈਨੇਜ ਕਰਨ ਵਾਸਤੇ ਅਤੇ ਕਿਸਾਨਾਂ ਨੂੰ ਢੁੱਕਵੀਂ ਬਿਜਲੀ ਸਪਲਾਈ ਦੇਣ ਵਾਸਤੇ ਸਥਾਨਕ ਲੋੜਾਂ ਨੂੰ ਧਿਆਨ 'ਚ ਰੱਖਿਆ ਜਾਵੇ। ਖੇਤੀ ਮਹਿਕਮੇ ਨੂੰ ਕਿਹਾ ਹੈ ਕਿ ਹਰ ਬਲਾਕ ਪੱਧਰ ਜਾਂ ਫੀਡਰ 'ਚ ਇਕ ਮੌਸਮੀ ਗੇਜ ਲਾਈ ਜਾਵੇ, ਤਾਂ ਜੋ ਬਾਰਿਸ਼ ਦੀ ਮਾਤਰਾ ਮਾਪੀ ਜਾ ਸਕੇ ਅਤੇ ਇਸ ਦੇ ਅਨੁਸਾਰ ਹੀ ਬਿਜਲੀ ਸਪਲਾਈ ਦਿੱਤੇ ਜਾਣ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ। ਝੋਨੇ ਦੀ ਲੁਆਈ ਸ਼ੁਰੂ ਹੋਣ ਤੋਂ ਪਹਿਲਾਂ ਸਿਰਫ਼ ਦੋ-ਤਿੰਨ ਘੰਟੇ ਬਿਜਲੀ ਦੇਣ ਦੀ ਸਲਾਹ ਦਿੱਤੀ ਗਈ ਹੈ।

ਇਸ ਦੇ ਮਾਅਨੇ ਕੱਢੇ ਜਾਣ ਤਾਂ ਸਪੱਸ਼ਟ ਹੁੰਦਾ ਹੈ ਕਿ ਜੇ ਬਾਰਿਸ਼ ਵਗ਼ੈਰਾ ਪੈਂਦੀ ਹੈ, ਤਾਂ ਪ੍ਰਤੀ ਦਿਨ ਚਾਰ ਘੰਟੇ ਅਤੇ ਬਾਰਿਸ਼ ਨਾ ਹੋਣ ਦੀ ਸੂਰਤ ਵਿਚ ਕਿਸਾਨਾਂ ਨੂੰ ਪ੍ਰਤੀ ਦਿਨ ਔਸਤਨ ਸੱਤ ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇ। ਅਥਾਰਿਟੀ ਨੇ ਪੰਜਾਬ ਸਰਕਾਰ ਤੋਂ 30 ਜੂਨ ਤੱਕ ਇਸ ਦੀ ਰਿਪੋਰਟ ਮੰਗੀ ਹੈ। ਅਥਾਰਿਟੀ ਦਾ ਇਹ ਮਸ਼ਵਰਾ ਕਿਸਾਨਾਂ ਖ਼ਿਲਾਫ਼ ਭੁਗਤਦਾ ਜਾਪਦਾ ਹੈ। ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਰੋਜ਼ਾਨਾ ਅੱਠ ਘੰਟੇ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ ਅਤੇ ਇਸ ਵਿਚ ਕੋਈ ਕਟੌਤੀ ਕਰਨ ਦੀ ਸੰਭਾਵਨਾ ਵੀ ਨਹੀਂ ਜਾਪਦੀ ਹੈ। ਅਥਾਰਿਟੀ ਦਾ ਮਸ਼ਵਰਾ ਖੇਤੀ ਤੇ ਬਿਜਲੀ ਵਿਭਾਗ ਵੱਲੋਂ ਸਵੀਕਾਰ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਜਾਪਦੀ ਹੈ ਪ੍ਰੰਤੂ ਅਥਾਰਿਟੀ ਜ਼ਮੀਨੀ ਪਾਣੀ ਬਚਾਉਣ ਲਈ ਅਜਿਹੀ ਸਲਾਹ ਦੇਣ ਦੀ ਪਾਬੰਦ ਜਾਪਦੀ ਹੈ। ਅਥਾਰਿਟੀ ਦਾ ਇਹ ਫੰਡਾ ਕਿਸਾਨ ਜਥੇਬੰਦੀਆਂ ਨੂੰ ਵੀ ਰਾਸ ਆਉਣ ਵਾਲਾ ਨਹੀਂ ਹੈ।

## ਪੰਜਾਬ ਸਮੇਤ 10 ਰਾਜਾਂ 'ਚ ਪਾਣੀ ਦੀ ਉਪਲੱਬਧਤਾ ਚਿੰਤਾ ਦਾ ਵਿਸ਼ਾ

■ ਦੇਸ਼ ਦੇ 150 ਸੋਮਿਆਂ 'ਚ ਪਾਣੀ ਦੀ ਕੁੱਲ ਸਮਰੱਥਾ ਦਾ ਸਿਰਫ਼ 21 ਫ਼ੀਸਦੀ ਪਾਣੀ ਰਹਿ ਗਿਆ

**ਨਵੀਂ ਦਿੱਲੀ, (ਪੰਜਾਬ ਮੇਲ)**-ਕਹਿਰਾਂ ਦੀ ਗਰਮੀ ਕਾਰਨ ਜਿਥੇ ਲੋਕਾਂ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪੈ ਰਿਹਾ ਹੈ, ਉਥੇ ਦੂਜਾ ਖ਼ਤਰਾ ਪਾਣੀ ਦੀ ਉਪਲੱਬਧਤਾ ਨੂੰ ਲੈ ਕੇ ਵੀ ਵਧ ਰਿਹਾ ਹੈ। ਅੰਕੜਿਆਂ ਮੁਤਾਬਕ 20 ਜੂਨ ਨੂੰ ਲੂ ਕਾਰਨ 14 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ, ਜਿਸ ਕਾਰਨ ਮਾਰਚ ਤੋਂ ਜੂਨ ਤੱਕ ਦੇ ਸਮੇਂ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 143 ਹੋ ਗਈ ਹੈ, ਨਾਲ ਹੀ ਦੇਸ਼ ਭਰ ਦੇ ਪਾਣੀ ਦੇ ਮੁੱਖ 150 ਸੋਮਿਆਂ 'ਚ ਪਾਣੀ ਦੀ ਕੁੱਲ ਸਮਰੱਥਾ ਦਾ ਸਿਰਫ਼ 21 ਫ਼ੀਸਦੀ ਪਾਣੀ ਹੀ ਰਹਿ ਗਿਆ ਹੈ। ਅਧਿਕਾਰਕ ਅੰਕੜਿਆਂ ਮੁਤਾਬਕ 1 ਮਾਰਚ ਤੋਂ ਲੈ ਕੇ 20 ਜੂਨ ਤੱਕ ਗਰਮੀ ਕਾਰਨ ਦੇਸ਼ 'ਚ 143 ਲੋਕਾਂ ਦੀ ਮੌਤ ਹੋਈ, ਜਦਕਿ 41,789 ਲੋਕ ਲੂ ਤੋਂ ਪੀੜਤ ਹਨ। ਇਨ੍ਹਾਂ ਅੰਕੜਿਆਂ 'ਚ ਹਾਲੇ ਹੋਰ ਵਾਧਾ ਹੋਣ ਦਾ ਖ਼ਦਸ਼ਾ ਹੈ। ਗਰਮੀ ਕਾਰਨ ਉੱਤਰ ਪ੍ਰਦੇਸ਼ ਸਭ ਤੋਂ ਵੱਧ ਪ੍ਰਭਾਵਿਤ ਰਾਜ ਰਿਹਾ, ਜਿਥੇ ਸਭ ਤੋਂ ਜ਼ਿਆਦਾ 35 ਲੋਕਾਂ ਦੀ ਮੌਤ ਹੋਈ, ਜਦਕਿ ਦਿੱਲੀ 'ਚ 21, ਬਿਹਾਰ ਅਤੇ ਰਾਜਸਥਾਨ 'ਚ 17-17 ਲੋਕਾਂ ਦੀ ਮੌਤ ਹੋਈ ਹੈ। ਸਿਹਤ ਮੰਤਰੀ ਜੇ.ਪੀ. ਨੱਢਾ ਨੇ ਗਰਮੀ ਕਾਰਨ ਹਸਪਤਾਲਾਂ ਨੂੰ ਲੂ ਨਾਲ ਪੀੜਤ ਮਰੀਜ਼ਾਂ ਲਈ ਵਿਸ਼ੇਸ਼ ਯੂਨਿਟ ਬਣਾਉਣ ਦੀ ਸਲਾਹ ਜਾਰੀ ਕੀਤੀ ਹੈ।

ਵਧ ਰਹੀ ਗਰਮੀ ਕਾਰਨ ਪਾਣੀ ਦੇ ਸੋਮੇ ਵੀ ਸੁੱਕ ਰਹੇ ਹਨ। 'ਸੈਂਟਰਲ ਵਾਟਰ ਕਮਿਸ਼ਨ' ਵੱਲੋਂ ਦੇਸ਼ ਭਰ ਦੇ 150 ਪਾਣੀ ਦੇ ਅਹਿਮ ਸੋਮਿਆਂ ਬਾਰੇ ਜਾਰੀ ਤਾਜ਼ਾ ਰਿਪੋਰਟ 'ਚ ਕਿਹਾ ਗਿਆ ਕਿ ਇਨ੍ਹਾਂ ਸੋਮਿਆਂ 'ਚ ਉਨ੍ਹਾਂ ਦੀ ਸਟੋਰੇਜ ਸਮਰੱਥਾ ਤੋਂ ਸਿਰਫ਼ 21 ਫ਼ੀਸਦੀ ਭਾਵ 37.662 ਬੀ.ਸੀ.ਐੱਮ. ਪਾਣੀ ਰਹਿ ਗਿਆ ਹੈ। ਪਿਛਲੇ ਸਾਲ ਇਸੇ ਸਮੇਂ 'ਚ ਇਹ ਅੰਕੜਾ 46.883 ਬੀ.ਸੀ.ਐੱਮ. ਸੀ। ਜਦਕਿ ਇਨ੍ਹਾਂ ਸੋਮਿਆਂ ਦੀ ਕੁੱਲ ਸਮਰੱਥਾ 257.812 ਬੀ.ਸੀ.ਐੱਮ. ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਪਾਣੀ ਦੀ ਮੌਜੂਦਾ ਸਟੋਰੇਜ 10 ਸਾਲਾਂ ਦੀ ਔਸਤਨ (ਨਾਰਮਲ) ਸਟੋਰੇਜ 41.446 ਬੀ.ਸੀ.ਐੱਮ. ਤੋਂ ਵੀ ਘੱਟ ਹੈ। ਪਿਛਲੇ ਦੋ ਹਫ਼ਤਿਆਂ ਤੋਂ ਇਹ ਸੋਮੇ 22 ਫ਼ੀਸਦੀ 'ਤੇ ਸਨ, ਜਦਕਿ ਉਸ ਤੋਂ ਪਹਿਲਾਂ 23 ਫ਼ੀਸਦੀ 'ਤੇ ਸੀ। ਇਨ੍ਹਾਂ ਸੋਮਿਆਂ 'ਚ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ 'ਚ 19.663 ਬੀ.ਸੀ.ਐੱਮ. ਦੇ 10 ਸੋਮੇ ਹਨ। ਇਨ੍ਹਾਂ ਦੀ ਮੌਜੂਦਾ ਸਟੋਰੇਜ 5.488 ਬੀ.ਸੀ.ਐੱਮ. (28 ਫ਼ੀਸਦੀ) ਹੈ, ਜੋ ਕਿ ਪਿਛਲੇ ਸਾਲ ਦੀ 39 ਫ਼ੀਸਦੀ ਸੀ ਅਤੇ ਔਸਤਨ ਨਾਰਮਲ ਸਟੋਰੇਜ 31 ਫ਼ੀਸਦੀ ਤੋਂ ਘੱਟ ਹੈ। ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਕੇਰਲ ਅਤੇ ਤਾਮਿਲਨਾਡੂ 'ਚ 42 ਸੋਮੇ ਹਨ, ਜਿਨ੍ਹਾਂ ਦੀ ਕੁੱਲ ਸਮਰੱਥਾ 53.334 ਬੀ.ਸੀ.ਐੱਮ. ਹੈ, ਜਦਕਿ ਉਪਲੱਬਧ ਸਟੋਰੇਜ 8.508 ਬੀ.ਸੀ.ਐੱਮ. ਹੈ, ਜੋ ਕਿ 16 ਫ਼ੀਸਦੀ ਹੈ। ਇਹ ਪਿਛਲੇ ਸਾਲ ਦੀ 21 ਫ਼ੀਸਦੀ ਸੀ। ਇਹ ਪਿਛਲੇ ਸਾਲ ਦੀ 21 ਫ਼ੀਸਦੀ ਅਤੇ ਨਾਰਮਲ ਸਟੋਰੇਜ 20 ਫ਼ੀਸਦੀ ਤੋਂ ਘੱਟ ਹੈ। ਆਸਾਮ, ਝਾਰਖੰਡ, ਓਡੀਸਾ, ਪੱਛਮੀ ਬੰਗਾਲ, ਤ੍ਰਿਪੁਰਾ, ਨਾਗਾਲੈਂਡ ਅਤੇ ਬਿਹਾਰ 'ਚ 20.430 ਬੀ.ਸੀ.ਐੱਮ. ਦੀ ਸਮਰੱਥਾ ਦੇ ਕੁੱਲ 23 ਸੋਮੇ ਹਨ, ਜਦਕਿ ਉਪਲਬਧਤਾ 3.873 ਬੀ.ਸੀ.ਐੱਮ. ਹੈ, ਜੋ ਕਿ 19 ਫ਼ੀਸਦੀ ਸਮਰੱਥਾ ਹੈ। ਇਹ ਪਿਛਲੇ ਸਾਲ ਦੇ 18 ਫ਼ੀਸਦੀ ਦੇ ਮੁਕਾਬਲੇ ਕੁਝ ਬਿਹਤਰ ਹੈ, ਪਰ ਨਾਰਮਲ ਸਟੋਰੇਜ 23 ਫ਼ੀਸਦੀ ਤੋਂ ਘੱਟ ਹੈ। ਗੁਜਰਾਤ ਅਤੇ ਮਹਾਰਾਸ਼ਟਰ 'ਚ ਕੁੱਲ 37.130 ਬੀ.ਸੀ.ਐੱਮ. ਸਮਰੱਥਾ ਦੇ 49 ਸੋਮੇ ਹਨ, ਜਿਨ੍ਹਾਂ ਦੀ ਮੌਜੂਦਾ ਸਟੋਰੇਜ 7.608 ਬੀ.ਸੀ.ਐੱਮ. ਹੈ, ਜੋ ਕਿ ਕੁੱਲ ਸਮਰੱਥਾ ਦੀ 20.49 ਫ਼ੀਸਦੀ ਹੈ, ਜੋ ਕਿ ਪਿਛਲੇ ਸਾਲ ਦੀ 24 ਫ਼ੀਸਦੀ ਤੋਂ ਘੱਟ ਹੈ, ਪਰ ਨਾਰਮਲ ਸਟੋਰੇਜ 19.56 ਫ਼ੀਸਦੀ ਤੋਂ ਬਿਹਤਰ ਹੈ। ਉੱਤਰ ਪ੍ਰਦੇਸ਼, ਉੱਤਰਾਖੰਡ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਆਉਂਦੇ ਹਨ, 48.227 ਬੀ.ਸੀ.ਐੱਮ. ਦੀ ਕੁੱਲ ਸਮਰੱਥਾ ਦੇ 26 ਸੋਮੇ ਹਨ, ਜਿਨ੍ਹਾਂ 'ਚ ਇਸ ਸਮੇਂ 12.185 ਬੀ.ਸੀ.ਐੱਮ. (25 ਫ਼ੀਸਦੀ ਸਮਰੱਥਾ) ਹੈ, ਜੋ ਕਿ ਪਿਛਲੇ ਸਾਲ ਦੀ 32 ਫ਼ੀਸਦੀ ਅਤੇ ਨਾਰਮਲ ਸਟੋਰੇਜ 26 ਫ਼ੀਸਦੀ ਤੋਂ ਘੱਟ ਹੈ। ਰਿਪੋਰਟ 'ਚ ਪੰਜਾਬ ਸਮੇਤ 10 ਰਾਜਾਂ 'ਚ ਪਾਣੀ ਦੇ ਘੱਟ ਸਟੋਰੇਜ ਲੈਵਲ 'ਤੇ ਚਿੰਤਾ ਪ੍ਰਗਟਾਈ ਗਈ ਹੈ। ਇਨ੍ਹਾਂ ਰਾਜਾਂ 'ਚ ਪੰਜਾਬ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਛੱਤੀਸਗੜ੍ਹ, ਤੇਲੰਗਾਨਾ, ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਸ਼ਾਮਿਲ ਹਨ। ਜਦਕਿ ਆਸਾਮ, ਝਾਰਖੰਡ, ਤ੍ਰਿਪੁਰਾ, ਬਿਹਾਰ, ਉੱਤਰਾਖੰਡ, ਕਰਨਾਟਕ ਅਤੇ ਕੇਰਲ 'ਚ ਪਿਛਲੇ ਸਾਲ ਦੇ ਮੁਕਾਬਲੇ ਬਿਹਤਰ ਸਟੋਰੇਜ ਹੈ।

ਸਫਾ 1 ਦਾ ਬਾਕੀ

## ਸ਼੍ਰੋਮਣੀ ਅਕਾਲੀ ਦਲ 'ਚ ਬਗਾਵਤ !

ਅਕਾਲੀ ਦਲ ਦਾ ਇਤਿਹਾਸ ਸ਼ਾਨਾਂਮੱਤਾ ਤੇ ਕੁਰਬਾਨੀਆਂ ਵਾਲਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਪੰਥ ਅਤੇ ਪੰਜਾਬ ਦੀ ਭਲਾਈ ਲਈ ਹੋਂਦ ਵਿਚ ਆਇਆ ਸੀ ਅਤੇ ਇਸ ਨੇ ਦੇਸ਼ ਤੇ ਦੁਨੀਆਂ ਵਿਚ ਮਨੁੱਖੀ ਹੱਕਾਂ, ਪੰਥਕ ਮਰਿਆਦਾ ਤੇ ਪੰਥਕ ਹਿੱਤਾਂ ਲਈ ਅਤੇ ਦੇਸ਼ ਵਿਚ ਫੈੱਡਰਲ ਢਾਂਚੇ ਲਈ ਸੰਘਰਸ਼ ਕਰਕੇ ਆਪਣੀ ਪਛਾਣ ਬਣਾਈ ਸੀ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਪਾਰਟੀ ਲੀਡਰਸ਼ਿਪ ਕੋਲੋਂ ਹੋਈਆਂ ਕਈ ਕੁਤਾਹੀਆਂ ਤੇ ਗ਼ਲਤ ਫੈਸਲਿਆਂ ਕਾਰਨ ਅੱਜ ਪਾਰਟੀ ਅਰਸ਼ ਤੋਂ ਫਰਸ਼ 'ਤੇ ਆ ਗਈ ਹੈ।

ਇਕੱਤਰਤਾ ਵਿਚ ਪੇਸ਼ ਮਤੇ ਪੜ੍ਹਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਪਾਰਟੀ ਵਰਕਰਾਂ ਦੀ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕ ਸਭਾ ਚੋਣਾਂ ਜਿੱਤਣ ਵਾਲੇ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਮਤਾ ਵੀ ਪਾਸ ਕੀਤਾ ਗਿਆ। ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਣਾਈ ਗਈ ਝੂੰਦਾਂ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਨਾ ਕਰਨ ਦੀ ਨਿੰਦਾ ਕੀਤੀ ਗਈ ਤੇ ਕਮੇਟੀ ਦੀ ਰਿਪੋਰਟ ਇੰਨ-ਬਿੰਨ ਲਾਗੂ ਕਰਨ ਦੀ ਮੰਗ ਕੀਤੀ ਗਈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਆ ਰਹੀਆਂ ਚੁਣੌਤੀਆਂ 'ਤੇ ਪਹਿਰਾ ਦਿੱਤਾ ਜਾਵੇਗਾ, ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਤੇ ਮੌਜੂਦਾ ਜਲ ਸੰਕਟ ਦੇ ਹੱਲ ਕੱਢਣ ਲਈ ਯਤਨ ਕੀਤੇ ਜਾਣਗੇ, ਪੰਜਾਬ ਵਿਚ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹ ਪਾਈ ਜਾਵੇਗੀ। ਮੀਟਿੰਗ ਵਿਚ ਸੁਰਜੀਤ ਸਿੰਘ ਰੱਖੜਾ, ਸਿਕੰਦਰ ਸਿੰਘ ਮਲੂਕਾ, ਪਰਮਿੰਦਰ ਸਿੰਘ ਢੀਂਡਸਾ, ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ, ਭਾਈ ਮਨਜੀਤ ਸਿੰਘ, ਬੀਬੀ ਸਤਵਿੰਦਰ ਕੌਰ ਧਾਲੀਵਾਲ, ਗਗਨਜੀਤ ਸਿੰਘ ਬਰਨਾਲਾ, ਸੁਰਿੰਦਰ ਸਿੰਘ ਭੁਲੇਵਾਲ ਰਾਠਾਂ, ਸੁੱਚਾ ਸਿੰਘ ਛੋਟੇਪੁਰ, ਚਰਨਜੀਤ ਸਿੰਘ ਬਰਾੜ, ਸਰਵਨ ਸਿੰਘ ਫਿਲੌਰ, ਜਸਟਿਸ ਨਿਰਮਲ ਸਿੰਘ, ਸੰਤ ਬਲਬੀਰ ਸਿੰਘ ਘੁੰਨਸ, ਸੁਖਵਿੰਦਰ ਸਿੰਘ ਔਲਖ, ਕਰਨੈਲ ਸਿੰਘ ਪੰਜੋਲੀ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਭੁਪਿੰਦਰ ਸਿੰਘ ਸ਼ੇਖੂਪੁਰ, ਜਸਪਾਲ ਸਿੰਘ ਚੱਠਾ, ਜਰਨੈਲ ਸਿੰਘ ਕਰਤਾਰਪੁਰ, ਸੁਖਵਿੰਦਰ ਸਿੰਘ ਰਾਜਲਾ, ਤੇਜਿੰਦਰਪਾਲ ਸਿੰਘ ਸੰਧੂ, ਬੀਬੀ ਕਿਰਨਜੋਤ ਕੌਰ, ਬੀਬੀ ਪਰਮਜੀਤ ਕੌਰ ਲਾਂਡਰਾਂ, ਬੀਬੀ ਹਰਜੀਤ ਕੌਰ ਤਲਵੰਡੀ, ਬੀਬੀ ਸੁਰਿੰਦਰ ਕੌਰ ਦਿਆਲ, ਹਰਿੰਦਰਪਾਲ ਸਿੰਘ ਟੌਹੜਾ, ਪਰਵਿੰਦਰ ਪਾਲ ਸਿੰਘ (ਸੇਵਾਮੁਕਤ) ਪੀ.ਸੀ.ਐੱਸ. ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਸ਼ਾਮਲ ਹੋਈਆਂ।

ਸਫਾ 1 ਦਾ ਬਾਕੀ

## ਸ਼ਰਾਬ ਘਪਲਾ ਮਾਮਲਾ: ਅਦਾਲਤ 'ਚ ਪੇਸ਼ੀ ਤੋਂ ਬਾਅਦ...

ਦਿੱਲੀ ਹਾਈ ਕੋਰਟ ਨੇ ਮੰਗਲਵਾਰ ਨੂੰ ਹੇਠਲੀ ਅਦਾਲਤ ਵੱਲੋਂ ਦਿੱਤੇ ਕੇਜਰੀਵਾਲ ਦੀ ਜ਼ਮਾਨਤ ਦੇ ਹੁਕਮ 'ਤੇ ਰੋਕ ਲਗਾਉਂਦਿਆਂ ਕਿਹਾ ਕਿ ਹੇਠਲੀ ਅਦਾਲਤ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ.ਐੱਮ.ਐੱਲ.ਏ.) ਦੀ ਧਾਰਾ 45 ਦੀਆਂ ਦੋ ਸ਼ਰਤਾਂ ਪੂਰੀਆਂ ਕਰਨ ਤੋਂ ਪਹਿਲਾਂ ਘੱਟੋ-ਘੱਟ ਆਪਣੀ ਤਸੱਲੀ ਦਰਜ ਕਰਨੀ ਚਾਹੀਦੀ ਸੀ। ਅਦਾਲਤ ਨੇ ਕਿਹਾ ਕਿ ਛੁੱਟੀ ਵਾਲੇ ਜੱਜ ਨੇ ਈ.ਡੀ. ਦੁਆਰਾ ਪੇਸ਼ ਕੀਤੇ ਗਏ ਮਹੱਤਵਪੂਰਨ ਦਸਤਾਵੇਜ਼ਾਂ 'ਤੇ ਸਹੀ ਢੰਗ ਨਾਲ ਵਿਚਾਰ ਨਹੀਂ ਕੀਤਾ।

ਸਫਾ 1 ਦਾ ਬਾਕੀ

## ਓਮ ਬਿਰਲਾ ਦੂਜੀ ਵਾਰ ਚੁਣੇ ਗਏ ਲੋਕ ਸਭਾ ਸਪੀਕਰ...

ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਬਿਰਲਾ ਨੂੰ ਸਪੀਕਰ ਦੀ ਕੁਰਸੀ ਤੱਕ ਲੈ ਗਏ। ਜਦੋਂ ਬਿਰਲਾ ਨੇ ਸਪੀਕਰ ਦਾ ਅਹੁਦਾ ਸੰਭਾਲਿਆ, ਤਾਂ ਪ੍ਰਧਾਨ ਮੰਤਰੀ ਮੋਦੀ, ਰਾਹੁਲ ਗਾਂਧੀ ਅਤੇ ਰਿਜਿਜੂ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

ਦੱਸਣਯੋਗ ਹੈ ਕਿ 543 ਮੈਂਬਰੀ ਲੋਕ ਸਭਾ 'ਚ ਇਸ ਸਮੇਂ 542 ਸੰਸਦ ਮੈਂਬਰ ਹਨ ਕਿਉਂਕਿ ਕੇਰਲ ਦੀ ਵਾਇਨਾਡ ਸੀਟ ਰਾਹੁਲ ਗਾਂਧੀ ਦੇ ਅਸਤੀਫੇ ਤੋਂ ਬਾਅਦ ਖਾਲੀ ਹੋਈ ਹੈ। 293 ਸੰਸਦ ਮੈਂਬਰਾਂ ਵਾਲੇ ਐੱਨ.ਡੀ.ਏ. ਕੋਲ ਸਦਨ ਵਿਚ ਸਪੱਸ਼ਟ ਬਹੁਮਤ ਹੈ। ਜਦੋਂ ਕਿ ਵਿਰੋਧੀ ਧਿਰ 'ਇੰਡੀਆ ਗਠਜੋੜ' ਦੇ 233 ਸੰਸਦ ਮੈਂਬਰ ਹਨ। ਜਦੋਂਕਿ ਹੋਰ ਪਾਰਟੀਆਂ ਜੋ ਨਾ ਤਾਂ ਐੱਨ.ਡੀ.ਏ. ਅਤੇ ਨਾ ਹੀ ਇੰਡੀਆ ਬਲਾਕ ਦਾ ਹਿੱਸਾ ਹਨ, ਦੇ 16 ਸੰਸਦ ਮੈਂਬਰ ਹਨ। ਇਨ੍ਹਾਂ ਵਿਚ ਕੁਝ ਆਜ਼ਾਦ ਉਮੀਦਵਾਰ ਵੀ ਸ਼ਾਮਲ ਹਨ।

# ਸ੍ਰੀ ਗੁਰੂ ਅਮਰਦਾਸ ਜੀ

ਡਾ. ਚਰਨਜੀਤ ਸਿੰਘ ਗੁਮਟਾਲਾ
ਵਟਸ ਐਪ : 91-94175-33060, 001-937-573-9812 (ਯੂ.ਐੱਸ.ਏ.)
ਪੰਜਾਬ ਮੇਲ USA



ਸਿੱਖ ਧਰਮ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿਚ ਵਿਸਾਖ ਸੁਦੀ 11, 1536 ਬਿਕਰਮੀ (5 ਮਈ 1479 ਈ.) ਨੂੰ ਭੱਲਾ ਖੱਤਰੀ ਪ੍ਰਵਾਰ ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਤੇਜ਼ ਭਾਨ ਅਤੇ ਮਾਤਾ ਦਾ ਨਾਂ ਸੁਲੱਖਣੀ ਸੀ, ਜਿਸਨੂੰ ਕਈ ਇਤਿਹਾਸਕਾਰ ਵੱਖ-ਵੱਖ ਨਾਂ ਦਿੰਦੇ ਹਨ, ਜਿਵੇਂ ਲੱਛਮੀ, ਭੂਪ ਕੌਰ ਅਤੇ ਰੂਪ ਕੌਰ। ਆਪ ਜੀ ਦੀ ਸ਼ਾਦੀ 27 ਨਵੰਬਰ, 1502 ਈ. 11 ਮਾਘ 1559 ਬਿਕਰਮੀ ਨੂੰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸਨਖਤਰਾ ਦੇ ਇੱਕ ਬਹਿਲ ਖੱਤਰੀ ਦੇਵੀ ਚੰਦ ਦੀ ਧੀ ਮਨਸਾ ਦੇਵੀ ਨਾਲ ਕਰ ਦਿੱਤੀ ਗਈ। ਆਪ ਜੀ ਦੇ ਚਾਰ ਬੱਚੇ-ਦੋ ਪੁੱਤਰ ਮੋਹਰੀ ਜੀ ਅਤੇ ਮੋਹਨ ਜੀ ਅਤੇ ਦੋ ਧੀਆਂ ਦਾਨੀ ਜੀ ਅਤੇ ਭਾਨੀ ਜੀ ਸਨ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਨੇ ਹੀ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਲਿਆਂਦਾ। ਸੰਪਰਕ ਵਿਚ ਆਉਣ ਪਿੱਛੋਂ ਆਪ ਜੀ ਉੱਥੇ ਹੀ ਖਡੂਰ ਸਾਹਿਬ ਰਹਿਣ ਲੱਗ ਪਏ। ਇਹ ਵਾਕਿਆ 1597 ਬਿਕਰਮੀ/1540 ਈ. ਦਾ ਹੈ।

ਰੋਜ਼ਾਨਾ ਬਿਆਸ ਦਰਿਆ ਤੋਂ ਗੁਰੂ ਜੀ ਦੇ ਇਸ਼ਨਾਨ ਲਈ ਤੜਕੇ ਪਾਣੀ ਦੀ ਗਾਗਰ ਭਰ ਕੇ ਲਿਆਉਣਾ, ਸਾਰਾ ਦਿਨ ਭਾਂਡੇ ਮਾਂਜਣੇ, ਪਾਣੀ ਢੋਣਾ ਅਤੇ ਸੰਗਤ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਗਿਆ।

ਆਪਣੇ ਗੁਰੂ ਉਪਰ ਪੂਰਨ ਸ਼ਰਧਾ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚ ਇੱਕ ਬਹੁਤ ਮਹੱਤਵਪੂਰਨ ਹੈ ਕਿ ਕਿਵੇਂ ਇੱਕ ਝੱਖੜ ਵਾਲੀ ਰਾਤ ਨੂੰ ਤੇਜ਼ ਹਵਾਵਾਂ, ਮੀਂਹ ਅਤੇ ਕੜਕਦੀ ਬਿਜਲੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਨੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਲਿਆਂਦਾ। ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿਚ ਆਪ ਠੇਡਾ ਖਾ ਕੇ ਡਿੱਗ ਪਏ, ਪਰ ਆਪਣੇ ਸਿਰ 'ਤੇ ਚੁੱਕੀ ਗਾਗਰ ਦਾ ਪਾਣੀ ਇਨ੍ਹਾਂ ਨੇ ਡੁੱਲਣ ਨਾ ਦਿੱਤਾ। ਖੜਾਕ ਸੁਣ ਕੇ ਜੁਲਾਹੇ ਨੇ ਆਪਣੀ ਵਹੁੱਟੀ ਨੂੰ ਪੁੱਛਿਆ ਕਿ ਖੜਾਕ ਹੋਇਆ ਹੈ, ਅੱਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ 'ਅਮਰੂ ਨਿਥਾਵਾ' ਹੋਵੇਗਾ, ਜੋ ਰਾਤ ਵੀ ਚੈਨ ਨਹੀਂ ਲੈਂਦਾ। ਇਹ ਗੱਲ ਸੰਨ 1552 ਦੀ ਹੈ, ਜਦ ਆਪ ਜੀ ਦੀ ਉਮਰ 73 ਸਾਲ ਦੀ ਸੀ। ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਆਪ ਦੀ ਸਰਾਹਨਾ ਕੀਤੀ ਅਤੇ ਆਪ ਨੂੰ 'ਨਿਥਾਵਿਆਂ ਦਾ ਥਾਂ', 'ਨਿਮਾਣਿਆਂ ਦਾ ਮਾਣ', 'ਨਿਤਾਣਿਆ ਦਾ ਤਾਣ', 'ਨਿਆਸਰਿਆਂ ਦਾ ਆਸਰਾ', 'ਨਿਉਟਿਆਂ ਦੀ ਓਟ', 'ਨਿਧਰਿਆ ਦੀ ਧਿਰ', 'ਨਿਗਤਿਆਂ ਦੀ ਗਤ' ਕਿਹਾ।

ਇਸ ਘਟਨਾ ਨੇ ਗੁਰੂ ਅੰਗਦ ਦੇਵ ਜੀ ਦੇ ਜਾਨਸ਼ੀਨ ਦੀ ਚੋਣ ਕਰਨ ਦੇ ਮਸਲੇ ਨੂੰ ਹੱਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪ੍ਰਚਲਿਤ ਮਰਿਯਾਦਾ ਅਨੁਸਾਰ ਨਾਰੀਅਲ ਅਤੇ ਪੰਜ ਪੈਸੇ ਅਮਰਦਾਸ ਜੀ ਅੱਗੇ ਰੱਖਕੇ ਮੱਥਾ ਟੇਕਿਆ। ਗੁਰੂ ਗੱਦੀ ਉੱਤੇ ਬਿਰਾਜਮਾਨ ਕਰਨ ਲਈ ਗੁਰਗੱਦੀ ਦਾ ਟਿੱਕਾ ਸਤਿਕਾਰਯੋਗ ਭਾਈ ਬੁੱਢਾ ਜੀ ਨੇ ਲਗਾਇਆ। ਛੇਤੀ ਹੀ ਪਿੱਛੋਂ 1609 ਬਿਕਰਮੀ ਸਾਲ ਦੇ ਚੇਤ ਦੇ ਪਹਿਲੇ ਚਾਨਣੇ ਪੱਖ ਦੇ ਚੌਥੇ ਦਿਨ (29 ਮਾਰਚ 1552 ਈ.) ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਤੇ ਇੱਥੇ ਹੀ ਰਹਿ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਧਰਮ ਪ੍ਰਚਾਰ ਲਈ ਇੱਕ ਦ੍ਰਿੜ੍ਹ ਮੰਜੀ ਪ੍ਰਣਾਲੀ ਸ਼ੁਰੂ ਕੀਤੀ ਅਤੇ ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਪ੍ਰਚਾਰ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ, ਭਾਵ ਕਿ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਮੰਜੀ ਇੱਕ ਗੁਰਮੁਖ ਸਿੱਖ ਦੇ ਅਧੀਨ ਸੀ, ਜੋ ਕਿ ਪ੍ਰਚਾਰ ਕਰਨ ਤੋਂ ਇਲਾਵਾ ਆਪਣੇ ਅਧਿਕਾਰ ਖੇਤਰ ਵਿੱਚ ਸੰਗਤ ਦੀ ਸੇਵਾ ਸੰਭਾਲ ਕਰਦਾ ਸੀ ਅਤੇ ਸਿੱਖਾਂ ਦੀਆਂ ਭੇਟਾਵਾਂ ਗੋਇੰਦਵਾਲ ਭੇਜਦਾ ਸੀ। ਹੇਠ ਲਿਖੇ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ-ਗੱਦੀਆਂ) ਬਖ਼ਸ਼ੀਆਂ ਗਈਆਂ ਸਨ :-1. ਅੱਲਾਯਾਰ ਪਠਾਣ ਸੌਦਾਗਰ, 2. ਸੱਚਨ ਸੱਚ ਪਿੰਡ ਮੰਦਰ ਤਸੀਲ ਸ਼ਕਰਪੁਰ, 3. ਸਾਧਾਰਨ ਗੋਇੰਦਵਾਲ, 4. ਸਾਵਣ ਮਲ ਗੋਇੰਦਵਾਲ, 5. ਸੁੱਖਣ ਧਮਿਆਲ, 6. ਹੰਦਾਲ ਜੰਡਿਆਲਾ, 7. ਕੇਦਾਰੀ ਬਟਾਲਾ, 8. ਖੇਡਾ ਖੇਮਕਰਨ, 9. ਗੰਗੂਸ਼ਾਹ ਗੜ੍ਹਸ਼ੰਕਰ, 10. ਦਰਬਾਰੀ ਮਜੀਠਾ, 11. ਪਾਰੋ ਡੱਲਾ, 12. ਫੇਰਾ ਮੀਰਪੁਰ, 13. ਬੂਆ ਹਰਿ ਗੋਬਿੰਦਪੁਰ ਇਸਦੀ ਸੰਤਾਨ, 14. ਬੇਣੀ ਚੂਹਨੀਆਂ, 15. ਮਹੇਸ਼ਾ ਸੁਲਤਾਨਪੁਰ, 16. ਮਾਈਦਾਸ ਨਰੋਲੀ (ਮਾਝਾ), 17. ਮਾਣਕ ਚੰਦ ਵੈਰੋਵਾਲ, 18. ਮੁਰਾਰੀ ਖਾਈ (ਲਾਹੌਰ), 19. ਰਾਜਾ ਰਾਮ ਸੰਧਮਾ (ਜਲੰਧਰ) ਇਸ ਦੀ ਸੰਤਾਨ, 20. ਰੰਗ ਸ਼ਾਹ ਮੱਲੂ ਪੋਤਾ (ਜਲੰਧਰ), 21. ਰੰਗ ਦਾਸ ਘੜੂਆਂ (ਅੰਬਾਲਾ), 22. ਲਾਲੋ ਡੱਲਾ।



ਆਪ ਜੀ ਨੇ ਵਸਾਖ ਅਤੇ ਮਾਘ ਦੇ ਪਹਿਲੇ ਦਿਨ ਅਤੇ ਦਿਵਾਲੀ, ਗੋਇੰਦਵਾਲ ਵਿਖੇ ਸਿੱਖਾਂ ਦੇ ਇਕੱਠੇ ਹੋਣ ਲਈ ਨੀਯਤ ਕਰ ਦਿੱਤੇ। ਪਾਣੀ ਦੀ ਤੰਗੀ ਨੂੰ ਦੂਰ ਕਰਨ ਲਈ ਇੱਕ ਬਉਲੀ ਬਣਾਈ। ਲੰਗਰ ਦੀ ਪ੍ਰਥਾ ਪਹਿਲਾਂ ਹੀ ਸੀ। ਇਸ ਨੂੰ ਹੋਰ ਵੱਡੇ ਪੈਮਾਨੇ 'ਤੇ ਸ਼ੁਰੂ ਕੀਤਾ ਗਿਆ। ਇਸ ਤੋਂ ਇਨ੍ਹਾਂ ਦਾ ਭਾਵ ਜਾਤ-ਪਾਤ ਅਤੇ ਅਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ। ਇੱਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਆਇਆ, ਤਾਂ ਉਸ ਨੇ ਵੀ ਲੰਗਰ ਵਿਚ ਬੈਠ ਕੇ ਪ੍ਰਸ਼ਾਦਾ ਛੱਕਿਆ। ਆਪ ਰੁੱਖੀ ਮਿੱਸੀ ਰੋਟੀ ਖਾਂਦੇ ਸਨ। ਜੋ ਕੁਝ ਦਿਨ ਵੇਲੇ ਲੰਗਰ ਵਿਚ ਆਉਂਦਾ ਸੀ, ਰਾਤ ਤੱਕ ਵਰਤ ਜਾਂਦਾ ਸੀ।

ਗੁਰੂ ਜੀ ਨੇ ਉਸ ਸਮੇਂ ਹਿੰਦੂ ਧਰਮ ਵਿਚ ਫੈਲੀਆਂ ਕੁਰੀਤੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਸਤੀ ਦੀ ਰਸਮ ਸੀ, ਜਿਸ ਵਿਚ ਪਤੀ ਦੇ ਮਰਨ 'ਤੇ ਵਿਧਵਾ ਨੂੰ ਪਤੀ ਦੀ ਚਿੱਖਾ 'ਤੇ ਸੜਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬਾਦਸ਼ਾਹ ਅਕਬਰ ਪਾਸ ਭੇਜਿਆ ਕਿ ਉਹ ਇਸ ਰਸਮ ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤਣ। ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿਚ ਪਰਦੇ ਦੀ ਰਸਮ ਤੋਂ ਵੀ ਵਰਜਿਆ।

ਗੁਰੂ ਅਮਰਦਾਸ ਜੀ ਨੇ ਹਿੰਦੂਆਂ ਪਾਸੋਂ ਤੀਰਥ ਯਾਤਰਾ 'ਤੇ ਲਿਆ ਜਾਂਦਾ, ਕਰ ਵੀ ਬੰਦ ਕਰਵਾਇਆ। ਗੁਰੂ ਜੀ ਕੁਰੀਤੀਆਂ ਨੂੰ ਦੂਰ ਕਰਾਉਣ ਲਈ ਵੱਖ-ਵੱਖ ਤੀਰਥ ਅਸਥਾਨਾਂ 'ਤੇ ਗਏ। ਕਰ ਤੋਂ ਛੋਟ ਮਿਲਣ ਕਰਕੇ ਅਨੇਕਾਂ ਹਿੰਦੂ ਵੀ ਉਨ੍ਹਾਂ ਦੇ ਨਾਲ ਤੀਰਥ ਯਾਤਰਾ ਨੂੰ ਗਏ। ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਤੇ ਹੋਰ ਮੁੱਖੀ ਸਿੱਖ ਵੀ ਗਏ। ਉਹ ਪਹਿਲਾਂ ਕੁਰਕਸ਼ੇਤਰ, ਫਿਰ ਜਮਨਾ ਅਤੇ ਫਿਰ ਹਰਿਦੁਆਰ ਗਏ। ਗੁਰੂ ਨਾਨਕ ਜੀ ਵਾਂਗ ਆਪ ਦਾ ਮਕਸਦ ਵੀ ਕੁਰਾਹੇ ਪਈ ਜਨਤਾ ਨੂੰ ਸਿੱਧੇ ਰਾਹ ਲਿਆਉਣਾ ਸੀ।

ਗੁਰੂ ਜੀ ਨੇ ਜਾਤ-ਪਾਤ ਦਾ ਭਰਮ ਮਿਟਾਕੇ ਭਰੇ ਦਰਬਾਰ ਵਿਚ ਕਈ ਅੰਤਰ-ਜਾਤੀ ਵਿਆਹ ਕੀਤੇ। ਭਾਈ ਸ਼ੀਂਹੇ ਦੀ ਲੜਕੀ ਇੱਕ ਗਰੀਬ ਸਿੱਖ 'ਪ੍ਰੇਮੇ' ਨਾਲ ਵਿਆਹੀ। ਇੱਕ ਰਾਜਪੂਤ ਲੜਕੇ ਦੀ ਸ਼ਾਦੀ 'ਸੱਚਨ ਸੱਚ' ਨਾਮੀ ਲਕੜਹਾਰੇ ਨਾਲ ਕੀਤੀ। ਗੁਰੂ ਸਾਹਿਬ ਨੇ ਵੀ ਆਪਣੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਲਈ ਇੱਕ ਘੁੰਗਣੀਆਂ ਵੇਚਣ ਵਾਲੇ ਕਿਰਤੀ ਗੱਭਰੂ ਭਾਈ ਜੇਠੇ ਨਾਲ ਕੀਤੀ ਬਾਦ ਵਿਚ ਗੁਰੂ ਰਾਮਦਾਸ ਜੀ ਚੌਥੇ ਪਤਾਸ਼ਾਹ ਬਣੇ।

ਮਾਝੇ ਵਿਚ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਕੇਂਦਰ ਲਈ ਅੰਮ੍ਰਿਤਸਰ ਵਾਲੀ ਜਗ੍ਹਾ ਚੁਣੀ। ਚਹੁੰ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ ਅਤੇ ਉਨ੍ਹਾਂ ਸਾਹਮਣੇ ਮੋੜ੍ਹੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਸਮ੍ਹਾਂ ਹਾੜ ਸੰਮਤ 1627 (ਜੂਨ ਸੰਨ 1570) ਦਾ ਹੈ। ਇਸ ਨੂੰ ਵਸਾਉਣ ਦਾ ਕੰਮ ਆਪ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿਚ ਕਰਵਾਇਆ।

ਆਪ ਜੀ ਨੇ ਪਹਿਲੇ ਗੁਰੂਆਂ ਦੀ ਤਰ੍ਹਾਂ ਪੰਜਾਬੀ ਵਿਚ ਬਾਣੀ ਰਚੀ। ਗਿਣਤੀ ਪੱਖੋਂ ਗੁਰਬਾਣੀ ਰਚਨਾ ਵਿਚ ਪਹਿਲਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਸਥਾਨ ਗੁਰੂ ਅਰਜਨ ਦੇਵ ਜੀ ਦਾ ਹੈ। ਆਪ ਜੀ ਦਾ ਸਥਾਨ ਤੀਸਰਾ ਹੈ। ਆਪ ਜੀ ਨੇ ਸਤਾਰਾਂ ਰਾਗਾਂ ਵਿਚ ਬਾਣੀ ਰਚੀ, ਜਿਨ੍ਹਾਂ ਦੇ ਨਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਸਭ ਤੋਂ ਪ੍ਰਸਿੱਧ ਇਨ੍ਹਾਂ ਦੀ ਬਾਣੀ ਅਨੰਦ ਸਾਹਿਬ ਹੈ। ਕਾਵਿ ਰੂਪਾਂ ਵਿਚੋਂ ਆਪ ਜੀ ਨੇ ਪਦੇ, ਛੰਤ, ਅਸ਼ਟਪਦੀਆਂ, ਸਲੋਕ ਅਤੇ ਵਾਰਾਂ ਦੇ ਰੂਪ ਵਰਤੇ ਹਨ।

ਗੁਰੂ ਜੀ ਨੇ ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਆਪਣੇ ਸਾਰੇ ਪਰਿਵਾਰ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਨਾ ਹੀ ਅਫ਼ਸੋਸ ਕਰੇ ਅਤੇ ਨਾ ਹੀ ਰੋਏ ਕੁਰਲਾਏ। ਸਗੋਂ ਗੁਰੂ ਦੀ ਬਾਣੀ ਦਾ ਪਾਠ ਕਰਕੇ ਵਾਹਿਗੁਰੂ ਦਾ ਨਾਮ ਜਪੇ। ਗੁਰੂ ਜੀ ਦੀ ਇਹ ਅੰਤਮ ਸਿੱਖਿਆ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਨੇ 6 ਪੌੜੀਆਂ ਦੀ ਇੱਕ ਨਿੱਕੀ ਜਿਹੀ ਬਾਣੀ ਦੇ ਰੂਪ ਵਿਚ ਲਿਖੀ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ 'ਸੱਦ' ਸਿਰਲੇਖ ਹੇਠ ਦਰਜ ਕੀਤਾ ਹੈ।

ਆਪ ਜੀ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ ਤੇ ਇਨ੍ਹਾਂ ਨੂੰ ਪੋਥੀਆਂ ਦੇ ਰੂਪ ਵਿਚ ਇਕੱਠਾ ਕੀਤਾ। ਇਨ੍ਹਾਂ ਪੋਥੀਆਂ ਵਿਚੋਂ ਦੋ ਅੱਜ ਵੀ ਉਨ੍ਹਾਂ ਦੇ ਵਾਰਸਾਂ ਕੋਲ ਹਨ। ਇਹ ਕਾਰਜ (ਗੁਰੂ) ਗ੍ਰੰਥ ਸਾਹਿਬ ਦੇ ਵਿਧੀ ਪੂਰਵਕ ਸੰਕਲਨ ਵੱਲ ਚੁਕਿਆ, ਇੱਕ ਮਹੱਤਵਪੂਰਨ ਕਦਮ ਸੀ।

ਆਪ 95 ਸਾਲ ਦੀ ਉਮਰ ਪੂਰੀ ਕਰਨ ਪਿੱਛੋਂ ਆਪਣੇ ਜੁਆਈ ਜੇਠਾ ਜੀ ਨੂੰ ਗੁਰਗੱਦੀ ਸੌਂਪ ਕੇ ਭਾਦੋਂ ਸੁਦੀ 15, 1631 ਬਿਕਰਮੀ (1 ਸਤੰਬਰ, 1574 ਈ.) ਜੋਤੀ ਜੋਤ ਸਮਾ ਗਏ। ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਬਣੇ।

## ਸਹਾਇਕ ਪੁਸਤਕਾਂ

1. ਸਾਹਿਬ ਸਿੰਘ, ਪ੍ਰੋਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018
2. ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ (ਗੁਰੂ ਕਾਲ :1469-1708), (ਜਿਲਦ ਪੰਜਵੀਂ), ਪੰਜਾਬੀ ਯੂਨੀਵਰਸਿਟੀ ਪਟਿਆਲਾ 2012
3. ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ ਪਟਿਆਲਾ 2008
4. ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬਦਰਜ਼, ਅੰਮ੍ਰਿਤਸਰ 2014,
5. ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ.ਐੱਸ. ਔਲਖ, ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014

ਅੱਠ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਧਰਤੀ



# ਉੱਚ ਸਿੱਖਿਆ, ਵਧਦੇ ਵਿਵਾਦ




ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA



ਪਿਛਲੇ ਕੁਝ ਦਿਨਾਂ ਤੋਂ ਰਾਸ਼ਟਰੀ ਪੱਧਰ 'ਤੇ ਕੁਝ ਮਹੱਤਵਪੂਰਨ ਪ੍ਰੀਖਿਆਵਾਂ ਵਿਚ ਧਾਂਦਲੀ ਅਤੇ ਪ੍ਰਸ਼ਨ ਪੱਤਰਾਂ ਦੇ ਲੀਕ ਹੋਣ ਦੇ ਮਾਮਲੇ 'ਚ ਜਿਸ ਕਿਸਮ ਦਾ ਰੋਸ ਲੋਕਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ, ਉਹ ਕੁਦਰਤੀ ਹੈ।

ਇਹੋ ਜਿਹੇ ਹਰ ਵਿਵਾਦ ਤੋਂ ਬਾਅਦ ਸਰਕਾਰ ਦਾ ਇਹੋ ਬਿਆਨ ਅਤੇ ਭਰੋਸਾ ਸਾਹਮਣੇ ਆਉਂਦਾ ਹੈ ਕਿ ਉਹ ਮਾਮਲੇ ਦੀ ਜਾਂਚ ਕਰੇਗੀ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਵੇਗੀ। ਪਰ ਸਾਲਾਂ ਤੋਂ ਇਹ ਸਮੱਸਿਆ ਲਗਾਤਾਰ ਕਾਇਮ ਹੈ।

ਸਮੇਂ-ਸਮੇਂ 'ਤੇ ਦੇਸ਼ ਵਿਚ ਹੋ ਰਹੇ ਸਕੈਂਡਲ, ਫਰਾਡ, ਭ੍ਰਿਸ਼ਟਾਚਾਰੀ ਕਾਰਵਾਈਆਂ ਕਾਰਨ ਵਿਸ਼ਵ ਵਿਚ ਦੇਸ਼ ਦਾ ਨਾਂਅ ਬਦਨਾਮ ਹੁੰਦਾ ਹੈ। ਹਾਲਾਂਕਿ ਚੋਣ ਬਾਂਡ ਮਾਮਲੇ ਸਬੰਧੀ ਵੱਡੇ ਸਕੈਂਡਲ ਦੀ ਸਿਆਹੀ ਸੁੱਕੀ ਨਹੀਂ ਸੀ ਕਿ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਸ਼ਿਅਰ ਮਾਰਕੀਟ ਸਬੰਧੀ ਇੱਕ ਹੋਰ ਵੱਡਾ ਵਿਵਾਦ ਸਾਹਮਣੇ ਆਇਆ, ਜਿਸ ਵਿਚ ਮੱਧ ਵਰਗੀ ਲੋਕਾਂ ਦੀ ਕਿਰਤ ਕਮਾਈ ਦੇ ਕਰੋੜਾਂ ਰੁਪਏ ਰੁੜ ਗਏ।

ਐੱਨ.ਡੀ.ਏ. ਸਰਕਾਰ ਦੇ ਗਠਨ ਦੇ ਤੁਰੰਤ ਬਾਅਦ ਨੀਟ ਵਿਵਾਦ ਚਰਚਾ 'ਚ ਆਇਆ ਹੈ। ਬਿਹਾਰ ਪੁਲਿਸ ਦੀ ਆਰਥਿਕ ਅਪਰਾਧ ਇਕਾਈ ਵਲੋਂ ਗ੍ਰਿਫ਼ਤਾਰ ਕੀਤੇ ਗਏ ਚਾਰ ਉਮੀਦਵਾਰਾਂ ਨੇ ਪੁਲਿਸ ਨੂੰ ਬਿਆਨ ਦਿੱਤੇ ਹਨ ਕਿ ਉਨ੍ਹਾਂ ਨੇ 32-32 ਲੱਖ ਰੁਪਏ ਪ੍ਰਤੀ ਵਿਦਿਆਰਥੀ ਲਏ ਹਨ ਅਤੇ ਉਨ੍ਹਾਂ ਵਿਦਿਆਰਥੀਆਂ ਨੇ ਇਸ ਪ੍ਰੀਖਿਆ 'ਚ ਸੌ ਫ਼ੀਸਦੀ ਅੰਕ ਪ੍ਰਾਪਤ ਕੀਤੇ ਸਨ ਅਤੇ ਐੱਮ.ਬੀ.ਬੀ.ਐੱਸ. ਲਈ ਕਿਸੇ ਵੀ ਵੱਡੇ ਮੈਡੀਕਲ ਕਾਲਜ 'ਚ ਉਨ੍ਹਾਂ ਦੀ ਸੀਟ ਪੱਕੀ ਸੀ। ਇਸ ਨੀਟ ਪ੍ਰੀਖਿਆ 'ਚ 24 ਲੱਖ ਨੌਜਵਾਨਾਂ ਨੇ ਪ੍ਰੀਖਿਆ ਦਿੱਤੀ ਸੀ।

ਅਸਲ ਵਿਚ ਇਸ ਪ੍ਰੀਖਿਆ ਨੇ ਦੇਸ਼ ਦੀ ਸਮੁੱਚੀ ਸਿੱਖਿਆ ਪ੍ਰਣਾਲੀ 'ਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਇਥੇ ਦੱਸਣਾ ਬਣਦਾ ਹੈ ਕਿ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਕਬੂਲਿਆ ਹੈ ਕਿ ਇਸ ਪ੍ਰੀਖਿਆ ਦਾ ਪੇਪਰ ਲੀਕ ਹੋਇਆ ਹੈ। ਉਨ੍ਹਾਂ ਨੇ ਕੌਮੀ ਟੈਸਟਿੰਗ ਏਜੰਸੀ (ਐੱਨ.ਟੀ.ਏ.) ਦੇ ਕੰਮਕਾਰ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਬਨਾਉਣ ਦਾ ਐਲਾਨ ਕੀਤਾ ਹੈ। ਦੇਸ਼ ਦੀ ਸੁਪਰੀਮ ਕੋਰਟ ਵਲੋਂ ਵੀ ਐੱਨ.ਟੀ.ਏ. ਦੀ ਜਵਾਬਤਲਬੀ ਕੀਤੀ ਗਈ ਹੈ ਅਤੇ ਕੇਂਦਰ ਸਰਕਾਰ ਨੂੰ ਵੀ ਇਸ ਸਬੰਧੀ ਕਟਿਹਰੇ 'ਚ ਖੜ੍ਹਾ ਕੀਤਾ ਗਿਆ ਹੈ। ਵਿਰੋਧੀ ਧਿਰਾਂ ਨੇ ਤਾਂ ਇਨ੍ਹਾਂ ਕਥਿਤ ਬੇਨਿਯਾਮੀਆਂ ਸਬੰਧੀ ਜ਼ੋਰਦਾਰ ਹੱਲਾ ਕੇਂਦਰ ਉਤੇ ਬੋਲਿਆ ਹੈ। ਕਾਂਗਰਸ ਆਗੂ ਨੇ ਤਾਂ ਇੱਕ ਕਦਮ ਹੋਰ ਅੱਗੇ ਜਾਂਦਿਆਂ ਕਿਹਾ ਕਿ ਭਾਜਪਾ ਤੇ ਆਰ.ਐੱਸ.ਐੱਸ. ਦਾ ਜਦੋਂ ਤੱਕ ਸਿੱਖਿਆ ਸੰਸਥਾਵਾਂ ਉਤੇ ਕਬਜ਼ਾ ਹੈ, ਉਦੋਂ ਤੱਕ ਪੇਪਰ ਲੀਕ ਹੋਣ ਦਾ ਅਮਲ ਜ਼ਾਰੀ ਰਹੇਗਾ।

ਬਿਨ੍ਹਾਂ ਸ਼ੱਕ ਇਹ ਵੱਡੀ ਸੱਚਾਈ ਹੈ ਕਿ ਭਾਜਪਾ ਸਰਕਾਰ ਸਿੱਖਿਆ ਸੰਸਥਾਵਾਂ ਉਤੇ ਆਪਣੇ ਕਰੰਦਿਆਂ ਰਾਹੀਂ, ਆਰ.ਐੱਸ.ਐੱਸ. ਦੀ ਹਿੰਦੂ ਰਾਸ਼ਟਰ ਸੋਚ ਨੂੰ ਸਿੱਖਿਆ ਸੰਸਥਾਵਾਂ ਰਾਹੀਂ ਦੇਸ਼ 'ਚ ਲਾਗੂ ਕਰਨ ਦੇ ਅਮਲ ਨੂੰ ਅੱਗੇ ਵਧਾ ਰਹੀ ਹੈ। ਦੇਸ਼ ਦੇ ਸੱਭਿਆਚਾਰਕ ਤਾਣੇ-ਬਾਣੇ ਨੂੰ ਨਸ਼ਟ ਕਰਨ ਲਈ ਪੂਰਾ ਟਿੱਲ ਲਾ ਰਹੀ ਹੈ। ਦੇਸ਼ ਦੇ ਇਤਿਹਾਸ ਨੂੰ ਬਦਲ ਰਹੀ ਹੈ। ਪਿਛਲੇ ਦਿਨੀ "ਬਾਬਰੀ ਮਸਜ਼ਿਦ" ਦਾ ਘਟਨਾ ਕਰਮ ਇਥੋਂ ਤੱਕ ਕਿ ਨਾਂਅ ਵੀ ਇਤਿਹਾਸ ਦੀਆਂ ਪਾਠ ਪੁਸਤਕਾਂ ਵਿਚੋਂ ਗਾਇਬ ਕਰ ਦਿੱਤਾ ਗਿਆ।

ਇਥੇ ਬੁਨਿਆਦੀ ਸੁਆਲ ਇਹ ਹੈ ਕਿ ਦੇਸ਼ ਦੇ ਭਵਿੱਖ ਨਾਲ ਐਡਾ ਵੱਡਾ ਖਿਲਵਾੜ ਹੋਇਆ ਹੋਵੇ ਤੇ ਦੇਸ਼ ਦਾ ਪ੍ਰਧਾਨ ਮੰਤਰੀ ਚੁੱਪੀ ਵੱਟ ਕੇ ਬੈਠਾ ਰਹੇ, ਉਵੇਂ ਹੀ ਜਿਵੇਂ ਉਹ ਮਨੀਪੁਰ ਦੀਆਂ ਘਟਨਾਵਾਂ ਸਬੰਧੀ ਜਿਥੇ ਔਰਤਾਂ ਨਾਲ ਸ਼ਰੇਆਮ ਬਲਾਤਕਾਰ ਹੋਏ, ਉਨ੍ਹਾਂ ਨੂੰ ਸੜਕਾਂ 'ਤੇ ਨੰਗਿਆਂ ਕਰਕੇ ਘੁਮਾਇਆ ਗਿਆ ਸੀ, ਪਰ ਪ੍ਰਧਾਨ ਮੰਤਰੀ ਨੇ ਇੱਕ ਸ਼ਬਦ ਵੀ ਇਸ ਸਬੰਧੀ ਨਹੀਂ ਸੀ ਬੋਲਿਆ।

ਪ੍ਰਧਾਨ ਮੰਤਰੀ, ਦੇਸ਼ ਦੇ ਲੋਕਾਂ ਕੋਲ ਹਰ ਮਹੀਨੇ 'ਮਨ ਕੀ ਬਾਤ' ਕਰਦੇ ਹਨ, ਇਸ ਮਹੀਨੇ ਵੀ ਆਖ਼ਰੀ ਤਾਰੀਖ ਨੂੰ ਮੁੜ ਇਹ ਪ੍ਰੋਗਰਾਮ ਪ੍ਰਸਾਰਤ ਕਰਵਾਉਂਦੇ ਹਨ, ਪਰ ਕੀ ਉਹ ਵਿਦਿਆਰਥੀਆਂ ਨਾਲ ਹੋਏ ਇਸ ਖਿਲਵਾੜ ਸਬੰਧੀ ਮਨ ਦੀ ਗੱਲ ਕਰਨਗੇ? ਕੀ ਉਨ੍ਹਾਂ ਵਿਦਿਆਰਥੀਆਂ ਦੇ ਜ਼ਖ਼ਮਾਂ ਉਤੇ ਮੱਲ੍ਹਮ ਲਗਾਉਣਗੇ, ਜਿਨ੍ਹਾਂ ਦੇ ਸੁਪਨੇ ਟੁੱਟ ਗਏ ਹਨ, ਜਿਹੜੇ ਇਨਸਾਫ਼ ਲਈ ਦਰ-ਦਰ ਭਟਕਦੇ ਫਿਰਦੇ ਹਨ, ਸੜਕਾਂ 'ਤੇ ਮੁਜ਼ਾਹਰੇ ਕਰ ਰਹੇ ਹਨ। ਇਸ ਨੀਟ ਵਿਵਾਦ 'ਤੇ ਘੁਟਾਲੇ ਦੀ ਜਾਂਚ ਸੀ.ਬੀ.ਆਈ. ਨੂੰ ਦੇ ਦਿੱਤੀ ਗਈ ਹੈ। ਇਸ ਮਾਮਲੇ 'ਤੇ ਵੱਡੀ ਉਂਗਲੀ ਬਿਹਾਰ ਤੇ ਗੁਜਰਾਤ 'ਚ ਫੈਲੇ ਸਿੱਖਿਆ ਮਾਫੀਆ ਨਾਲ ਉਠਦੀ ਵਿਖਾਈ ਦਿੰਦੀ ਹੈ। ਦੋਹਾਂ ਰਾਜਾਂ ਵਿਚ ਹੀ ਐੱਫ.ਆਈ.ਆਰ. ਦਰਜ਼ ਹੋਈਆਂ ਹਨ।

ਸਿੱਖਿਆ ਘੁਟਾਲੇ ਦੇ ਇਸ ਮੌਸਮ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਲੰਦਾ ਯੂਨੀਵਰਸਿਟੀ ਵਿਚ ਇੱਕ ਸ਼ਾਨਦਾਰ ਭਾਸ਼ਨ ਦਿੱਤਾ। ਉਨ੍ਹਾਂ ਘੁਟਾਲੇ ਦਾ ਜ਼ਿਕਰ ਤੱਕ ਨਹੀਂ ਕੀਤਾ, ਪਰ ਆਪਣੇ ਸਰਕਾਰ ਦੀ ਸਿੱਖਿਆ ਨੀਤੀ ਦੀ ਪੁਰਜ਼ੋਰ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਸਾਡੀ ਸਿੱਖਿਆ ਨੀਤੀ ਦਾ ਮੰਤਵ ਹੈ ਕਿ ਦੇਸ਼ ਦੀ ਨੌਜਵਾਨ ਪੀੜ੍ਹੀ ਦੇ ਸਾਰੇ ਸੁਫ਼ਨੇ ਸਾਕਾਰ ਹੋਣ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮਿਸ਼ਨ ਹੈ ਕਿ ਭਾਰਤ ਇੱਕ ਵੇਰ ਫਿਰ ਗਿਆਨ ਦਾ ਕੇਂਦਰ ਬਣੇ, ਜਿਵੇਂ ਪੁਰਾਤਨ ਸਮਿਆਂ ਵਿਚ ਸੀ।

ਪਰੰਤੂ ਸਵਾਲ ਇਹ ਹੈ ਕਿ ਭਾਰਤ ਗਿਆਨ ਦਾ ਕੇਂਦਰ ਬਣੇਗਾ ਕਿਵੇਂ, ਜਦਕਿ ਸਿੱਖਿਆ ਦਾ ਇੰਨਾ ਬੁਰਾ ਹਾਲ ਹੈ ਕਿ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਬਰਬਾਦ ਹੋ ਸਕਦਾ ਹੈ। ਸਿਰਫ਼ ਇਸ ਲਈ ਕਿ ਸਿੱਖਿਆ ਮਨਿਸਟਰੀ "ਨੀਟ" ਪ੍ਰੀਖਿਆ ਸਹੀ ਢੰਗ ਨਾਲ ਨਹੀਂ ਕਰਵਾ ਸਕੀ। ਕਈ ਵਿਦਿਆਰਥੀਆਂ ਦੇ ਡਾਕਟਰ ਬਨਣ ਦੇ ਸੁਪਨੇ ਚੂਰ-ਚੂਰ ਹੋ ਗਏ ਹਨ। ਹੁਣ ਪ੍ਰੀਖਿਆ ਦੁਬਾਰਾ ਦੇਣ ਲਈ ਨਾ ਉਨ੍ਹਾਂ 'ਚ ਹਿੰਮਤ ਹੈ ਅਤੇ ਨਾ ਹੀ ਜੋਸ਼ ਜਾਂ ਸਮਰੱਥਾ। ਅਸਲ 'ਚ ਭਵਿੱਖ ਸਿਰਫ਼ ਵਿਦਿਆਰਥੀਆਂ ਦਾ ਨਹੀਂ, ਉਨ੍ਹਾਂ ਦੇ ਮਾਪਿਆਂ ਦਾ ਵੀ ਖਰਾਬ ਹੋਇਆ ਹੈ। ਇਸਦੀ ਜ਼ੁੰਮੇਵਾਰੀ ਕੌਣ ਲਵੇਗਾ?

ਕੀ ਨੀਟ ਪ੍ਰੀਖਿਆ 'ਤੇ ਹੁਣ ਕਿਸੇ ਦਾ ਭਰੋਸਾ ਰਹੇਗਾ, ਜਦੋਂ ਕਿ ਐਡਾ ਵੱਡਾ ਭ੍ਰਿਸ਼ਟਾਚਾਰੀ ਕਾਂਡ ਵਾਪਰਿਆ ਹੈ। ਮੈਡੀਕਲ ਸਿੱਖਿਆ 'ਚ ਖਰਾਬੀ ਇਸ ਹੱਦ ਤੱਕ ਵਧ ਚੁੱਕੀ ਹੈ ਕਿ ਭਾਰਤੀ ਵਿਦਿਆਰਥੀ ਡਾਕਟਰ ਬਨਣ ਲਈ ਯੂਕਰੇਨ ਜਾ ਰਹੇ ਹਨ, ਬਾਵਜੂਦ ਇਸਦੇ ਕਿ ਉਥੇ ਯੁੱਧ ਲੱਗਿਆ ਹੋਇਆ ਹੈ। ਕਾਰਨ ਇਕੋ ਹੈ ਕਿ ਭਾਰਤ 'ਚ ਮੈਡੀਕਲ ਸਿੱਖਿਆ ਬਹੁਤ ਮਹਿੰਗੀ ਹੈ, ਤੇ ਵਿਦੇਸ਼ਾਂ 'ਚ ਸਸਤੀ। ਸਰਕਾਰੀ ਮੈਡੀਕਲ ਕਾਲਜਾਂ 'ਚ ਦਾਖ਼ਲਾ ਮਿਲਣਾ ਬਹੁਤ ਔਖਾ ਹੈ, ਉਹ ਲੋਕ ਜਿਨ੍ਹਾਂ 'ਚ ਹਿੰਮਤ ਹੈ, ਪੈਸਾ ਖ਼ਰਚਕੇ ਬੱਚਿਆਂ ਦਾ ਦਾਖ਼ਲਾ ਕਰਵਾ ਲੈਂਦੇ ਹਨ।

ਡਾਕਟਰੀ ਪੜ੍ਹਾਈ ਵਿਚ ਹੀ ਨਹੀਂ, ਸਗੋਂ ਸਾਰੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਸਿੱਖਿਆ ਮਾਫੀਏ ਦੀਆਂ ਸ਼ਿਕਾਰ ਹੋ ਚੁੱਕੀਆਂ ਹਨ। ਮੌਜੂਦਾ ਸਮੇਂ ਸਿੱਖਿਆ ਦੀਆਂ ਸਮੱਸਿਆਵਾਂ ਅਤਿਅੰਤ ਗੰਭੀਰ ਹਨ। ਇਹ ਠੀਕ ਹੈ ਕਿ ਉਹ ਸਮੱਸਿਆਵਾਂ ਸਿਰਫ਼ ਮੋਦੀ ਸਰਕਾਰ ਵਲੋਂ ਹੀ ਪੈਦਾ ਕੀਤੀਆਂ ਹੋਈਆਂ ਨਹੀਂ ਹਨ, ਪਰ ਪਿਛਲੇ ਦਸ ਸਾਲਾਂ 'ਚ ਮੋਦੀ ਜੀ ਨੇ ਸਿੱਖਿਆ 'ਚ ਖ਼ਾਸ ਕਰਕੇ ਉੱਚ ਸਿੱਖਿਆ ਸੁਧਾਰਾਂ ਲਈ ਕੀ ਕੀਤਾ ਹੈ? ਉੱਚ ਸਿੱਖਿਆ ਦਾ ਹਾਲ ਇਹ ਹੈ ਕਿ ਪੂਰੀ ਪੜ੍ਹਾਈ ਕਰਨ ਤੋਂ ਬਾਅਦ ਵੀ ਵਿਦਿਆਰਥੀ ਨੌਕਰੀ ਕਰਨ ਦੇ ਲਾਇਕ ਨਹੀਂ ਬਣਦੇ, ਕਿਉਂਕਿ ਸੰਸਥਾਵਾਂ 'ਚ ਬੁਨਿਆਦੀ ਢਾਂਚੇ ਅਤੇ ਪ੍ਰੋਫੈਸ਼ਨਲ ਅਧਿਆਪਕਾਂ ਤੇ ਅਮਲੇ ਦੀ ਕਮੀ ਹੈ, ਖ਼ਾਸ ਕਰਕੇ ਸਰਕਾਰੀ ਮੈਡੀਕਲ, ਇੰਜੀਨੀਅਰਿੰਗ ਕਾਲਜਾਂ ਅਤੇ ਇਥੋਂ ਤੱਕ ਕਿ ਆਈ.ਆਈ.ਟੀ. ਵਿਚ ਵੀ।

ਸਿੱਖਿਆ ਘੁਟਾਲੇ ਨੂੰ ਲੈ ਕੇ ਰਾਜਨੀਤੀ ਸ਼ੁਰੂ ਹੋ ਗਈ ਹੈ। ਵਿਰੋਧੀ ਧਿਰ ਦੇ ਨੇਤਾਵਾਂ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਹੈ ਕਿ ਉਹ ਆਉਂਦੇ ਸੰਸਦ ਇਜਲਾਸ ਵਿਚ ਇਹ ਮਸਲੇ ਉਠਾਉਣਗੇ। ਸ਼ਾਇਦ ਇਸੇ ਕਰਕੇ ਇਸ ਡਰ 'ਚ ਇਮਤਿਹਾਨ ਲੈਣ ਵਾਲੀ ਸੰਸਥਾ "ਐੱਨ.ਟੀ.ਏ." ਦੇ ਚੇਅਰਮੈਨ ਨੂੰ ਹਟਾ ਦਿੱਤਾ ਗਿਆ ਹੈ।

ਵਿਰੋਧੀ ਧਿਰ ਦੇ ਤਿੱਖੇ ਵਾਰ ਨੂੰ ਰੋਕਣ ਲਈ ਸਰਕਾਰ ਨੇ ਤਤਕਾਲੀ ਤੌਰ 'ਤੇ ਉਹ ਕਾਨੂੰਨ ਲਾਗੂ ਕਰਨ ਦੀ ਘੋਸ਼ਣਾ ਕੀਤੀ ਹੈ, ਜੋ ਚਾਰ ਮਹੀਨੇ ਪਹਿਲਾਂ ਲੋਕ ਪ੍ਰੀਖਿਆ (ਅਨੁਚਿਤ ਸਾਧਨਾਂ ਦਾ ਨਿਵਾਰਣ) ਕਾਨੂੰਨ 2024 ਪਾਸ ਕੀਤਾ ਸੀ। ਇਸ ਕਾਨੂੰਨ ਦਾ ਮੰਤਵ ਯੂ.ਪੀ.ਐੱਸ.ਸੀ., ਰੇਲਵੇ, ਬੈਂਕਿੰਗ ਆਦਿ ਹੋਰ ਸਾਰੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਸਮੇਤ ਨੀਟ 'ਚ ਭ੍ਰਿਸ਼ਟਾਚਾਰੀਆਂ ਨੂੰ ਕੈਦ, ਭਾਰੀ ਜ਼ੁਰਮਾਨੇ ਆਦਿ ਦੇਣ ਦਾ ਪ੍ਰਾਵਾਧਾਨ ਹੈ।

ਪਰ ਇਹ ਹਕੀਕਤ ਜੱਗ ਜ਼ਾਹਿਰ ਹੈ ਕਿ ਅਪਰਾਧਾਂ 'ਤੇ ਰੋਕ ਲਗਾਉਣ ਲਈ ਕਾਨੂੰਨ ਬਣਾਏ ਜਾਂਦੇ ਹਨ, ਲੇਕਿਨ ਉਹ ਕਾਗਜ਼ਾਂ ਵਿਚ ਹੀ ਧਰੇ ਧਰਾਏ ਰਹਿ ਜਾਂਦੇ ਹਨ।

ਅਸਲ 'ਚ ਇਹੋ ਜਿਹੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਇੱਛਾ ਸ਼ਕਤੀ ਦੀ ਲੋੜ ਹੁੰਦੀ ਹੈ, ਜੋ ਭਾਰਤੀ ਸਿਆਸਤਦਾਨ ਗੁਆ ਚੁੱਕੇ ਹਨ। ਹੁਣ ਜਦੋਂ ਰਾਸ਼ਟਰੀ ਪੱਧਰ 'ਤੇ ਕਰਵਾਈ ਜਾਣ ਵਾਲੀ ਪ੍ਰੀਖਿਆ 'ਚ ਧਾਂਦਲੀ ਰੋਕਣ ਲਈ ਸਰਕਾਰ ਨਾਕਾਮ ਰਹੀ, ਹਾਲਾਂਕਿ ਉਸ ਵਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਇਹੋ ਜਿਹੀਆਂ ਸੰਵੇਦਨਸ਼ੀਲ ਪ੍ਰੀਖਿਆਵਾਂ ਵਿਚ ਆਧੁਨਿਕ ਅਤੇ ਉਨਤ ਤਕਨੀਕੀ ਸੰਸਥਾਵਾਂ ਤੋਂ ਸਹਾਇਤਾ ਲਈ ਜਾਂਦੀ ਹੈ, ਪਰ ਸਾਈਬਰ ਖੇਤਰ 'ਚ ਨਿੱਤ ਨਵੇਂ ਪ੍ਰਯੋਗਾਂ ਦੇ ਜ਼ਰੀਏ ਹਾਲੀ ਵੀ ਬਹੁ-ਸਤਰੀ ਨਿਗਰਾਨੀ ਤੰਤਰ ਨਹੀਂ ਬਣ ਸਕਿਆ।

ਦੇਸ਼ 'ਚ ਉੱਚ ਸਿੱਖਿਆ ਦੇ ਮਿਆਰ 'ਤੇ ਇਸ ਵੇਲੇ ਸਵਾਲ ਉਠਦੇ ਹਨ। ਸਵਾਲ ਤਾਂ ਸਿੱਖਿਆ ਦੇ ਪੂਰੇ ਢਾਂਚੇ 'ਤੇ ਹੀ ਉਠਾਏ ਜਾਂਦੇ ਹਨ। ਨਵੀਂ ਸਿੱਖਿਆ ਨੀਤੀ ਚੰਗੀ ਹੋ ਸਕਦੀ ਹੈ, ਪਰ ਜਦ ਤੱਕ ਢਾਂਚੇ ਦੀ ਮੁਰੰਮਤ ਨਹੀਂ ਹੁੰਦੀ, ਇਨ੍ਹਾਂ ਨੀਤੀਆਂ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਮੌਜੂਦਾ ਪ੍ਰੀਖਿਆ ਵਿਵਾਦ 'ਚ, ਉਨ੍ਹਾਂ ਸਾਰੇ ਵਿਦਿਆਰਥੀਆਂ ਦੇ ਸਵਾਲਾਂ ਦਾ ਜਵਾਬ ਕੀ ਪ੍ਰਧਾਨ ਮੰਤਰੀ ਕੋਲ ਹੈ, ਜਿਨ੍ਹਾਂ ਦੀ ਜ਼ਿੰਦਗੀ ਬਰਬਾਦ ਹੋਈ ਦਿੱਖ ਰਹੀ ਹੈ?

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



**Dr. Bindra Clinic**

*Dental Care & Hair Transplant*

*COSMETIC - IMPLANT - RESTORATIVE*



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

**Chief Editor**
Gurjatinder Singh Randhawa

**Sub Editors**
Sandeep Kumar
Amit Saini

**Distributor**
Jai Singh

**Website**
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## 1 ਜੁਲਾਈ 2024 ਨੂੰ 134ਵੇਂ ਜਨਮ ਦਿਵਸ 'ਤੇ

# ਕ੍ਰਾਂਤੀਕਾਰੀ ਗ਼ਦਰੀ ਬਾਗ਼ੀ ਸ਼ਾਇਰ 'ਮੁਨਸ਼ਾ ਸਿੰਘ ਦੁਖੀ'


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਦੇਸ਼ ਦੀ ਆਜ਼ਾਦੀ ਦੀ ਮੁਹਿੰਮ ਵਿਚ ਸਭ ਤੋਂ ਵਧੇਰੇ ਯੋਗਦਾਨ ਪੰਜਾਬੀਆਂ/ਸਿੱਖਾਂ ਨੇ ਪਾਇਆ ਹੈ। ਉਹ ਫ਼ਾਂਸੀਆਂ 'ਤੇ ਚੜ੍ਹੇ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤੀਆਂ ਪ੍ਰੰਤੂ ਉਹ ਆਪਣੇ ਨਿਸ਼ਾਨੇ ਤੋਂ ਪਿੱਛੇ ਨਹੀਂ ਹਟੇ, ਸਗੋਂ ਹਰ ਜ਼ਿਆਦਤੀ ਤੋਂ ਬਾਅਦ ਅੰਦੋਲਨ ਨੂੰ ਹੋਰ ਗਰਮਜੋਸ਼ੀ ਨਾਲ ਤੇਜ਼ ਕਰ ਦਿੰਦੇ ਸਨ। ਸਮਾਜ ਦੇ ਹਰ ਵਰਗ ਨੇ ਤਨੋਂ, ਮਨੋਂ ਆਜ਼ਾਦੀ ਦੀ ਜੱਦੋ-ਜਹਿਦ ਨੂੰ ਸਫ਼ਲ ਬਣਾਉਣ ਦੇ ਉਪਰਾਲੇ ਕੀਤੇ ਹਨ ਪ੍ਰੰਤੂ ਗ਼ਦਰੀ ਕ੍ਰਾਂਤੀਕਾਰੀਆਂ ਦਾ ਯੋਗਦਾਨ ਸਾਰਿਆਂ ਨਾਲੋਂ ਵਧੇਰੇ ਤੇ ਵੱਖਰੀ ਕਿਸਮ ਦਾ ਹੈ। ਉਨ੍ਹਾਂ ਕ੍ਰਾਂਤੀਕਾਰੀ ਗ਼ਦਰੀ ਬਾਬਿਆਂ ਵਿਚੋਂ ਜੁਝਾਰੂ ਇਨਕਲਾਬੀ ਕਵੀ ਮੁਨਸ਼ਾ ਸਿੰਘ ਦੁਖੀ ਦਾ ਯੋਗਦਾਨ ਬਹੁਪੱਖੀ ਤੇ ਬਹੁਪ੍ਰਤੀ ਹੈ। ਉਹ ਨਿਡਰ, ਬੇਪ੍ਰਵਾਹ, ਦ੍ਰਿੜ੍ਹ ਇਰਾਦੇ ਵਾਲਾ ਕ੍ਰਾਂਤੀਕਾਰੀ ਸੀ, ਜਿਸ ਨੇ ਆਪਣੀਆਂ ਬੀਰ ਰਸੀ ਕਵਿਤਾਵਾਂ ਅਤੇ ਜਜ਼ਬਾਤੀ ਲੇਖਾਂ ਰਾਹੀਂ ਪੰਜਾਬੀਆਂ/ਸਿੱਖਾਂ ਨੂੰ ਆਜ਼ਾਦੀ ਦੀ ਲੜਾਈ ਵਿਚ ਮੋਹਰੀ ਬਣਨ ਲਈ ਪ੍ਰੇਰਿਤ ਹੀ ਨਹੀਂ ਕੀਤਾ, ਸਗੋਂ ਮਰ ਮਿਟਣ ਲਈ ਤਿਆਰ ਕੀਤਾ। ਉਸ ਦੇ ਜੋਸ਼ੀਲੇ ਭਾਸ਼ਣ ਅਤੇ ਕਵਿਤਾਵਾਂ ਨੌਜਵਾਨਾਂ ਨੂੰ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਲਈ ਉਤਸ਼ਾਹਤ ਕਰਦੀਆਂ ਸਨ। ਉਹ 1913 ਵਿਚ ਗ਼ਦਰ ਲਹਿਰ ਦੀ ਨੀਂਹ ਰੱਖਣ ਵਾਲੇ ਗ਼ਦਰੀ ਮੋਢੀਆਂ ਵਿਚੋਂ ਇੱਕ ਸਨ। ਉਨ੍ਹਾਂ ਨੂੰ ਕਾਮਾਗਾਟਾ ਮਾਰੂ ਜਹਾਜ਼ ਕਾਂਡ ਦੇ ਨਾਇਕ ਵੀ ਕਿਹਾ ਜਾਂਦਾ ਹੈ। ਉਹ ਹਰਫ਼ਨਮੌਲਾ ਸ਼ਖ਼ਸੀਅਤ ਦਾ ਮਾਲਕ ਸੀ। ਮੁਨਸ਼ਾ ਸਿੰਘ ਦੁਖੀ ਨੂੰ ਤੀਜੇ ਲਾਹੌਰ ਸਾਜ਼ਿਸ਼ ਕੇਸ ਵਿਚ ਉਮਰ ਕੈਦ ਦੀ ਸਜ਼ਾ ਹੋਈ ਸੀ। ਉਨ੍ਹਾਂ ਨੂੰ ਬਿਹਾਰ ਦੀ ਹਜ਼ਾਰੀ ਬਾਗ ਜੇਲ੍ਹ ਵਿਚ ਰੱਖਿਆ ਗਿਆ ਅਤੇ ਅਨੇਕਾਂ ਅਣਮਨੁੱਖੀ ਤਸੀਹੇ ਦਿੱਤੇ ਗਏ ਸਨ। ਗ਼ਦਰੀ ਬਾਬਿਆਂ ਵਿਚੋਂ ਮੁਨਸ਼ਾ ਸਿੰਘ ਦੁਖੀ ਸਭ ਤੋਂ ਵਧੇਰੇ ਵਿਦੇਸ਼ਾਂ ਹਾਂਗਕਾਂਗ, ਚੀਨ, ਜਰਮਨੀ, ਇੰਗਲੈਂਡ, ਕੀਨੀਆ, ਤਨਜਾਨੀਆ, ਜਾਪਾਨ, ਕੈਨੇਡਾ ਅਤੇ ਅਮਰੀਕਾ ਵਿਚ ਜਾ ਕੇ ਭਾਰਤੀਆਂ/ਪੰਜਾਬੀਆਂ/ ਸਿੱਖਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਦਾ ਹੋਇਆ ਲਾਮਬੰਦ ਕਰਦਾ ਰਿਹਾ। ਮੁਨਸ਼ਾ ਸਿੰਘ ਦੁਖੀ ਅਲੌਕਿਕ ਪ੍ਰਤਿਭਾ ਦਾ ਮਾਲਕ ਸੀ। ਉਸ ਦੀ ਕਾਬਲੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਸਿਰਫ਼ ਪ੍ਰਾਇਮਰੀ ਤੱਕ ਦੀ ਪੜ੍ਹਾਈ ਕਰਨ ਦੇ ਬਾਵਜੂਦ ਵੀ ਪੰਜਾਬੀ, ਹਿੰਦੀ, ਬੰਗਾਲੀ, ਚੀਨੀ, ਜਪਾਨੀ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਿਆਤਾ ਸੀ। ਰੂਹਪੋਸ਼ ਹੋਣ ਸਮੇਂ ਜਿਥੇ ਵੀ ਉਹ ਜਾਂਦਾ ਸੀ, ਸਭ ਤੋਂ ਪਹਿਲਾਂ ਉਥੋਂ ਦੀ ਭਾਸ਼ਾ ਸਿੱਖਦਾ ਸੀ, ਜਿਸ ਕਰਕੇ ਉਸ ਨੂੰ ਆਪਣੀ ਇਨਕਲਾਬੀ ਜੱਦੋ-ਜਹਿਦ ਵਿਚ ਕਦੀਂ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਕਿਸੇ ਵੀ ਦੇਸ਼ ਵਿਚ ਸਥਾਨਕ ਬੋਲੀ ਉਸ ਦੀਆਂ ਸਰਗਰਮੀਆਂ ਵਿਚ ਰੁਕਾਵਟ ਨਹੀਂ ਪਾ ਸਕੀ। ਉਸ ਨੇ ਕੁਝ ਸਮਾਂ ਵਿਦੇਸ਼ ਵਿਚ ਦੋਭਾਸ਼ੀਆ ਦਾ ਕੰਮ ਵੀ ਕੀਤਾ। 15 ਸਾਲ ਦੀ ਉਮਰ ਵਿਚ 1905 ਵਿਚ ਉਹ ਬਗਾਵਤੀ ਸੁਰਾਂ ਅਲਾਪਣ ਲੱਗ ਗਿਆ ਸੀ। ਹਾਲਾਂਕਿ ਉਸ ਦਾ ਪਿਤਾ ਬਰਤਾਨਵੀ ਫ਼ੌਜ ਵਿਚ ਸੂਬੇਦਾਰ ਸੀ। ਅੰਗਰੇਜ਼ਾਂ ਦੀ ਪੁਲਿਸ ਤੋਂ ਬਚਣ ਲਈ ਉਹ 5 ਮਈ, 1908 ਨੂੰ 18 ਸਾਲ ਦੀ ਅੱਲੜ੍ਹ ਉਮਰ ਵਿਚ ਹੀ ਅਮਰੀਕਾ ਜਾਣ ਲਈ ਕਲਕੱਤੇ ਤੋਂ ਆਪਣੇ ਭਰਾ ਦੇ ਨਾਲ ਜਹਾਜ਼ ਚੜ੍ਹਿਆ ਸੀ ਪ੍ਰੰਤੂ ਰਾਹ ਵਿਚ ਹੀ ਪਹਿਲਾਂ ਹਾਂਗਕਾਂਗ ਆਪਣੇ ਭਰਾ ਪਾਲਾ ਸਿੰਘ ਨਾਲ ਤੇ ਫਿਰ ਹੋਨੋਲੂਲੂ ਵਿਚ ਠਹਿਰ ਗਿਆ ਕਿਉਂਕਿ ਉਸ ਨੂੰ ਦੱਸਿਆ ਗਿਆ, ਸ਼ਾਇਦ ਅਮਰੀਕਾ ਵੜਨ ਨਾ ਦਿੱਤਾ ਜਾਵੇ। ਉਥੇ ਉਸ ਨੇ ਪਹਿਲਾਂ ਗੰਨਾ ਫਾਰਮ ਵਿਚ ਥੋੜ੍ਹੀ ਤਨਖ਼ਾਹ 'ਤੇ ਅਤਿ ਕਠਿਨ ਕੰਮ ਕੀਤਾ ਅਤੇ ਫਿਰ ਸੈਟਲ ਹੋਣ ਲਈ ਕਈ ਪਾਪੜ ਵੇਲੇ। ਅਖ਼ੀਰ 1910 ਵਿਚ ਅਮਰੀਕਾ ਦੇ ਸਾਨ ਫਰਾਂਸਿਸਕੋ ਸ਼ਹਿਰ ਵਿਚ ਪਹੁੰਚ ਗਿਆ। ਉਥੇ ਦੋਭਾਸ਼ੀਏ ਦਾ ਕੰਮ ਕਰਦਾ ਰਿਹਾ। ਪਰਵਾਸ ਵਿਚ ਉਹ ਆਪਣੀ ਰੋਜ਼ੀ-ਰੋਟੀ ਕਮਾਉਣ ਦੇ ਨਾਲ ਹੀ ਗਦਰੀ ਲਹਿਰ ਵਿਚ ਕੰਮ ਕਰਦਾ ਰਿਹਾ। ਪਰਵਾਸ ਵਿਚ ਰਹਿੰਦਿਆਂ ਉਹ ਗੁਰੂ ਘਰਾਂ ਵਿਚ ਜੋਸ਼ੀਲੇ ਭਾਸ਼ਣ ਦਿੰਦਾ ਰਿਹਾ। ਉਹ ਤਿੰਨ ਵਾਰ 1908, 1951 ਅਤੇ 1969 ਵਿਚ ਵਿਦੇਸ਼ ਵਿਚ ਗਿਆ ਸੀ। ਉਹ ਲਗਪਗ 12 ਸਾਲ ਵਿਦੇਸ਼ ਵਿਚ ਰਿਹਾ। ਉਸ ਦਾ ਭਰਾ ਪਾਲਾ ਸਿੰਘ ਕੈਨੇਡਾ ਚਲਾ ਗਿਆ ਤੇ 1912 ਵਿਚ ਮੁਨਸ਼ਾ ਸਿੰਘ, ਪਾਲਾ ਸਿੰਘ ਕੋਲ ਵੈਨਕੂਵਰ ਪਹੁੰਚ ਗਿਆ। 1914 ਵਿਚ ਕਾਮਾਗਾਟਾ ਮਾਰੂ ਜਹਾਜ਼ ਵਿਚ ਵਾਪਸ ਭਾਰਤ ਆ ਗਿਆ ਸੀ। ਉਹ ਚੁਸਤ, ਚਲਾਕ ਤੇ ਤੇਜ਼-ਤਰਾਰ ਬਹੁਤ ਸੀ, ਇਸ ਕਰਕੇ ਕਿਸੇ ਪੁਲਿਸ ਦੇ ਸੂਹੀਏ ਨੂੰ ਆਪਣੇ ਆਪ ਨੂੰ ਬਰਤਾਨੀਆਂ ਦੀ ਪੁਲਿਸ ਦਾ ਸੂਹੀਆ ਦੱਸਕੇ ਕਾਮਾਗਾਟਾ ਮਾਰੂ ਜਹਾਜ਼ ਵਿਚੋਂ ਬਚਕੇ ਨਿਕਲਣ ਵਿਚ ਸਫਲ ਹੋ ਗਿਆ ਸੀ। ਪ੍ਰੰਤੂ 1915 ਵਿਚ ਉਹ ਗ੍ਰਿਫ਼ਤਾਰ ਹੋ ਗਿਆ ਅਤੇ 1920 ਵਿਚ ਰਿਹਾਅ ਹੋਇਆ।

**ਸਾਹਿਤਕ ਸਫ਼ਰ:** ਆਜ਼ਾਦੀ ਜੱਦੋ-ਜਹਿਦ ਵਿਚ ਉਹ ਦੇਸ਼ ਭਗਤੀ ਦੀਆਂ ਬੀਰ ਰਸੀ ਕਵਿਤਾਵਾਂ ਲਿਖਦਾ ਰਿਹਾ, ਜਿਹੜੀਆਂ ਭਾਰਤੀਆਂ/ ਪੰਜਾਬੀਆਂ/ਸਿੱਖਾਂ ਨੂੰ ਦੇਸ਼ ਆਜ਼ਾਦੀ ਦੀ ਚੱਲ ਰਹੀ ਲਹਿਰ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਦਿੰਦੀਆਂ ਸਨ। ਉਸ ਦਾ ਸਾਰਾ ਸਾਹਿਤ ਇਨਕਲਾਬੀ ਸੀ। ਨੌਜਵਾਨਾਂ ਨੂੰ ਕੁਰੇਦਦਾ ਹੋਇਆ ਲਿਖਦਾ ਹੈ:

ਵਤਨ ਦੀ ਆਪਣੀ ਅਣਖ਼ ਆਨ ਨਾ ਢਾ, ਕਦੀਮੀ ਚਮਕ ਸ਼ਾਨ 'ਤੇ ਖਾਕ ਨਾ ਪਾ।
ਓ ਭਾਰਤ ਦਿਆ ਕਮਲਿਆ ਨੌਜਵਾਨਾ, ਦੁਖੀ ਦੇਸ਼ ਨੂੰ ਕੌਮ ਨੂੰ ਦਾਗ਼ ਨਾ ਲਾ।
ਦਿਲ 'ਚ ਇਹੀ ਠਾਣੀ ਵਿਤੋਂ ਵਧ ਵਧ ਕੇ, ਕੌਮ ਲਈ ਕਰਬਾਨੀਆਂ ਕਰਾਂਗਾ ਮੈਂ।
ਦੁਖੀ ਦੇਸ਼ ਵਾਸਤੇ ਜੀਆਂਗਾ ਮੈਂ, ਦੇਸ਼ ਵਾਸਤੇ ਮਰਾਂਗਾ ਮੈਂ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਉਸ ਦੀਆਂ ਕਵਿਤਾਵਾਂ, ਕਹਾਣੀਆਂ, ਨਾਵਲ ਅਤੇ ਹੋਰ ਵਾਰਤਕ ਦੀਆਂ ਪੁਸਤਕਾਂ ਦੇ ਵਿਸ਼ੇ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਸੁਧਾਰਵਾਦੀ ਹੋ ਗਏ ਸਨ। ਉਸ ਸਮੇਂ ਮੁੱਖ ਤੌਰ 'ਤੇ ਧਾਰਮਿਕ ਵਿਸ਼ਿਆਂ ਉਪਰ ਲਿਖਦਾ ਰਿਹਾ। ਗਦਰ ਅਖ਼ਬਾਰ ਵਿਚ ਉਹ ਹਮੇਸ਼ਾ ਆਪਣੀਆਂ ਕਵਿਤਾਵਾਂ ਪ੍ਰਕਾਸ਼ਤ ਕਰਵਾਉਂਦਾ ਰਹਿੰਦਾ ਸੀ। ਗਦਰ ਪਾਰਟੀ ਦਾ ਸਰਗਰਮ ਮੈਂਬਰ ਸੀ। ਸਪਤਾਹਿਕ ਗਦਰ ਅਖ਼ਬਾਰ ਵਿਚ ਉਸ ਦੇ ਲੇਖ ਅਤੇ ਕਵਿਤਾਵਾਂ ਛੱਪਦੀਆਂ ਰਹਿੰਦੀਆਂ ਸਨ। ਉਸ ਦੀਆਂ ਸਾਹਿਤਕ ਚੋਭਾਂ ਆਜ਼ਾਦੀ ਦੀ ਪ੍ਰਾਪਤੀ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਰਹੀਆਂ ਸਨ। ਸਮਾਜਿਕ ਕੁਰੀਤੀਆਂ ਅਤੇ ਵਹਿਮਾਂ-ਭਰਮਾਂ ਦਾ ਉਸ ਦੀਆਂ ਕਵਿਤਾਵਾਂ ਖੰਡਨ ਕਰਦੀਆਂ ਸਨ। ਇੱਕ ਕਵਿਤਾ ਵਿਚ ਉਹ ਲਿਖਦਾ ਹੈ:

ਜੇ ਕੁਰੀਤਾਂ ਦਾ ਫਾਹਾ ਗਲ ਪਾਇੰਗਾ, ਵਹਿਮਾਂ ਭਰਮਾਂ ਦੀ ਜ਼ਹਿਰ ਜੋ ਖਾਇੰਗਾ।
ਕਿਸੇ ਨਹੀਂ ਸੁਣਨੀ ਤੇਰੀ ਫਰਿਆਦ ਕੂਕ, ਬਸ 'ਦੁਖੀ' ਫਿਰ ਰੋਂਦਿਆਂ ਮਰ ਜਾਇੰਗਾ।

ਮੁਨਸ਼ਾ ਸਿੰਘ ਦੁਖੀ ਨੇ ਆਪਣੇ ਜੀਵਨ ਵਿਚ 35 ਛੋਟੀਆਂ ਤੇ ਵੱਡੀਆਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ, ਜਿਨ੍ਹਾਂ ਵਿਚੋਂ 17 ਕਾਵਿ ਸੰਗ੍ਰਹਿ ਪ੍ਰੇਮ ਕਾਂਗਾਂ, ਪ੍ਰੇਮ ਬਾਂਗਾਂ, ਪ੍ਰੇਮ ਚਾਂਗਾਂ, ਦੁੱਖ ਹਰਨ, ਦੁੱਖ ਹਰਨ ਪ੍ਰਕਾਸ਼, ਸਾਕਾ ਆਨੰਦਪੁਰ, ਕਲਗੀਵਾਲਾ, ਬੀਰ ਪ੍ਰਕਾਸ਼, ਕਲਗੀਧਰ ਨੂਰ, ਸੁਭਾਗ ਵੈਸਾਖੀ, ਰੱਬੀ ਨੂਰ, ਵੈਸਾਖੀ, ਜੀਵਨ ਲਹਿਰਾਂ, ਸ਼ਹੀਦ, ਦੋ ਨਾਂ ਰਹਿਤ ਖਰੜੇ ਅਤੇ ਵਾਰਤਕ ਸੰਗ੍ਰਹਿ ਗੋਰੇ ਸ਼ਾਹੀ ਜ਼ੁਲਮ, ਦੁਸ਼ਮਣ ਦੀ ਖੋਜ ਭਾਲ, ਜੀਵਨ ਭਾਈ ਅਮਰ ਸਿੰਘ, ਜੀਵਨ ਭਾਈ ਮੋਹਨ ਸਿੰਘ ਵੈਦ, ਸ਼ਹੀਦੀ ਜੀਵਨ, ਸੱਚੇ ਸਿੱਖ ਬਣੋ, ਜੀਵਨ ਭਾਈ ਸੋਭਾ ਸਿੰਘ, ਜੀਵਨ ਜਾਚ, ਨੌਂ ਰਸ, ਤ੍ਰੰਗਣ, ਜੀਵਨ ਸੱਧਰਾਂ, ਖਾਲਸਾਈ ਸ਼ਾਨ, ਅਨੁਵਾਦਿਤ ਕਹਾਣੀਆਂ, ਦੇਸ਼ ਭਗਤੀ (ਨਾਵਲ), ਪਰਾਧੀਨ ਜੀਵਨ ਅਤੇ ਤੁਰਕੀ ਹੂਰ ਸ਼ਾਮਲ ਹਨ। ਗ਼ਦਰ ਲਹਿਰ ਦੇ ਇਤਿਹਾਸ ਦਾ ਦੂਜਾ ਭਾਗ ਉਹ ਲਿਖ ਰਹੇ ਸਨ ਪ੍ਰੰਤੂ ਮੁਕੰਮਲ ਨਹੀਂ ਕਰ ਸਕੇ।

ਉਹ ਸਫਲ ਪੱਤਰਕਾਰ ਵੀ ਸੀ। ਉਸ ਨੇ 7 ਮਾਸਿਕ/ਸਪਤਾਹਿਕ ਰਸਾਲਿਆਂ ਦੀ ਸੰਪਾਦਨਾ ਕੀਤੀ, ਜਿਨ੍ਹਾਂ ਵਿਚ 'ਮਾਸਿਕ ਕਵੀ' ਕਲਕੱਤੇ ਤੋਂ , 'ਸਪਤਾਹਿਕ ਸਿੰਡੀਕੇਟ' ਨਵੰਬਰ 1928, 'ਸਪਤਾਹਿਕ ਸਾਂਝੀਵਾਲ' ਜੂਨ 1929, 'ਮਾਸਿਕ ਵਿਹਾਰ ਸੁਧਾਰ' 1934, 'ਮਾਸਿਕ ਜੀਵਨ' ਬੰਬਈ ਤੋਂ ਦਸੰਬਰ 1950, 'ਮਾਸਿਕ ਕੌਮੀ ਸੰਦੇਸ਼' 1960 ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਰਸਾਲੇ 'ਦੇਸ਼ ਭਗਤ ਯਾਦਾਂ' 1966 ਆਦਿ ਹਨ। ਮੁਨਸ਼ਾ ਸਿੰਘ ਦੁਖੀ ਦਾ ਜਨਮ 1 ਜੁਲਾਈ, 1890 ਨੂੰ ਬਰਤਾਨਵੀ ਪੰਜਾਬ ਦੇ ਪਿੰਡ ਜੰਡਿਆਲਾ ਮੰਜਕੀ, ਜ਼ਿਲ੍ਹਾ ਜਲੰਧਰ ਵਿਖੇ ਰਾਮਗੜ੍ਹੀਆ ਪਰਿਵਾਰ ਵਿਚ ਮਾਤਾ ਮਹਿਤਾਬ ਕੌਰ ਪਿਤਾ ਸੂਬੇਦਾਰ ਨਿਹਾਲ ਸਿੰਘ ਦੇ ਘਰ ਹੋਇਆ। ਉਸ ਦੇ ਪਿਤਾ ਦਾ ਜੱਦੀ ਪਿੰਡ ਨਕੋਦਰ ਨੇੜੇ ਪੰਡੋਰੀ ਸੀ ਪ੍ਰੰਤੂ ਪਰਿਵਾਰਿਕ ਕਾਰਨਾਂ ਕਰਕੇ ਉਸ ਦਾ ਪਿਤਾ ਆਪਣੇ ਨਾਨਕਾ ਪਿੰਡ ਜੰਡਿਆਲਾ ਮੰਜਕੀ ਆ ਕੇ ਵਸ ਗਿਆ ਸੀ। ਉਹ ਪੰਜ ਭਰਾ ਸਨ, ਵੱਡੇ ਬਾਵਾ ਸਿੰਘ ਤੇ ਪਾਲਾ ਸਿੰਘ ਉਸ ਦਾ ਸਾਥ ਨਿਭਾਉਂਦੇ ਰਹੇ ਸਨ। ਮੁੱਢਲੀ ਪੜ੍ਹਾਈ ਉਸ ਨੇ ਪਿੰਡ ਤੋਂ ਪੰਜਵੀਂ ਜਮਾਤ ਤੱਕ ਪ੍ਰਾਪਤ ਕੀਤੀ। ਪੜ੍ਹਾਈ ਵਿਚ ਉਹ ਬਹੁਤ ਹੁਸ਼ਿਆਰ ਅਤੇ ਆਪਣੀ ਕਲਾਸ ਦਾ ਮੋਨੀਟਰ ਹੁੰਦਾ ਸੀ। ਉਹ ਚੰਚਲ ਅਤੇ ਸ਼ਰਾਰਤੀ ਸੁਭਾਅ ਦਾ ਸੀ। ਉਰਦੂ ਅਤੇ ਫਾਰਸੀ ਮੌਲਵੀ ਕੋਲੋਂ ਸਿੱਖੀਆਂ। ਗਗੜਾਂ ਦੀ ਧਰਮਸ਼ਾਲਾ ਵਿਚ ਭਾਈ ਸੋਭਾ ਸਿੰਘ ਰਹਿੰਦੇ ਸਨ। ਮੁਨਸ਼ਾ ਸਿੰਘ ਨੇ ਉਸ ਕੋਲੋਂ ਬਹੁਤ ਸਾਰੀ ਸਿੱਖਿਆ ਪ੍ਰਾਪਤ ਕੀਤੀ, ਜਿਹੜੀ ਸਾਰੀ ਜ਼ਿੰਦਗੀ ਉਸ ਦੇ ਕੰਮ ਆਈ। ਉਹ ਭਾਈ ਸੋਭਾ ਸਿੰਘ ਨੂੰ ਆਪਣਾ ਮਾਰਗ ਦਰਸ਼ਕ ਸਮਝਦਾ ਸੀ। ਉਸ ਕੋਲੋਂ ਹੀ ਬਹੁਤ ਸਾਰੀਆਂ ਭਾਸ਼ਾਵਾਂ ਦੀ ਜਾਣਕਾਰੀ ਪ੍ਰਾਪਤ ਕੀਤੀ। ਮੁਨਸ਼ਾ ਸਿੰਘ ਨੇ ਗੁਰਬਾਣੀ ਤੋਂ ਇਲਾਵਾ, ਤੁਲਸੀ ਰਾਮਾਇਣ ਅਤੇ ਹੋਰ ਹਿੰਦੂ ਧਾਰਮਿਕ ਗ੍ਰੰਥਾਂ ਤੋਂ ਵੀ ਸਿੱਖਿਆ ਪ੍ਰਾਪਤ ਕੀਤੀ। 30 ਜੂਨ, 2024 ਨੂੰ ਮੁਨਸ਼ਾ ਸਿੰਘ ਦੁਖੀ ਦਾ 134ਵਾਂ ਜਨਮ ਦਿਵਸ ਕੈਨੇਡਾ ਦੇ ਸਰੀ ਸ਼ਹਿਰ ਦੇ ਗੁਰਦੁਆਰਾ ਬਰੁਕ ਸਾਈਡ ਵਿਚ ਮਨਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਡਾ. ਗੁਰਦੇਵ ਸਿੰਘ ਸਿੱਧੂ, ਭਾਈ ਜੈਤੇਗ ਸਿੰਘ ਅਨੰਤ ਅਤੇ ਸੁਰਿੰਦਰ ਸਿੰਘ ਜੱਬਲ ਵਿਚਾਰ-ਚਰਚਾ ਕਰਨਗੇ। ਪੰਜਵੀਂ ਤੋਂ ਬਾਅਦ ਉਹ ਪੜ੍ਹਾਈ ਜਾਰੀ ਨਹੀਂ ਰੱਖ ਸਕਿਆ। ਉਸ ਦਾ ਵਿਆਹ 1925 ਵਿਚ ਰਾਜ ਕੌਰ ਨਾਲ ਉਦੋਂ ਹੋਇਆ, ਜਦੋਂ ਉਹ ਰੂਹਪੋਸ਼ ਹੋ ਕੇ ਕਲਕੱਤੇ ਰਹਿ ਰਿਹਾ ਸੀ। ਉਸ ਦੀਆਂ ਤਿੰਨ ਲੜਕੀਆਂ ਅਤੇ ਦੋ ਲੜਕੇ ਸਨ। 1969 ਵਿਚ ਉਹ ਇੰਗਲੈਂਡ ਗਿਆ ਸੀ, ਉਥੇ ਹੀ ਉਸ ਨੂੰ ਅਧਰੰਗ ਦਾ ਦੌਰਾ ਪਿਆ ਸੀ। ਉਸ ਤੋਂ ਬਾਅਦ 26 ਜਨਵਰੀ, 1971 ਨੂੰ ਉਹ ਅਧਰੰਗ ਦੀ ਬੀਮਾਰੀ ਤੋਂ ਬਾਅਦ ਲੰਬਾ ਸਮਾਂ ਬਿਮਾਰ ਰਹਿਣ ਕਰਕੇ 80 ਸਾਲ ਦੀ ਉਮਰ ਵਿਚ ਸਵਰਗ ਸਿਧਾਰ ਗਿਆ।



ਮੁਨਸ਼ਾ ਸਿੰਘ 'ਦੁਖੀ'

---

# ਇਹ 307 ਕੀ ਹੁੰਦੀ ਐ ਜੀ?


ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA






ਸੰਨ 2012 ਵਿਚ ਸਾਰੀਆਂ ਅਟਕਲਬਾਜ਼ੀਆਂ ਨੂੰ ਝੁਠਲਾਉਂਦੇ ਹੋਏ ਲਗਾਤਾਰ ਦੂਸਰੀ ਵਾਰ ਅਕਾਲੀ ਸਰਕਾਰ ਬਣ ਗਈ ਸੀ। ਸਰਕਾਰ ਬਣਨ ਦੇ 4 ਕੁ ਮਹੀਨੇ ਬਾਅਦ ਬਾਦਲ ਪਰਿਵਾਰ ਦੇ ਇੱਕ ਪ੍ਰਭਾਵਸ਼ਾਲੀ ਕੰਡਕਟਰ ਨੇ ਕਿਸੇ ਕਾਰਨ ਪਰੇਸ਼ਾਨ ਕਰਨ ਲਈ ਮੇਰੀ ਪੋਸਟਿੰਗ ਐੱਸ.ਪੀ. ਡੀ. ਬਰਨਾਲੇ ਤੋਂ ਬਤੌਰ ਐੱਸ.ਪੀ. ਮਲੋਟ ਕਰਵਾ ਦਿੱਤੀ ਕਿਉਂਕਿ ਉਥੇ ਨਾ ਤਾਂ ਐੱਸ.ਪੀ. ਦਾ ਕੋਈ ਦਫਤਰ ਸੀ ਤੇ ਨਾ ਹੀ ਰਿਹਾਇਸ਼ ਤੇ ਉੱਪਰੋਂ ਰੋਜ਼ਾਨਾ ਦੀ ਵੀ.ਆਈ.ਪੀ. ਡਿਊਟੀ। ਮੇਰੀ ਰਿਹਾਇਸ਼ ਦਾ ਮਸਲਾ ਐੱਸ.ਐੱਚ.ਉ. ਲੰਬੀ ਗੁਰਪ੍ਰੀਤ ਬੈਂਸ ਨੇ ਹੱਲ ਕਰਵਾ ਦਿੱਤਾ ਤੇ ਦਫਤਰ ਦਾ ਪ੍ਰਬੰਧ ਮੈਂ ਖੁਦ ਕਰ ਲਿਆ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦਾ ਹਲਕਾ ਲੰਬੀ ਮੇਰੀ ਸਬ ਡਵੀਜ਼ਨ ਵਿਚ ਪੈਂਦਾ ਸੀ। ਸੀ.ਐੱਮ. ਸਾਹਿਬ ਚੰਡੀਗੜ੍ਹ ਤੋਂ ਜ਼ਿਆਦਾ ਪਿੰਡ ਬਾਦਲ ਰਹਿੰਦੇ ਸਨ ਤੇ ਹਫਤੇ ਦਸਾਂ ਦਿਨਾਂ ਬਾਅਦ ਸੰਗਤ ਦਰਸ਼ਨ ਦੇ ਪ੍ਰੋਗਰਾਮ ਚੱਲਦੇ ਰਹਿੰਦੇ ਸਨ। ਉਨ੍ਹਾਂ ਦੀ ਇੱਕ ਖਾਸੀਅਤ ਸੀ ਕਿ ਸਵੇਰੇ ਜਾਣ ਤੋਂ ਪਹਿਲਾਂ ਤੇ ਸ਼ਾਮੀਂ ਵਾਪਸ ਆ ਕੇ ਆਮ ਲੋਕਾਂ ਨੂੰ ਜ਼ਰੂਰ ਮਿਲਦੇ ਸਨ। ਉਹ ਸੁਭਾਅ ਤੋਂ ਬਹੁਤ ਨਰਮ ਸਨ ਤੇ ਜੇ ਕਿਸੇ ਨੂੰ ਘਸਾਉਣਾ ਹੋਵੇ, ਤਾਂ ਉਸ ਨੂੰ ਵੀ ਬੜੇ ਪਿਆਰੇ ਤੇ ਮਿੱਠੇ ਬੋਲਾਂ ਨਾਲ ਰੱਜ ਕੇ ਘਸਾਉਂਦੇ ਸਨ। ਇੱਕ ਦਿਨ ਸਵੇਰੇ ਉਹ ਬਾਦਲ ਪਿੰਡ ਵਾਲੇ ਦਫਤਰ ਬੈਠੇ ਹੋਏ ਸਨ ਕਿ ਇੱਕ ਬੇਰੋਜ਼ਗਾਰ ਯੂਨੀਅਨ ਦਾ ਪ੍ਰਧਾਨ ਇਲਾਕੇ ਦੇ ਪੰਜ-ਸੱਤ ਮੋਹਤਬਰਾਂ ਨੂੰ ਨਾਲ ਲੈ ਕੇ ਮਿਲਣ ਲਈ ਆ ਗਿਆ। ਪ੍ਰਧਾਨ ਨੇ ਬੇਨਤੀ ਕੀਤੀ ਕਿ ਸਾਡੀ ਯੂਨੀਅਨ 'ਤੇ 3 ਕੁ ਮਹੀਨੇ ਪਹਿਲਾਂ ਪੁਲਿਸ ਨੇ ਪਰਚਾ ਦਰਜ ਕਰ ਦਿੱਤਾ ਸੀ। ਅਸੀਂ ਪਹਿਲਾਂ ਵੀ ਦੋ-ਤਿੰਨ ਵਾਰ ਤੁਹਾਡੇ ਕੋਲ ਪੇਸ਼ ਹੋ ਚੁੱਕੇ ਹਾਂ। ਮੈਂ ਲੰਬੀ ਹਲਕੇ ਦੇ ਫਲਾਣੇ ਪਿੰਡ ਦੇ ਜਗੀਰ ਸਿੰਘ (ਕਾਲਪਨਿਕ ਨਾਮ) ਦਾ ਲੜਕਾ ਹਾਂ, ਸਾਡੀ ਮਦਦ ਕੀਤੀ ਜਾਵੇ। ਸੀ.ਐੱਮ. ਸਾਹਿਬ ਬੋਲੇ, "ਉਹ ਹੋ, ਕਾਕਾ ਜੀ ਤੁਸੀਂ ਜਗੀਰ ਸਿਉਂ ਦੇ ਬੇਟੇ ਉ, ਉਹ ਤੇ ਮੇਰੇ ਭਰਾਵਾਂ ਵਰਗਾ ਆ। ਤੁਹਾਡੇ 'ਤੇ ਕਿਵੇਂ ਪਰਚਾ ਦਰਜ਼ ਹੋ ਗਿਆ ਜੀ?"

"ਸਾਡੇ 'ਤੇ 307, 353 ਤੇ 148, 149 ਦਾ ਪਰਚਾ ਹੋਇਆ ਆ ਜੀ" ਪ੍ਰਧਾਨ ਨੇ ਭਿੱਜੇ ਚੂਹੇ ਵਾਂਗ ਚੂੰ-ਚੂੰ ਕੀਤੀ। "ਐੱਸ.ਐੱਸ.ਪੀ. ਸਾਹਿਬ ਇਹ 307 ਤੇ 353 ਕੀ ਹੁੰਦੀ ਐ ਜੀ?" ਸੀ.ਐੱਮ. ਸਾਹਿਬ ਨੇ ਭੋਲੇ ਜਿਹੇ ਬਣ ਕੇ ਕੋਲ ਖੜ੍ਹੇ ਐੱਸ.ਐੱਸ.ਪੀ. ਨੂੰ ਪੁੱਛਿਆ। ਉਸ ਨੇ ਜਵਾਬ ਦਿੱਤਾ, "ਸਰ 307 ਕਿਸੇ 'ਤੇ ਮਾਰ ਦੇਣ ਦੀ ਨੀਅਤ ਨਾਲ ਹਮਲਾ ਕਰਨ 'ਤੇ ਲੱਗਦੀ ਹੈ ਤੇ 353 ਕਿਸੇ ਸਰਕਾਰੀ ਮੁਲਾਜ਼ਮ ਨੂੰ ਡਿਊਟੀ ਕਰਨ ਤੋਂ ਰੋਕਣ 'ਤੇ ਲੱਗਦੀ ਹੈ। ਇਨ੍ਹਾਂ ਨੇ ਇੱਟਾਂ ਪੱਥਰਾਂ ਨਾਲ ਪੁਲਿਸ 'ਤੇ ਹਮਲਾ ਕੀਤਾ ਸੀ, ਜਿਸ ਕਾਰਨ ਕਈ ਮੁਲਾਜ਼ਮਾਂ ਨੂੰ ਸੱਟਾਂ ਲੱਗੀਆਂ ਸਨ।" ਸੀ.ਐੱਮ. ਸਾਹਿਬ ਨੇ ਇਕ ਦਮ ਹੈਰਾਨ ਹੋਣ ਵਰਗਾ ਚਿਹਰਾ ਬਣਾ ਲਿਆ, "ਇਹ ਤੇ ਕਾਕਾ ਜੀ ਬਹੁਤ ਮਾੜੀ ਗੱਲ ਹੈ। ਤੁਸੀਂ ਤੇ ਪੁਲਿਸ ਵਾਲਿਆਂ ਨੂੰ ਹੀ ਮਾਰ ਦੇਣ ਲੱਗੇ ਸੀ। ਚਲੋ ਐੱਸ.ਐੱਸ.ਪੀ. ਸਾਹਿਬ ਇਹ ਆਪਣੇ ਈ ਬੱਚੇ ਆ, ਵੇਖੋ ਜੇ ਕੁਝ ਹੋ ਸਕਦਾ ਹੈ ਤਾਂ।" ਇਸ ਤੋਂ ਪਹਿਲਾਂ ਕਿ ਪ੍ਰਧਾਨ ਕੁਝ ਹੋਰ ਬੋਲਦਾ, ਪੁਲਿਸ ਵਾਲਿਆਂ ਨੇ ਉਸ ਨੂੰ ਬਾਹਰ ਕੱਢ ਦਿੱਤਾ। ਮੈਂ ਐੱਸ.ਐੱਚ.ਉ. ਨੂੰ ਪੁੱਛਿਆ ਕਿ ਇਹ ਕੀ ਸਟੋਰੀ ਹੈ? ਉਸ ਨੇ ਦੱਸਿਆ ਕਿ ਤੁਹਾਡੇ ਲੱਗਣ ਤੋਂ ਮਹੀਨਾ ਕੁ ਪਹਿਲਾਂ ਇਹ ਯੂਨੀਅਨ ਵਾਲੇ ਸੀ.ਐੱਮ. ਸਾਹਿਬ ਨੂੰ ਇੱਕ ਸੰਗਤ ਦਰਸ਼ਨ ਵਿਚ ਮਿਲੇ ਸਨ ਤੇ ਉਨ੍ਹਾਂ ਨੇ ਇਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਸਨ। ਪਰ ਹਰ ਯੂਨੀਅਨ ਵਿਚ ਕੁਝ ਸ਼ਰਾਰਤੀ ਬੰਦੇ ਵੀ ਹੁੰਦੇ ਹਨ, ਉਨ੍ਹਾਂ ਨੇ ਬਿਨਾਂ ਵਜ੍ਹਾ ਬਾਕੀਆਂ ਨੂੰ ਭੜਕਾ ਕੇ ਸੀ.ਐੱਮ. ਸਾਹਿਬ ਦੇ ਘਰ ਅੱਗੇ ਧਰਨਾ ਲਗਾ ਦਿੱਤਾ।

ਇਹ ਵੇਖ ਕੇ ਅਫਸਰਾਂ ਦੇ ਹੱਥ-ਪੈਰ ਫੁੱਲ ਗਏ। ਸੜੇ-ਬਲੇ ਪੁਲਿਸ ਵਾਲਿਆਂ ਨੇ ਪਹਿਲਾਂ ਤਾਂ ਟਿਕਾ ਕੇ ਲਾਠੀਚਾਰਜ ਕੀਤਾ ਤੇ ਫਿਰ ਜਿੰਨੇ ਹੱਥ ਲੱਗੇ, ਸਾਰੇ ਪਰਚਾ ਠੋਕ ਕੇ ਜੇਲ੍ਹ ਭੇਜ ਦਿੱਤੇ। ਪਰ ਪ੍ਰਧਾਨ ਤੇ ਕੁਝ ਹੋਰ ਅਹੁਦੇਦਾਰ ਉਥੋਂ ਖਿਸਕ ਗਏ ਤੇ ਲੰਬੀ ਹਲਕੇ ਦਾ ਹੋਣ ਕਾਰਨ ਸੀ.ਐੱਮ. ਸਾਹਿਬ ਨੇ ਅਜੇ ਇਸ ਨਾਲ ਨਰਮੀ ਵਰਤਣ ਲਈ ਕਿਹਾ ਹੋਇਆ ਹੈ। ਹੁਣ ਜੇਲ੍ਹ ਅੰਦਰ ਬੈਠੇ ਬਾਕੀ ਯੂਨੀਅਨ ਵਾਲੇ ਪ੍ਰਧਾਨ ਨੂੰ ਧਮਕੀਆਂ ਦੇ ਰਹੇ ਹਨ ਕਿ ਤੂੰ ਤਾਂ ਲੰਬੀ ਹਲਕੇ ਦਾ ਹੋਣ ਕਾਰਨ ਆਰਾਮ ਨਾਲ ਬਾਹਰ ਬੈਠਾ ਹੈਂ। ਸਾਨੂੰ ਵੀ ਬਾਹਰ ਕਢਵਾ, ਨਹੀਂ ਅਸੀਂ ਬੰਦੇ ਭੇਜ ਕੇ ਤੇਰੀਆਂ ਲੱਤਾਂ ਤੁੜਵਾ ਦੇਣੀਆਂ ਹਨ। ਇਹ ਪਹਿਲਾਂ ਵੀ ਕਈ ਵਾਰ ਪੇਸ਼ ਹੋ ਚੁੱਕਾ ਹੈ ਪਰ ਸੀ.ਐੱਮ. ਸਾਹਿਬ ਹਰ ਵਾਰੀ ਇਹ 307 ਕੀ ਹੁੰਦੀ ਐ ਜੀ? ਇਹ 353 ਕੀ ਹੁੰਦੀ ਐ ਜੀ? ਤੁਹਾਨੂੰ ਘਰ ਅੱਗੇ ਧਰਨਾ ਲਾਉਣ ਦੀ ਕੀ ਜ਼ਰੂਰਤ ਸੀ? ਇਹ ਤਾਂ ਤੁਹਾਡਾ ਹੀ ਘਰ ਹੈ, ਅੰਦਰ ਬੈਠ ਜਾਣਾ ਸੀ.. ਆਦਿ ਕਹਿ-ਕਹਿ ਕੇ ਇਨ੍ਹਾਂ ਨੂੰ ਘਸਾ ਰਹੇ ਹਨ। ਉਨ੍ਹਾਂ ਨੂੰ ਗੁੱਸਾ ਇਸ ਗੱਲ ਦਾ ਹੈ ਕਿ ਜਦੋਂ ਮੈਂ ਤੁਹਾਡੀਆਂ ਮੰਗਾਂ ਮੰਨ ਲਈਆਂ ਸਨ, ਤਾਂ ਮੇਰੇ ਘਰ ਅੱਗੇ ਧਰਨਾ ਕਿਉਂ ਲਾਇਆ? ਇਸ ਤੋਂ ਬਾਅਦ ਵੀ ਪ੍ਰਧਾਨ ਦੋ-ਤਿੰਨ ਵਾਰ ਆਇਆ ਪਰ ਗੱਲ ਉਥੇ ਦੀ ਉਥੇ ਹੀ ਰਹੀ। ਆਖਰ ਜਦੋਂ ਉਸ ਦੇ ਸਬਰ ਦਾ ਪਿਆਲਾ ਭਰ ਗਿਆ, ਤਾਂ ਉਸ ਨੇ ਆਖਰੀ ਹੱਲਾ ਮਾਰਨ ਦਾ ਪ੍ਰੋਗਰਾਮ ਬਣਾ ਲਿਆ। ਉਸ ਨੇ ਸੋਚ ਲਿਆ ਕਿ ਅੱਜ ਜਾਂ ਤਾਂ ਕਿਲ੍ਹਾ ਫਤਿਹ ਕਰਕੇ ਆਵਾਂਗਾ ਜਾਂ ਫਿਰ ਮੈਂ ਵੀ ਜੇਲ੍ਹ ਚਲਾ ਜਾਵਾਂਗਾ। ਉਹ ਉਸ ਦਿਨ ਇਕੱਲਾ ਹੀ ਆਇਆ ਤੇ ਇਸ ਤੋਂ ਪਹਿਲਾਂ ਕਿ ਪੁਲਿਸ ਵਾਲੇ ਕੁਝ ਸਮਝ ਪਾਉਂਦੇ, ਬਿਜਲੀ ਦੀ ਗਤੀ ਨਾਲ ਮੇਜ਼ ਦੇ ਉੱਪਰ ਦੀ ਘੁੰਮ ਕੇ ਸੀ.ਐੱਮ. ਸਾਹਿਬ ਦੀਆਂ ਲੱਤਾਂ ਨੂੰ ਚੰਬੜ ਗਿਆ, "ਬਾਪੂ ਜੀ ਸਾਡੇ ਕੋਲੋਂ ਬਹੁਤ ਵੱਡੀ ਗਲਤੀ ਹੋ ਗਈ ਸੀ, ਹੁਣ ਸਾਨੂੰ ਬਖਸ਼ ਦਿਉ। ਜਾਂ ਤਾਂ ਮੈਨੂੰ ਵੀ ਜੇਲ੍ਹ ਭਿਜਵਾ ਦਿਉ ਜਾਂ ਬਾਕੀਆਂ ਨੂੰ ਬਾਹਰ ਕਢਵਾਉ।" ਸੀ.ਐੱਮ. ਸਾਹਿਬ ਹੱਸ ਪਏ ਤੇ ਉਸ ਨੂੰ ਪਿਆਰ ਨਾਲ ਉਠਾ ਕੇ ਐੱਸ.ਐੱਸ.ਪੀ. ਨੂੰ ਕਹਿ ਦਿੱਤਾ ਕਿ ਕਾਕਾ ਜੀ ਇਨ੍ਹਾਂ ਦਾ ਕੰਮ ਕਰਕੇ ਦੋ ਹਫਤਿਆਂ ਵਿਚ ਰਿਪੋਰਟ ਕਰੋ। ਐੱਸ.ਐੱਸ.ਪੀ. ਇਸ਼ਾਰਾ ਸਮਝ ਗਿਆ ਤੇ ਦੋ-ਚਾਰ ਦਿਨਾਂ ਵਿਚ ਹੀ ਉਨ੍ਹਾਂ ਦੀਆਂ ਜ਼ਮਾਨਤਾਂ ਹੋ ਗਈਆਂ।

# ਫ਼ਕਰ ਤੇ ਮਸਤ ਮੌਲਾ ਸਰਬਾਂਗੀ ਪੁਆਧੀ ਸਾਹਿਤਕਾਰ ਚਰਨ ਪੁਆਧੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪਟਿਆਲਾ ਜ਼ਿਲ੍ਹਾ ਅਤੇ ਖਾਸ ਕਰਕੇ ਪਟਿਆਲਾ ਸ਼ਹਿਰ ਸਾਹਿਤਕ ਸਰਗਰਮੀਆਂ ਦਾ ਕੇਂਦਰ ਬਿੰਦੂ ਹੈ। ਇਸ ਜ਼ਿਲ੍ਹੇ ਵਿਚ ਲਗਪਗ ਦੋ ਦਰਜਨ ਸਾਹਿਤ ਸਭਾਵਾਂ ਹਨ, ਜਿਨ੍ਹਾਂ ਦੇ ਸਾਹਿਤਕ ਸਮਾਗਮ ਲਗਾਤਾਰ ਹੁੰਦੇ ਰਹਿੰਦੇ ਹਨ। ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਵਿਦਵਾਨ ਹੋਣ ਕਰਕੇ ਸਾਹਿਤਕ ਸਰਗਰਮੀਆਂ ਪੁਸਤਕਾਂ ਦੀ ਘੁੰਡ ਚੁਕਾਈ ਦੇ ਸਮਾਗਮ ਲਗਪਗ ਹਰ ਦੂਜੇ ਦਿਨ ਸਕੂਲਾਂ, ਕਾਲਜਾਂ, ਭਾਸ਼ਾ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਵਿਚ ਹੁੰਦੇ ਰਹਿੰਦੇ ਹਨ। ਵਰਲਡ ਪੰਜਾਬੀ ਸੈਂਟਰ ਵੀ ਸਾਹਿਤਕ ਸਮਾਗਮਾਂ ਦਾ ਕੇਂਦਰੀ ਬਿੰਦੂ ਹੈ। ਹੈਰਾਨੀ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਸਾਰੇ ਸਮਾਗਮਾਂ ਵਿਚ ਚਰਨ ਪੁਆਧੀ ਹਾਜ਼ਰ ਹੁੰਦਾ ਹੈ। ਗੋਦੜੀ ਦਾ ਲਾਲ ਫ਼ਕਰ ਤੇ ਮਸਤ ਮੌਲਾ ਸਰਬਾਂਗੀ ਪੁਆਧੀ ਸਾਹਿਤਕਾਰ ਚਰਨ ਪੁਆਧੀ ਦੀਆਂ ਦਰਸ਼ਕ ਪੁਆਧੀ ਕਵਿਤਾਵਾਂ ਦਾ ਆਨੰਦ ਮਾਣਦੇ ਰਹਿੰਦੇ ਹਨ। ਉਸ ਦਾ ਕਵਿਤਾ ਕਹਿਣ ਦਾ ਢੰਗ ਵੀ ਨਿਰਾਲਾ ਹੈ। ਉਸਦਾ ਵਿਅੰਗ ਤਿੱਖਾ ਹੁੰਦਾ ਹੈ ਪ੍ਰੰਤੂ ਖੁਦ ਸੰਜੀਦਾ ਰਹਿੰਦਾ ਹੈ। ਚਰਨ ਪੁਆਧੀ ਉਰਫ ਚਰਨਜੀਤ ਸਿੰਘ ਹਰਫ਼ਨ ਮੌਲਾ ਬਹੁ-ਭਾਸ਼ੀ ਤੇ ਬਹੁ-ਪੱਖੀ ਸਰਬਾਂਗੀ ਸਾਹਿਤਕਾਰ ਹੈ। ਉਸ ਦੀ ਵਿਦਵਤਾ ਵੀ ਬਹੁ-ਪੱਖੀ ਹੈ। ਉਸ ਦੇ ਕਿਸੇ ਇੱਕ ਪੱਖ ਬਾਰੇ ਜਾਣਕਾਰੀ ਦੇ ਕੇ ਉਸ ਦੇ ਵਿਅਕਤੀਤਵ ਨਾਲ ਬੇਇਨਸਾਫ਼ੀ ਹੋਵੇਗੀ। ਉਸ ਨੂੰ 'ਵਨ ਇਨ ਟਵੈਲਵ' ਕਿਹਾ ਜਾ ਸਕਦਾ ਹੈ। ਉਹ ਪੰਜਾਬੀ ਤੇ ਹਿੰਦੀ ਦਾ ਕਵੀ, ਕਲਾਕਾਰ, ਅਦਾਕਾਰ, ਗੀਤਕਾਰ, ਨਾਵਲਿਸਟ, ਪੇਂਟਰ, ਚਿੱਤਰਕਾਰ, ਕਾਰਟੂਨਿਸਟ, ਨਕਸ਼ਾ ਨਵੀਸ, ਮੂਰਤੀਕਾਰ, ਡਾਕ ਟਿਕਟਾਂ, ਮਾਚਸਾਂ, ਸਿੱਕਿਆਂ, ਵਿਜ਼ਟਿੰਗ ਕਾਰਡ, ਸੱਦਾ ਪੱਤਰ, ਰੈਪਰ, ਅੰਕੜਿਆਂ ਅਤੇ ਨੋਟਾਂ ਦਾ ਸੰਗ੍ਰਹਿ ਕਰਤਾ, ਲਾਇਬਰੇਰੀਅਨ, ਪੱਤਰਕਾਰ, ਸਿੱਖ ਧਰਮ ਦਾ ਅਧਿਐਨਕਾਰ ਅਤੇ ਕਲਮਕਾਰ ਹੈ। ਉਹ ਬੋਤਲਾਂ ਵਿਚ ਚਿੱਤਰਕਾਰੀ ਕਰਨ ਦਾ ਵੀ ਮਾਹਿਰ ਹੈ। ਚਰਨ ਪੁਆਧੀ ਦੀ ਲਾਇਬਰੇਰੀ ਵਿਚ 40 ਬੋਲੀਆਂ ਦੀਆਂ ਇਕ ਸੌ ਤੋਂ ਵਧੇਰੇ ਪੁਸਤਕਾਂ ਅਤੇ 250 ਪੰਜਾਬੀ ਅਤੇ 400 ਹਿੰਦੀ ਰਸਾਲੇ ਵੀ ਹਨ। ਉਸ ਦੀਆਂ ਪੰਜਾਬੀ ਤੇ ਹਿੰਦੀ ਵਿਚ 32 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਮੁੱਖ ਤੌਰ ’ਤੇ 16 ਮੌਲਿਕ ਅਤੇ 10 ਸੰਪਾਦਿਤ ਪੁਸਤਕਾਂ ਹਨ। ਇਨ੍ਹਾਂ ਵਿਚ 7 ਕਾਵਿ ਸੰਗ੍ਰਹਿ, 3 ਨਾਵਲ, 8 ਬਾਲ ਪੁਸਤਕਾਂ, 2 ਲੋਕ ਬੋਲੀਆਂ ਸੰਗ੍ਰਹਿ, 2 ਪੁਆਧੀ ਗੀਤ ਸੰਗ੍ਰਹਿ ਅਤੇ 2 ਚੁਟਕਲਾ ਸੰਗ੍ਰਹਿ ਸ਼ਾਮਲ ਹਨ। ਇਸ ਤੋਂ ਇਲਾਵਾ 22 ਸਾਂਝੇ ਕਾਵਿ ਸੰਗ੍ਰਹਿ ਜਿਨ੍ਹਾਂ ਵਿਚ 14 ਪੰਜਾਬੀ ਅਤੇ 8 ਹਿੰਦੀ ਵਿਚ ਵੀ ਉਸ ਦੀਆਂ ਰਚਨਾਵਾਂ ਪ੍ਰਕਾਸ਼ਤ ਹੋਈਆਂ ਹਨ। ਉਸ ਦੀ ਨਵੀਂ ਪੁਸਤਕ 'ਘੱਗਰ ਕੇ ਢਾਹੇ ਢਾਹੇ' ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਤੋਂ ਇਲਾਵਾ ਲਗਪਗ 4 ਦਰਜਨਾਂ ਪੁਸਤਕਾਂ ਦਾ ਮੈਟਰ ਤਿਆਰ ਹੈ, ਜੋ ਆਰਥਿਕ ਤੰਗੀਆਂ ਤਰੁਸ਼ੀਆਂ ਕਰਕੇ ਲਟਕਿਆ ਹੋਇਆ ਹੈ। ਉਹ ਪਟਿਆਲਾ ਵਿਖੇ ਹੋਣ ਵਾਲੇ ਸਾਹਿਤਕ ਸਮਾਗਮਾਂ ਦਾ ਸ਼ਿੰਗਾਰ ਹੁੰਦਾ ਹੈ। ਸਰੋਤੇ ਉਸ ਦੀ ਪੁਆਧੀ ਬੋਲੀ ਦੀਆਂ ਕਵਿਤਾਵਾਂ ਦਾ ਹਮੇਸ਼ਾ ਆਨੰਦ ਮਾਣਦੇ ਹਨ। ਉਸ ਦਾ ਚਿਹਰਾ ਮੋਹਰਾ ਇਕ ਸਾਊ ਇਨਸਾਨ ਦਾ ਪ੍ਰਗਟਾਵਾ ਕਰਦਾ ਹੈ ਪ੍ਰੰਤੂ ਉਸ ਦੀ ਕਵਿਤਾ ਵਿਚ ਸਾਧਾਰਣਤਾ ਨਾਲ ਤਿੱਖਾ ਵਿਅੰਗ ਹੁੰਦਾ, ਜੋ ਹਾਸਿਆਂ ਦੇ ਫੁਹਾਰੇ ਛੱਡਦਾ ਹੈ। ਇਸ ਤੋਂ ਇਲਾਵਾ ਉਹ ਨਾਟਕਾਂ ਅਤੇ ਦਸਤਾਵੇਜ਼ੀ ਪੁਆਧੀ ਫਿਲਮਾਂ ਵਿਚ ਅਦਾਕਾਰੀ ਵੀ ਕਰਦਾ ਹੈ। ਹੁਣ ਤੱਕ ਉਹ ਇਕ ਦਰਜਨ ਪੁਆਧੀ ਫਿਲਮਾਂ ਵਿਚ ਅਦਾਕਾਰੀ ਕਰ ਚੁੱਕਿਆ ਹੈ। ਉਹ ਗੁਜਰਾਤੀ, ਬੰਗਾਲੀ ਅਤੇ ਉਰਦੂ ਵੀ ਲਿਖ ਤੇ ਪੜ੍ਹ ਸਕਦਾ ਹੈ ਪ੍ਰੰਤੂ ਹਿੰਦੀ, ਪੰਜਾਬੀ, ਹਰਿਆਣਵੀ ਅਤੇ ਪੁਆਧੀ ਪੜ੍ਹਨ ਲਿਖਣ ਤੋਂ ਇਲਾਵਾ ਆਮ ਬੋਲਚਾਲ ਲਈ ਵੀ ਵਰਤ ਸਕਦਾ ਹੈ। ਉਸ ਨੇ ਦਸਵੀਂ ਤੱਕ ਦੀ ਪੜ੍ਹਾਈ ਕੀਤੀ ਹੋਈ ਹੈ। ਉਸ ਤੋਂ ਬਾਅਦ ਉਸ ਨੇ ਉਰਦੂ ਦਾ ਡਿਪਲੋਮਾ, ਦੋ ਸਾਲਾ ਸਿੱਖ ਅਧਿਐਨ ਕੋਰਸ ਅਤੇ ਪੱਤਰਕਾਰੀ ਦਾ ਕੋਰਸ ਕੀਤਾ। ਕਿੱਤੇ ਦੇ ਤੌਰ ’ਤੇ ਉਹ ਦੁਕਾਨਦਾਰੀ ਕਰਦਾ ਹੈ। ਉਸ ਦਾ ਇਕ ਬੈਹਿਰਾ ਨਾਮ ਦਾ ਪੈਲਸ ਵੀ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਉਸ ਦਾ ਸਾਹਿਤਕ ਮਸ ਉਸ ਨੂੰ ਟਿੱਕ ਕੇ ਦੁਕਾਨਦਾਰੀ ਵੀ ਨਹੀਂ ਕਰਨ ਦਿੰਦਾ। ਉਸ ਦੇ ਪੈਰਾਂ ਵਿਚ ਐਸੀ ਘੁੰਮਣਘੇਰੀ ਹੈ ਕਿ ਉਹ ਹਰ ਰੋਜ਼ ਕਿਸੇ ਨਾ ਕਿਸੇ ਸਾਹਿਤਕ ਰੁਝੇਵੇਂ ਲਈ ਤੁਰਿਆ ਹੀ ਰਹਿੰਦਾ ਹੈ। ਉਸ ਨੂੰ ਪੈਰਾਂ ਦਾ ਵੈਰੀ ਕਿਹਾ ਜਾ ਸਕਦਾ ਹੈ। ਬੱਸਾਂ ਦਾ ਸਫਰ ਵੀ ਉਸ ਨੂੰ ਤਕਲੀਫ਼ ਨਹੀਂ ਦਿੰਦਾ ਪ੍ਰੰਤੂ ਤਕਲੀਫ ਉਦੋਂ ਹੁੰਦੀ ਹੈ, ਜਦੋਂ ਉਸ ਨੂੰ ਕਵਿਤਾ ਕਹਿਣ ਦਾ ਮੌਕਾ ਨਾ ਮਿਲੇ। ਕਵਿਤਾ ਕਹਿਣ ਲਈ ਉਹ ਮੀਲਾਂ ਦਾ ਸਫਰ ਤਹਿ ਕਰ ਸਕਦਾ ਹੈ। ਉਸ ਦੀ ਰਹਿਣੀ-ਬਹਿਣੀ ਬਹੁਤ ਹੀ ਸਾਧਾਰਨ ਹੈ। ਉਹ ਪਹਿਰਾਵੇ ਲਈ ਬਹੁਤਾ ਸ਼ੌਕੀਨ ਨਹੀਂ ਹੈ। ਸਾਧਾਰਣ ਦਿੱਖ ਵਾਲਾ ਚਰਨ ਪੁਆਧੀ ਸਿਆਣਪ ਅਤੇ ਵਿਦਵਤਾ ਦਾ ਮੁਜੱਸਮਾ ਹੈ। ਉਸ ਦਾ ਕਵਿਤਾ ਕਹਿਣ ਦਾ ਢੰਗ ਵੀ ਨਿਰਾਲਾ ਹੀ ਹੈ, ਉਹ ਮਲੂਕ ਜਿਹੇ ਢੰਗ ਨਾਲ ਗੁੱਝਾ ਵਿਅੰਗ ਮਾਰ ਜਾਂਦਾ ਹੈ, ਜਿਸ ਦਾ ਦਰਸ਼ਕ ਆਨੰਦ ਮਾਣਦੇ ਰਹਿੰਦੇ ਹਨ। ਚਰਨ ਪੁਆਧੀ ਦੇ ਸ਼ੌਕ ਵੀ ਵਿਲੱਖਣ ਹਨ। ਕਈ ਗੱਲਾਂ ਵਿਚ ਉਹ ਚਮਤਕਾਰੀ ਲੱਗਦਾ ਹੈ। ਉਹ ਪੁੱਠੇ ਹੱਥ ਨਾਲ ਸਿੱਧਾ ਅਤੇ ਸਿੱਧੇ ਹੱਥ ਨਾਲ ਪੁੱਠਾ ਲਿਖ ਸਕਦਾ ਹੈ। ਨਿੰਮ ਦੇ ਪੱਤੇ ਵਿਚੋਂ ਦੀ ਪੈਪਸੀ ਦੀ ਵੱਡੀ ਬੋਤਲ ਕੱਢ ਦਿੰਦਾ ਹੈ। ਉਸ ਦੀ ਇੱਕ ਕਵਿਤਾ 'ਵੋਟਾਂ ਆਈਆਂ ਫੇਰ' ਦੇਸ਼ ਦੀਆਂ ਸਿਆਸੀ ਪਾਰਟੀਆਂ ਅਤੇ ਸਿਆਤਦਾਨਾਂ ਦੇ ਆਪਣੇ ਵੋਟਰਾਂ ਬਾਰੇ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਕਰਦੀ ਹੈ:

ਦੇਖੋ ਵੋਟਾਂ ਆਈਆਂ ਫੇਰ, ਗਊਆਂ ਮਾਰ ਰੁਸ਼ਨਾਈਆਂ ਫੇਰ।
ਕੰਧਾਂ ਪਰ ਇਸ਼ਤਿਹਾਰਾਂ ਚਿਪਕਾਈਆਂ, ਵਰਕਰ ਝੰਡੀਆਂ ਵੰਡੀਆਂ ਜਾਵਾਂ।
ਬੈਜ ਗੇਜਾਂ ਪਰ ਟੰਗੀ ਜਾਵਾਂ, ਝੰਡੀਆਂ ਪਕੜਾਈਆਂ ਫੇਰ।
ਦੇਖੋ ਵੋਟਾਂ ਆਈਆਂ ਫੇਰ..........।
ਚਿੱਟੇ ਲੀੜੇ ਨੇਤਾ ਆਵਾਂ, ਹਾਲ ਵੇਖਕੇ ਹੰਝੂ ਵਹਾਵਾਂ।
ਘੁੱਟ ਜੱਫੀਆਂ ਪਾਈਆਂ ਫੇਰ, ਦੇਖੋ ਵੋਟਾਂ ਆਈਆਂ ਫੇਰ..........।
ਗੈਲ ਬੈਠ ਕੇ ਰੋਟੀਆਂ ਖਾਵਾਂ, ਪਾਣੀ ਪੀਵਾਂ ਚਾਹ ਬਣਵਾਵਾਂ।
ਫੋਟੋ ਗੈਲ ਖਿਚਵਾਈਆਂ ਫੇਰ, ਧੋਖਾ ਖਾ ਕੇ ਪਿਛਲੀ ਵਾਰੀ।
ਤਹਾਂ ਨਹੀਂ ਸੀ ਸਰਕਾਰ ਹਮਾਰੀ, ਦਿਕਤਾਂ ਗਿਣਵਾਈਆਂ ਢੇਰ ਫੇਰ।
ਦੇਖੀਆਂ ਸੜਕਾਂ ਗੋਹਰਾਂ ਲੀਹਾਂ, ਕੱਚੇ ਕੋਠੜੇ ਨਾਲੀਆਂ ਬੀਹਾਂ।
ਸਹੂਲਤਾਂ ਦੇਣੀਆਂ ਗਿਣਵਾਈਆਂ ਫੇਰ....
ਪਿਛਲੀ ਜੋ ਸਰਕਾਰ ਸੀ ਰੱਦੀ, ਉਹ ਬਹਿ ਗਈ ਮੱਲ ਕੇ ਗੱਦੀ।
ਗਾਲਾਂ ਖ਼ੂਬ ਛਕਾਈਆਂ ਫੇਰ, ਇਵ ਧੋਖਾ ਨਾ ਖਾਵਾਂਗੇ।
ਭਲੇ ਕਾ ਬਟਨ ਦਬਾਇਓ ਵੀਰ, ਇਵ ਨਾ ਧੋਖਾ ਲਿਓ ਵੀਰ।
ਪੁਆਧੀ ਲਿਸਟਾਂ ਬਣਾਈਆਂ ਫੇਰ....।

ਚਰਨ ਪੁਆਧੀ ਦਾ ਇੱਕ ਹੋਰ ਵੱਡਾ ਗੁਣ ਹੈ ਕਿ ਉਹ ਪੰਜਾਬ ਦੇ ਪਿੰਡਾਂ ਦੇ ਬਲਾਕਾਂ, ਜ਼ਿਲ੍ਹਿਆਂ ਦੀ ਵਿਰਾਸਤ, ਰਹਿਤਲ, ਪਹਿਰਾਵਾ ਅਤੇ ਸੱਭਿਆਚਾਰ ਬਾਰੇ ਟੱਪੇ ਲਿਖੇ ਹਨ, ਜਿਹੜੇ ਬਹੁਤ ਹੀ ਦਿਲਚਸਪ ਹਨ। ਉਸ ਨੂੰ ਬਹੁਤ ਸਾਰੀਆਂ ਸਾਹਿਤਕ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਸਨਮਾਨਤ ਕੀਤਾ ਹੈ, ਜਿਨ੍ਹਾਂ ਵਿਚ ਪਟਿਆਲਾ ਸਥਿਤ ਸਾਹਿਤਕ ਸੰਸਥਾਵਾਂ, ਮਾਨਸਰੋਵਰ ਪੰਜਾਬੀ ਸਾਹਿਤ ਅਕਾਦਮੀ ਰਾਜਸਥਾਨ, ਲਖਵੀਰ ਸਿੰਘ ਜੱਸੀ ਯਾਦਗਾਰੀ ਪੁਰਸਕਾਰ ਨਾਲ ਵੀ ਸਨਮਾਨਤ ਕੀਤਾ ਗਿਆ ਹੈ।

ਚਰਨ ਪੁਆਧੀ ਦਾ ਜਨਮ ਮਾਤਾ ਦਲਬੀਰ ਕੌਰ ਪਿਤਾ ਜੋਗਿੰਦਰ ਸਿੰਘ ਰੈਹਲ ਦੇ ਘਰ 9 ਜਨਵਰੀ, 1967 ਨੂੰ ਸੰਗਰੂਰ ਜ਼ਿਲ੍ਹੇ ਦੇ ਭਵਾਨੀਗੜ੍ਹ ਵਿਖੇ ਹੋਇਆ। ਇਹ ਉਸ ਦਾ ਸਾਹਿਤਕ ਨਾਮ ਹੈ। ਸਰਕਾਰੀ ਰਿਕਾਰਡ ਵਿਚ ਉਸ ਦਾ ਨਾਮ ਚਰਨਜੀਤ ਸਿੰਘ ਹੈ। ਉਸ ਦਾ ਬਚਪਨ ਸੰਗਰੂਰ ਜ਼ਿਲ੍ਹੇ ਦੇ ਭਵਾਨੀਗੜ੍ਹ ਕਸਬੇ ਵਿਚ ਬੀਤਿਆ। ਇਸ ਸਮੇਂ ਉਹ ਆਪਣੀ ਪਤਨੀ ਮਨਜੀਤ ਕੌਰ ਦੋ ਬੱਚੇ ਸੁਖਮਣੀ ਅਤੇ ਇਸ਼ਮੀਤ ਨਾਲ ਹਰਿਆਣਾ ਦੇ ਕੈਥਲ ਨੇੜੇ ਅਰਨੌਲੀ ਭਾਈ ਕੇ ਪਿੰਡ ਵਿਚ ਰਹਿ ਰਿਹਾ ਹੈ। ਚਰਨ ਪੁਆਧੀ ਦੀ ਜੱਦੋ-ਜਹਿਦ ਵਾਲੀ ਜ਼ਿੰਦਗੀ ਨੂੰ ਵੇਖਦਿਆਂ ਦਾਦ ਦੇਣੀ ਬਣਦੀ ਹੈ ਕਿ ਇਤਨੀਆਂ ਤੰਗੀਆਂ ਹੋਣ ਦੇ ਬਾਵਜੂਦ ਉਹ ਗੋਦੜੀ ਦੇ ਲਾਲ ਦੀ ਤਰ੍ਹਾਂ ਰੌਸ਼ਨੀ ਦੇ ਰਿਹਾ ਹੈ। ਉਹ ਪੱਲੇਦਾਰੀ, ਦਿਹਾੜੀ-ਦੱਪਾ, ਵੈਲਡਿੰਗ, ਕੰਬਾਈਨਾਂ ਤੇ ਹੈਲਪਰ, ਟਰੱਕ ਕਲੀਨਰੀ, ਜੈਨਰੇਟਰੀ ਅਪ੍ਰੇਟਰੀ ਅਤੇ ਫਿਰ ਪ੍ਰਾਈਵੇਟ ਸਕੂਲ ਦੀ ਨੌਕਰੀ ਕਰਕੇ ਆਪਣਾ ਸਾਹਿਤਕ ਸ਼ੌਕ ਪਾਲਦਾ ਰਿਹਾ। ਇਸ ਤੋਂ ਬਾਅਦ ਫ਼ੋਟੋਗ੍ਰਾਫ਼ੀ, ਪੇਂਟਿੰਗ, ਨਕਸ਼ਾ ਨਵੀਸੀ, ਕੰਧਾਂ ਤੇ ਸਲੋਗਨ ਲਿਖਣੇ, ਦੁਕਾਨਾਂ ਦੇ ਬੋਰਡ ਫਿਰ 1997 ਵਿਚ ਕਿਤਾਬਾਂ ਤੇ ਪੇਂਟਿੰਗ ਦੀ ਦੁਕਾਨ 'ਪਪਰਾਲਾ ਪੁਸਤਕ ਭੰਡਾਰ ਅਰਨੌਲੀ' ਖੋਲ੍ਹ ਲਈ। ਇਹ ਦੁਕਾਨ ਨੇ ਬਹੁਤ ਨਾਮਣਾ ਖੱਟਿਆ। ਪਿੰਡਾਂ ਦੇ ਲੋਕਾਂ ਵਿਚ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਕੀਤੀ। ਲੋਕਾਂ ਦੇ ਮਨਭਾਉਂਦੇ ਸਟਿਕਰ ਬਣਾਕੇ ਵੀ ਵੇਚਦਾ ਰਿਹਾ, ਇਤਨੀ ਆਰਥਿਕ ਕਮਜ਼ੋਰੀ ਹੋਣ ਦੇ ਬਾਵਜੂਦ ਆਪਣੇ ਸਾਹਿਤਕ ਸ਼ੌਕ ਦੀ ਪੂਰਤੀ ਕਰਨ ਤੋਂ ਪਾਸਾ ਨੀਂ ਵੱਟਿਆ। ਇਸ ਸਮੇਂ ਵੀ ਘਰ ਫੂਕ ਕੇ ਤਮਾਸ਼ਾ ਵੇਖ ਰਿਹਾ ਹੈ। ਉਸ ਨੂੰ ਲਿਖਣ ਦੀ ਚੇਟਕ 15 ਸਾਲ ਦੀ ਉਮਰ ਵਿਚ ਸਕੂਲ ਵਿਚ ਪੜ੍ਹਦਿਆਂ ਹੀ ਲੱਗ ਗਈ ਸੀ। ਸ਼ੁਰੂ ਵਿਚ ਦੋ ਗਾਣਾ, ਕਵੀਸ਼ਰੀ ਅਤੇ ਅਖ਼ੀਰ ਵਿਚ ਸ਼ਾਇਰੀ ਦੇ ਖੇਤਰ ਵਿਚ ਪਿੜ ਮੱਲ ਲਿਆ, ਜੋ ਹੋਰ ਕਲਾਵਾਂ ਤੋਂ ਇਲਾਵਾ ਅਜੇ ਤੱਕ ਜਾਰੀ ਹੈ। ਉਸ ਦੇ ਪਰਿਵਾਰ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ।



# ਹੁਣ ਫ਼ਿਲਮਾਂ ਲਈ ਗਾਉਣਾ ਤੇ ਪਰਦੇ ’ਤੇ ਆਉਣਾ ਤਮੰਨਾ ਪੂਰੀ ਕਰ ਦੇਵੇ ਰੱਬ ਸੋਹਣਾ : ਪੱਪੂ ਜੋਗਰ

ਪੇਸ਼ਕਸ਼ - ਅੰਮ੍ਰਿਤ ਪਵਾਰ
ਪੰਜਾਬ ਮੇਲ USA





ਸਰਹੱਦ ਨੇੜੇ ਤੋਂ ਉੱਠੀ ਆਵਾਜ਼ ਸੱਤ ਸਮੁੰਦਰ ਪਾਰ ਜਾ ਕੇ ਅੱਜ ਧੁੰਮਾਂ ਪਾ ਰਹੀ ਹੈ ਕਿਉਂਕਿ ਇੱਕ ਤਾਂ ਰੱਬੀ ਦਾਤ ਸੁਰ ਦੀ ਗੋਡ ਗਿਫ਼ਟ, ਦੂਜਾ ਪਿੰਡ ਕਰਵਾਉਂਦੇ ਗਾਇਕੀ ਮੇਲੇ ਨੇ ਸਾਲ ਦਰ ਸਾਲ ਹੋਰ ਨਿੱਖਰੀ ਕਰ ਦਿੱਤੀ ਆਵਾਜ਼ ਤੇ ਫਿਰ ਜਲੰਧਰ ਜਾ ਕੇ ਤਾਂ ਬਿਲਕੁਲ ਪੰਜਾਬ ਨੂੰ ਪਤਾ ਚੱਲ ਗਿਆ ਕਿ ਗਾਇਕ ਹੈ ਚੋਟੀ ਦਾ ਪੱਪੂ ਜੋਗਰ। ਜੀ ਹਾਂ ਗੱਲ ਪਿੱਛੇ ਜਿਹੇ ਹਿੱਟ ਹੋਏ ਰਾਣੀ ਰਣਦੀਪ ਨਾਲ ਦੋਗਾਣਾ "ਜਵਾਈ" ਗਾਉਣ ਵਾਲੇ ਗਾਇਕ ਪੱਪੂ ਦੀ ਹੀ ਹੋ ਰਹੀ ਹੈ। ਮੁੱਢਲਾ ਤਵਾਰਿਫ ਤਾਂ ਕਰਵਾਇਆ ਕਿ ਪਤਾ ਚਲੇ ਕੌਣ ਹੈ ਪੱਪੂ ਜੋਗਰ ? "ਦਿਲ ਕਮਲਾ" ਐਲਬਮ ਨਾਲ ਵਪਾਰਕ ਗਾਇਕੀ ਵੱਲ ਆਏ ਇਸ ਗਾਇਕ ਦੀ ਕਾਬਲੀਅਤ ਦਾ ਅੰਦਾਜ਼ਾ ਕਿ ਇਸ ਨੂੰ ਜਲੰਧਰ ਤੋਂ ਪਿੰਡ ਵਾਲਿਆਂ ਬੁਲਾ ਦੀਨਾਨਗਰ ਨੇੜੇ ਦੇ ਪਿੰਡ ਜੋਗਰ ਦਾ ਸਰਪੰਚ ਬਣਾ ਦਿੱਤਾ। ਸਰਪੰਚੀ ਕਾਮਯਾਬ, ਗਾਇਕੀ ਕਾਮਯਾਬ ਤੇ ਦੌਰ ਦੂਰਦਰਸ਼ਨ ਜਲੰਧਰ ਦਾ ਤਾਂ ਹਰ ਪ੍ਰੋਗਰਾਮ ਦੀ ਸ਼ਾਨ ਬਣਦਾ ਗਿਆ ਤੇ ਨਾਮ ਵੀ ਉੱਚਾ ਹੁੰਦਾ ਗਿਆ। ਬਲੈਕ ਲਾ, ਗੱਡੀ, ਨਜ਼ਰ ਗਾਣੇ ਤੇ "ਜੱਟ ਵਰਸਿਜ ਸਿੰਗਰ" ਗੀਤਾਂ ਨੇ ਕੇਰਾਂ ਪੱਪੂ-ਪੱਪੂ ਕਰਵਾ ਦਿੱਤੀ। ਪੱਕੇ ਤੌਰ ’ਤੇ ਇਹ ਕੈਨੇਡਾ ਵਾਸੀ ਹਨ ਤੇ ਐਡਮਿੰਟਨ ਰਹਿ ਕੇ ਪੰਜਾਬੀ ਗਾਇਕੀ ਨੂੰ ਅੱਗੇ ਵਧਾ ਰਹੇ ਹਨ। "ਵੋਇਸ ਆਫ ਅਲਬਰਟਾ" ਪ੍ਰੋਗਰਾਮ ਕਰਵਾ ਉਹ ਕੈਨੇਡੀਅਨ ਪੰਜਾਬੀ ਆਵਾਜ਼ਾਂ ਨੂੰ ਅੱਗੇ ਲਿਆ ਰਿਹਾ ਹੈ। ਆਪਣੀ ਟੀਮ ਨਾਲ ਮਿਲ ਕੇ ਤੇ ਪ੍ਰਵਾਸੀ ਪੰਜਾਬੀ ਗਾਇਕ ਪੱਪੂ ਜੋਗਰ ਹੁਣ ਕਿਸੇ ਪਹਿਚਾਣ ਦਾ ਮੋਹਤਾਜ਼ ਨਹੀਂ। ਇੱਕ ਗੱਲ ਹੋਰ, ਉਹ ਹਿੰਦੀ ਤੇ ਕੁੱਝ ਹੋਰ ਖੇਤਰੀ ਭਾਸਵਾਂ ਵਿਚ ਵੀ ਗਾ ਕੇ 'ਸੰਗੀਤ ਵਿਸ਼ਾਲ ਹੈ ਤੇ ਹਰ ਤਰਫ਼ ਹੈ, ਚਰਚਾ ਮੇਰੀ ਆਵਾਜ਼ ਦੀ' ਦਾ ਪ੍ਰਭਾਵ ਦੇ ਰਿਹਾ ਹੈ। "ਸੰਤ ਸਿਪਾਹੀ", "ਅੰਮੀ" ਉਸ ਦੇ ਚਰਚਿਤ ਗੀਤ ਉਸ ਦੀ ਲੋਕ ਪ੍ਰਿਅ ਹੋਣ ਦੀ ਤਮੰਨਾ ਪੂਰੀ ਕਰ ਚੁੱਕੇ ਹਨ। ਹੁਣੇ ਜਿਹੇ ਹੀ ਉਸ ਦੇ ਦੋਗਾਣੇ "ਜਵਾਈ" ਨੇ ਬੱਲੇ-ਬੱਲੇ ਕਰਵਾ ਦਿੱਤੀ ਹੈ। ਪੰਜਾਬ ਰਹਿ ਕੇ ਵੀ ਉਸ ਬਹੁਤ ਪ੍ਰੋਗਰਾਮ ਲਾਏ ਨੇ ਤੇ ਗੁਰਦਾਸਪੁਰ ਜਿਸ ਕਾਲਜ ਉਹ ਪੜ੍ਹਿਆ ਉਥੇ ਦੇ ਕੁੱਝ ਜਮਾਤੀ ਦੱਸਦੇ ਨੇ ਕਿ ਸਾਡੀ ਤਮੰਨਾ ਹੁਣ ਉਸ ਨੂੰ ਪੰਜਾਬੀ ਫ਼ਿਲਮਾਂ ਲਈ ਗਾਂਵਦੇ ਦੇਖਣ ਦੀ ਹੈ ਤੇ ਕੋਈ ਖਾਸ ਰੋਲ ਵੀ ਉਹ ਕਰੇ, ਤਾਂ ਸਮਝਣਗੇ ਉਹ ਕਿ 100 ਵਿਚੋਂ 200 ਪ੍ਰਤੀਸ਼ਤ ਨੰਬਰ ਲੈਣ ਦਾ ਹੱਕਦਾਰ ਹੈ ਪੱਪੂ ਜੋਗਰ। ਇਸ ਗੁਰਦਾਸਪੁਰੀਏ ਗਾਇਕ ਨੇ ਅਜੇ ਬਹੁਤ ਕਾਮਯਾਬ ਦਿਨ ਤੇ ਮੁਕਾਮ ਵੇਖਣੇ ਹਨ। ਸ਼ਾਲਾ! ਚੜ੍ਹਦੀਕਲਾ ਵਿਚ ਰਹੇ ਪ੍ਰਵਾਸ ਰਹਿੰਦਾ ਸਟਾਰ ਕਲਾਕਾਰ ਪੱਪੂ ਜੋਗਰ ਤੇ "ਵੋਇਸ ਆਫ ਅਲਬਰਟਾ", ਇੱਕ ਦਿਨ "ਵੋਇਸ ਆਫ ਵਰਲਡ" ਉਸ ਦੇ ਯਤਨਾਂ ਨਾਲ ਬਣੇ ਸੱਤੇ ਖੈਰਾਂ ਹੋਵਣ।

ਜਿਸ ਵੇਲੇ ਕਿਸਾਨੀ ਅੰਦੋਲਨ ਚੱਲ ਰਿਹਾ ਸੀ, ਤਾਂ ਸ. ਪਰਮਿੰਦਰ ਸਿੰਘ ਢੀਂਡਸਾ ਦਾ 10 ਫਰਵਰੀ 2021 ਨੂੰ ਇੱਕ ਬਿਆਨ ਅਖ਼ਬਾਰਾਂ ਵਿਚ ਆਇਆ ਸੀ ਕਿ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨੀ ਅੰਦੋਲਨ 'ਚ ਹੁਣ ਤੱਕ ਪੌਣੇ ਦੋ ਸੌ ਤੋਂ ਵੱਧ ਕਿਸਾਨ ਜਾਨ ਗੁਆ ਚੁੱਕੇ ਹਨ। ਢਾਈ ਮਹੀਨੇ ਤੋਂ ਕਿਸਾਨਾਂ ਦਾ ਸੜਕਾਂ 'ਤੇ ਡਟੇ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ। ਇੱਕ ਚੁਣੀ ਹੋਈ ਸਰਕਾਰ ਇਸ ਹੱਦ ਤੱਕ ਲੋਕ ਆਵਾਜ਼ ਨੂੰ ਅਣਗੌਲਿਆ ਕਰ ਸਕਦੀ ਹੈ, ਇਸ ਦਾ ਅੰਦਾਜ਼ਾ ਸ਼ਾਇਦ ਕਿਸੇ ਨੂੰ ਵੀ ਨਹੀਂ ਸੀ। ਉਹ ਅੱਗੇ ਲਿਖਦੇ ਹਨ ਕਿ ਆਨੰਦਪੁਰ ਸਾਹਿਬ ਦਾ ਮਤਾ ਇਸ ਦੂਰ ਦ੍ਰਿਸ਼ਟੀ ਸੋਚ ਦਾ ਪ੍ਰਤੱਖ ਸਬੂਤ ਹੈ, ਜਿਸ ਨੂੰ ਸਮੇਂ ਦੀਆਂ ਸਰਕਾਰਾਂ ਨੇ ਕੁਝ ਆਗੂਆਂ ਨੂੰ ਪਾਸੇ ਕਰਕੇ ਚਲਾਕੀ ਨਾਲ ਲਾਗੂ ਨਹੀਂ ਹੋਣ ਦਿੱਤਾ। ਉਹ ਇਹ ਵੀ ਲਿਖਦੇ ਹਨ ਕਿ ਜੇਕਰ ਇਹ ਮਤਾ ਮੰਨਵਾ ਲਿਆ ਜਾਂਦਾ, ਤਾਂ ਪੰਜਾਬ ਨੂੰ 80 ਦਹਾਕੇ ਹੰਢਾਏ ਕਾਲੇ ਦੌਰ ਦਾ ਨਾ ਸਾਹਮਣਾ ਕਰਨਾ ਪੈਂਦਾ ਅਤੇ ਨਾ ਹੀ ਪੰਜਾਬ ਨਾਲ ਹੋ ਰਹੇ ਵਿਤਕਰੇ ਨੂੰ ਸਹਿਣਾ ਪੈਂਦਾ। ਇੱਥੋਂ ਤੱਕ ਜਿਹੜੀ ਹਾਲਤ ਇਸ ਸਮੇਂ ਪੰਜਾਬ ਦੀ ਬਣੀ ਹੋਈ ਹੈ, ਉਸ ਤੋਂ ਵੀ ਬਚਿਆ ਜਾ ਸਕਦਾ ਸੀ।
ਇਸ ਮਤੇ ਬਾਰੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕੈਨੇਡਾ ਦੇ ਪ੍ਰਸਿੱਧ ਸ਼ਹਿਰ ਸਰੀ ਵਿਚ ਆਪਣੇ ਦੌਰੇ ਦੌਰਾਨ 3 ਜੁਲਾਈ, 2015 ਨੂੰ ਪ੍ਰੈੱਸ ਕਲੱਬ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਵਿਚ ਅਕਾਲੀ ਦਲ ਵਲੋਂ ਆਨੰਦਪੁਰ ਸਾਹਿਬ ਦੇ ਮਤੇ ਨੂੰ ਵਿਸਾਰਨ ਸੰਬੰਧੀ ਪੁੱਛੇ ਇੱਕ ਸੁਆਲ ਦਾ ਜੁਆਬ ਦੇਂਦਿਆ ਕਿਹਾ ਕਿ ਹੁਣ ਸਮਾਂ ਸੰਘਰਸ਼ ਦਾ ਨਹੀਂ, ਗੱਲਬਾਤ ਦਾ ਹੈ। ਆਨੰਦਪੁਰ ਮਤੇ ਵਿਚਲੀਆਂ ਬਹੁਤੀਆਂ ਗੱਲਾਂ ਭਾਜਪਾ ਨੇ ਮੰਨ ਲਈਆਂ। ਇਸ ਤੋਂ ਪਤਾ ਲੱਗਦਾ ਹੈ ਕਿ ਅਕਾਲੀ ਦਲ ਨੇ ਆਨੰਦਪੁਰ ਦੇ ਮਤੇ ਨੂੰ ਵਿਸਾਰ ਦਿੱਤਾ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਆਨੰਦਪੁਰ ਸਾਹਿਬ ਦਾ ਮਤਾ ਕੀ ਹੈ? ਇਸ ਪ੍ਰਤੀ ਸ਼੍ਰੋਮਣੀ ਅਕਾਲੀ ਦਲ ਦੀ ਕੀ ਪਹੁੰਚ ਹੈ? ਕੇਂਦਰ ਵਲੋਂ ਇਸ ਮਤੇ ਨੂੰ ਸਮਝਣ ਤੇ ਇਸ ਦੇ ਬਹੁ-ਪੱਖੀ ਲਾਭਾਂ ਤੋਂ ਜਾਣੂ ਹੋਣ ਤੇ ਇਸ ਨੂੰ ਕੇਂਦਰੀ ਸਰਕਾਰ ਵੱਲੋਂ ਲਾਗੂ ਕਰਨ ਦੀ ਥਾਂ 'ਤੇ ਇਸ ਨੂੰ ਵੱਖਵਾਦੀ ਕਹਿ ਕੇ ਭੰਡਿਆ ਗਿਆ।
ਇਸ ਮਤੇ ਨੂੰ ਅੰਤਿਮ ਰੂਪ ਦੇਣ ਲੱਗਿਆਂ ਸੱਤ ਸਾਲ ਲੱਗੇ। ਇਸ ਮਤੇ ਨੂੰ ਲਾਗੂ ਕਰਵਾਉਣ ਲਈ 19 ਜੁਲਾਈ, 1982 ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਰਮ ਯੁੱਧ ਸ਼ੁਰੂ ਕੀਤਾ, ਜਿਸ ਨੂੰ 4 ਅਗਸਤ, 1982 ਨੂੰ ਸੰਤ ਜਰਨੈਲ ਸਿੰਘ ਜੀ ਵੱਲੋਂ ਅਪਣਾ ਲਿਆ ਗਿਆ। ਮੋਰਚੇ ਵਿਚ ਕੋਈ ਢਾਈ ਲੱਖ ਦੇ ਕਰੀਬ ਸਿੰਘਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਸਨ। ਸੈਂਕੜੇ ਸਿੰਘ ਜੇਲ੍ਹਾਂ ਦੇ ਘਟੀਆ ਪ੍ਰਬੰਧ ਕਾਰਨ ਤੇ ਪੁਲਿਸ ਤਸ਼ੱਦਦ ਕਾਰਨ ਸ਼ਹੀਦ ਹੋਏ ਸਨ। ਤਰਨਤਾਰਨ ਰੇਲਵੇ ਫਾਟਕ 'ਤੇ ਜਥੇ ਦੀ ਬੱਸ ਨਾਲ ਰੇਲ ਦੀ ਹੋਈ ਟੱਕਰ ਵਿਚ ਇੱਕੋ ਸਮੇਂ 34 ਸਿੰਘਾਂ ਦੀਆਂ ਜਾਨਾਂ ਚਲੇ ਗਈਆਂ ਸਨ ਅਤੇ ਦਿੱਲੀ ਵਿਖੇ ਇਨ੍ਹਾਂ ਸਿੰਘਾਂ ਦੀਆਂ ਅਸਥੀਆਂ ਦੇ ਮਾਰਚ ਉਪਰ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਚਾਰ ਸਿੰਘ ਹੋਰ ਸ਼ਹੀਦ ਹੋ ਗਏ ਸਨ। ਮੋਰਚਾ ਪੂਰੇ ਖ਼ਾਲਸਾਈ ਜਲੌਅ ਨਾਲ ਆਪਣੇ ਸਿਖ਼ਰ 'ਤੇ ਪਹੁੰਚ ਚੁੱਕਾ ਸੀ ਤੇ ਸੁਮੱਚੀਆਂ ਪੰਥਕ ਜਥੇਬੰਦੀਆਂ ਇਸ ਵਿਚ ਸ਼ਾਮਲ ਹੋ ਗਈਆਂ ਸਨ। ਸਿੰਘਾਂ ਦੇ ਵੱਡੇ-ਵੱਡੇ ਜਥੇ ਗ੍ਰਿਫ਼ਤਾਰੀਆਂ ਦੇਣ ਲਈ ਵਹੀਰਾਂ ਬੰਨ੍ਹੀਂ ਪਹੁੰਚ ਰਹੇ ਸਨ ਤੇ ਪੂਰੇ ਹਿੰਦ ਵਿਚ ਸਿੱਖਾਂ ਵੱਲੋਂ ਕੀਤੇ ਜਾ ਰਹੇ 'ਧਰਮ ਯੁੱਧ ਮੋਰਚੇ' ਦੀ ਧਾਂਕ ਪੈ ਰਹੀ ਸੀ। ਕੇਂਦਰ ਸਰਕਾਰ ਤੇ ਅਕਾਲੀਆਂ ਦਰਮਿਆਨ ਗੱਲਬਾਤ ਸਿਰੇ ਨਾ ਚੜ੍ਹੀ ਤੇ ਇਸ ਦਾ ਸਿੱਟਾ ਸਾਕਾ ਨੀਲਾ ਤਾਰਾ ਨਿਕਲਿਆ ਤੇ ਪੰਜਾਬ ਵਿਚ ਕਾਲੇ ਦੌਰ ਦੀ ਸ਼ੁਰੂਆਤ ਹੋਈ। ਪੁਲਿਸ ਤੇ ਸੁਰੱਖਿਆ ਦਸਤਿਆਂ ਵਲੋਂ ਹਜ਼ਾਰਾਂ ਦੀ ਗਿਣਤੀ ਨੌਜੁਆਨ ਨੂੰ ਝੂਠੇ ਪੁਲਿਸ ਮੁਕਾਬਲਿਆਂ ਮਾਰ ਮੁਕਾਇਆ ਗਿਆ। ਮਨੁੱਖੀ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲਾ ਤੇ ਪੁਲਿਸ ਵੱਲੋਂ ਲਵਾਰਸ ਲਾਸ਼ਾਂ ਕਹਿਕੇ ਸਾੜਨ ਵਾਲਿਆਂ ਨੂੰ ਲੱਭਣ ਲਈ ਨਿਕਲਿਆ ਸ. ਜਸਵੰਤ ਸਿੰਘ ਖਾਲੜਾ ਵੀ ਅਣਪਛਾਤੀ ਲਾਸ਼ ਬਣਾ ਕੇ ਖਪਾ ਦਿੱਤਾ ਗਿਆ। ਪੰਜਾਬ ਦੇ ਮਸਲੇ ਸੁਲਝਣ ਦੀ ਥਾਂ 'ਤੇ ਹੋਰ ਉਲਝਦੇ ਗਏ। ਪੰਜ ਵਾਰ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਬਣੀ ਅਕਾਲੀ-ਭਾਜਪਾ ਸਰਕਾਰ ਨੇ ਵੀ ਪੰਜਾਬ ਦੇ ਮਸਲਿਆਂ ਵੱਲ ਕੋਈ ਧਿਆਨ ਨਹੀਂ ਦਿੱਤਾ।
ਅਨੰਦਪੁਰ ਦੇ ਮਤੇ ਬਾਰੇ ਪਾਠਕਾਂ ਨੂੰ ਵੱਡਮੁੱਲੀ ਜਾਣਕਾਰੀ ਦੇਣ ਲਈ ਅਸੀਂ ਲੇਖ ਲੜੀ ਸ਼ੁਰੂ ਕਰਨ ਦੀ ਖ਼ੁਸ਼ੀ ਲੈ ਰਹਿ ਹਾਂ। ਆਸ ਕਰਦੇ ਹਾਂ ਇਸ ਮਤੇ ਵਿਚਲੀਆਂ ਮਦਾਂ ਜਿਨ੍ਹਾਂ ਦਾ ਸਬੰਧ ਪੰਜਾਬ ਤੇ ਕੇਂਦਰ ਨਾਲ ਹੈ, ਨੂੰ ਲਾਗੂ ਕਰਵਾਉਣ ਲਈ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਇਕ ਪਲੇਟਫਾਰਮ 'ਤੇ ਇਕੱਠੀਆਂ ਹੋਣਗੀਆਂ।

-ਸੰਪਾਦਕ

## ਕਿਸ਼ਤ 1

# ਆਨੰਦਪੁਰ ਸਾਹਿਬ ਦੇ ਮਤੇ ਦਾ ਆਲੋਚਨਾਤਮਕ ਅਧਿਐਨ

ਡਾ. ਚਰਨਜੀਤ ਸਿੰਘ ਗੁਮਟਾਲਾ
1-937-573-9812
(ਡੇਟਨ, ਓਹਾਇਓ, ਯੂ.ਐੱਸ.ਏ.),
ਵਟਸਐਪ : 91-94175-33060
ਪੰਜਾਬ ਮੇਲ USA





### ਅਨੰਦਪੁਰ ਸਾਹਿਬ ਦਾ ਮਤਾ ਜਿਹੜਾ ਖਰੜਾ ਅਕਾਲੀ ਦਲ ਵੱਲੋਂ ਆਪ ਭਾਰਤ ਸਰਕਾਰ ਨੂੰ ਸੌਂਪਿਆ ਗਿਆ : ਉਹ ਇੰਜ ਹੈ :-

ਅਕਾਲੀ ਦਲ ਵੱਲੋਂ ਵਿਧੀਵਤ ਪ੍ਰਕਾਸ਼ਿਤ ਅਤੇ ਭਾਰਤ ਸਰਕਾਰ ਨੂੰ ਸੌਂਪਿਆ ਗਿਆ ਇਹ ਮਤਾ ਅਨੰਦਪੁਰ ਦਾ ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਪਾਲਿਸੀ ਪ੍ਰੋਗਰਾਮ ਹੈ। ਜਿਸ ਨੂੰ ਅਕਾਲੀ ਦਲ ਦੀ ਸਮੁੱਚੀ ਕੇਂਦਰੀ ਲੀਡਰਸ਼ਿਪ ਅਤੇ ਅਕਾਲੀ ਦਲ ਦੇ ਦੋ-ਦੋ ਜਨਰਲ ਇਜਲਾਸਾਂ ਨੇ ਸਰਬ ਸੰਮਤੀ ਨਾਲ ਪਾਸ ਕਰਕੇ ਸ. ਭਾਨ ਸਿੰਘ, ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਨੇ ਖ਼ੁਦ ਛਪਵਾਇਆ ਹੈ ਅਤੇ ਇਹ ਗੱਲ ਆਪ ਸਵੀਕਾਰ ਕੀਤੀ ਹੈ।

### ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤ

ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ 16-17 ਅਕਤੂਬਰ 1973 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਇਕੱਤਰਤਾ ਵਿਚ ਪ੍ਰਵਾਨ ਕੀਤਾ ਮਤਾ :-

(ੳ) ਸਿਧਾਂਤ

ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਸਮੁੱਚੀ ਮਰਜ਼ੀ ਦਾ ਇਕੋ ਇੱਕ ਪ੍ਰਗਟਾਊ ਹੈ ਤੇ ਪੰਥ ਦੀ ਪ੍ਰਤੀਨਿਧਤਾ ਕਰਨ ਲਈ ਪੂਰਾ ਅਧਿਕਾਰ ਰੱਖਦਾ ਹੈ। ਇਸ ਜਥੇਬੰਦੀ ਦੀ ਬੁਨਿਆਦ ਮਨੁੱਖਾਂ ਦੇ ਆਪਸੀ ਸੰਬੰਧ ਮਨੁੱਖ ਗਤੀ ਅਤੇ ਮਨੁੱਖ ਪ੍ਰੇਮ-ਤੱਤ ਨਾਲ ਸੰਬੰਧਾਂ ਉੱਤੇ ਰੱਖੀ ਗਈ ਹੈ।

ਇਹ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਹੀ ਉਪਦੇਸ਼ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੀਆਂ ਲੀਹਾਂ ਉਤੇ ਆਧਾਰਿਤ ਹਨ।

(ਅ) ਮਨੋਰਥ

ਸ਼੍ਰੋਮਣੀ ਅਕਾਲੀ ਦਲ ਹੇਠ ਲਿਖੇ ਮੰਤਵਾਂ ਦੀ ਪੂਰਤੀ ਲਈ ਸਦਾ ਤੱਤਪਰ ਰਹੇਗਾ :

1. ਗੁਰਮਤਿ ਤੇ ਰਹਿਤ ਮਰਿਯਾਦਾ ਦਾ ਪ੍ਰਚਾਰ ਅਤੇ ਨਾਸਤਕਤਾ ਤੇ ਮਨਮੱਤ ਦਾ ਪ੍ਰਹਾਰ।

2. ਸਿੰਘਾਂ ਵਿਚ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣਾ ਅਤੇ ਅਜਿਹਾ ਦੇਸ਼ ਕਾਲ ਘੜਨਾ ਜਿਸ ਵਿਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਉ ਪੂਰਨ ਤੌਰ 'ਤੇ ਮੂਰਤੀਮਾਨ ਤੇ ਪ੍ਰਜਵਲਿਤ ਹੋ ਸਕੇ।

3. **ਕੰਗਾਲੀ ਭੁੱਖ** - ਨੰਗ ਤੇ ਥੁੜ ਨੂੰ ਦੂਰ ਕਰਨਾ, ਨਿਆਂਕਾਰ ਤੇ ਚੰਗੇ ਨਿਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਤੇ ਉਪਜ ਨੂੰ ਵਧਾਉਣਾ ਤੇ ਮੌਜੂਦਾ ਕਾਣੀ ਵੰਡ ਤੇ ਲੁੱਟ-ਖਸੁੱਟ (ਐਕਸ-ਪਬਾਇਟੇਸ਼ਨ) ਨੂੰ ਦੂਰ ਕਰਨਾ।

4. ਗੁਰਮਤਿ ਆਸ਼ੇ ਅਨੁਸਾਰ ਅਨਪੜ੍ਹਤਾ, ਛੂਤ-ਛਾਤ ਤੇ ਜਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ।

5. ਮੰਦੀ ਸਿਹਤ ਤੇ ਬੀਮਾਰੀ ਨੂੰ ਦੂਰ ਕਰਨ ਦੇ ਉਪਾਅ, ਨਸ਼ਿਆਂ ਦੀ ਨਿਖੇਧੀ ਅਤੇ ਬੰਦਿਸ਼ ਤੇ ਸਰੀਰਕ ਅਰੋਗਤਾ ਦਾ ਵਾਧਾ, ਜਿਸ ਨਾਲ ਕੰਮ ਵਿਚ ਉਤਸ਼ਾਹ ਜਾਗੇ ਤੇ ਉਹ ਕੌਮੀ ਬਚਾਉ ਲਈ ਤਿਆਰ ਹੋ ਸਕੇ।

### ਅੰਕ ਪਹਿਲਾ

ਅਕਾਲੀ ਦਲ ਸਿੱਖਾਂ ਵਿਚ ਧਰਮ-ਭਾਵ ਪੈਦਾ ਕਰਨ ਤੇ ਉਨ੍ਹਾਂ ਵਿਚ ਸਿੱਖ ਹੋਣ ਉੱਤੇ ਫ਼ਖਰ ਪੈਦਾ ਕਰਨਾ ਆਪਣਾ ਮਨੁੱਖ ਮਨੋਰਥ ਸਮਝਦਾ ਹੈ, ਜਿਸ ਦੀ ਪੂਰਤੀ ਲਈ ਅਕਾਲੀ ਦਲ ਹੇਠ ਲਿਖਿਆ ਪ੍ਰੋਗਰਾਮ ਵਰਤੋਂ ਵਿਚ ਲਿਆਏਗਾ:-

(ੳ) ਵਹਿਗੁਰੂ ਦੀ ਵਾਹਿਦ ਹਸਤੀ ਦਾ ਪ੍ਰਚਾਰ ਕਰਨਾ, ਨਾਮ ਸਿਮਰਨ ਤੇ ਗੁਰਬਾਣੀ ਦਾ ਪ੍ਰਵਾਹ ਚਲਾਣਾ, ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਦ੍ਰਿੜ੍ਹ ਨਿਸ਼ਚਾ ਕਰਾਉਣਾ ਤੇ ਉਨ੍ਹਾਂ ਉਪਦੇਸ਼ਾਂ ਦੀ ਵਾਕਫੀ ਤੇ ਉਨ੍ਹਾਂ ਉਤੇ ਅਮਲ ਕਰਾਉਣ ਲਈ ਯਤਨ ਕਰਨਾ।

(ਅ) ਗੁਰਮਤਿ, ਸਿੱਖ ਫ਼ਲਸਫਾ, ਰਹਿਤ ਮਰਿਯਾਦਾ ਤੇ ਕੀਰਤਨ ਆਦਿ ਦੇ ਪ੍ਰਚਾਰ ਨੂੰ ਕਾਮਯਾਬੀ ਨਾਲ ਚਲਾਉਣ ਲਈ ਸਿੱਖ ਮਿਸ਼ਨਰੀ ਕਾਲਜ ਵਿਚੋਂ ਪ੍ਰਚਾਕਰ ਤੇ ਚੰਗੇ ਰਾਗੀ, ਢਾਡੀ ਕਵੀਸ਼ਰ ਪੈਦਾ ਕਰਨੇ ਤਾਂ ਕਿ ਦੇਸ਼ ਤੇ ਪ੍ਰਦੇਸ਼ ਵਿਚ ਕਾਲਜਾਂ ਤੇ ਸਕੂਲਾਂ ਵਿਚ, ਪਿੰਡਾਂ ਤੇ ਸ਼ਹਿਰਾਂ ਵਿਚ, ਗੋਇਆ ਕਿ ਹਰ ਥਾਂ ਲਈ ਪ੍ਰਚਾਰ ਦੀ ਯੋਗਤਾ ਰੱਖਣ ਵਾਲੇ ਸੱਜਣ ਤਿਆਰ ਕੀਤੇ ਜਾ ਸਕਣ।

(ੲ) ਵੱਡੇ ਪੈਮਾਨੇ 'ਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਬੰਧ ਕਰਨਾ, ਕਾਲਜਾਂ ਅਤੇ ਸਕੂਲਾਂ ਵਿਖੇ ਇਸ ਸੰਬੰਧ ਵਿਚ ਪੂਰਾ ਤਾਣ ਲਾਉਣਾ ਅਤੇ ਇਸ ਮਨੋਰਥ ਨੂੰ ਸਾਹਮਣੇ ਰੱਖਕੇ ਕਾਲਜਾਂ ਦੇ ਪ੍ਰੋਫੈਸਰਾਂ ਦੇ ਬਕਾਇਦਾ ਸਟੱਡੀ ਸਰਕਲ ਆਉਣ ਦਾ ਪ੍ਰਬੰਧ ਕਰਨਾ।

(ਸ) ਸਿੱਖਾਂ ਵਿਚ ਦਸਵੰਧ ਦਾ ਰਿਵਾਜ਼ ਮੁੜ ਸੁਰਜੀਤ ਕਰਨਾ।

(ਹ) ਸਿੱਖ ਧਰਮ ਤੇ ਇਤਿਹਾਸ ਦੇ ਵਿਦਵਾਨਾਂ, ਲਿਖਾਰੀਆਂ, ਪ੍ਰਚਾਰਕਾਂ ਗ੍ਰੰਥੀਆਂ ਆਦਿ ਦਾ ਕੌਮ ਵੱਲੋਂ ਵੱਧ ਤੋਂ ਵੱਧ ਆਦਰ ਕਰਨ ਲਈ ਪ੍ਰਚਾਰ ਕਰਨਾ ਅਤੇ ਉਨ੍ਹਾਂ ਦੇ ਰੁਤਬੇ, ਸਿਖਲਾਈ ਅਤੇ ਰਹਿਣੀ ਦਾ ਮਿਆਰ ਉੱਚਾ ਕਰਨ ਲਈ ਯਤਨ ਕਰਨਾ।

(ਕ) ਗੁਰਦੁਆਰਾ ਪ੍ਰਬੰਧ ਨੂੰ ਵਧੇਰੇ ਸੋਹਣਾ ਬਨਾਉਣ ਲਈ ਯਤਨ ਕਰਨਾ ਤੇ ਗੁਰਦੁਆਰਾ ਕਰਮਚਾਰੀਆਂ ਦੀ ਸਿਖਲਾਈ ਲਈ ਪ੍ਰਬੰਧ ਕਰਨਾ, ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੰਭਾਲ ਕਰਾਉਣੀ। ਇਸ ਸੰਬੰਧ ਵਿਚ ਸਮੇਂ-ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਤੇ ਹੋਰ ਕਮੇਟੀਆਂ ਵਿਚ ਆਪਣੇ ਪ੍ਰਤੀਨਿਧਾਂ ਨੂੰ ਯੋਗ ਹਦਾਇਤਾਂ ਭੇਜਦੇ ਰਹਿਣਾ।

(ਖ) ਗੁਰਬਾਣੀ ਦੀ ਸ਼ੁੱਧ ਛਪਾਈ ਤੇ ਨਵੀਨ ਸਿੱਖ ਇਤਿਹਾਸ ਦੀ ਖੋਜ ਅਤੇ ਸੰਭਾਲ ਦੇ ਪ੍ਰਕਾਸਮਾਂ, ਗੁਰਬਾਣੀ ਦਾ ਹੋਰ ਬੋਲੀਆਂ ਵਿਚ ਉਲਥਾ ਸਿੱਖ ਸਿਧਾਂਤ ਬਾਰੇ ਵਧੀਆ ਸਾਹਿਤ ਤਿਆਰ ਕਰਨ ਲਈ ਪ੍ਰਬੰਧ ਕਰਨਾ।

(ਗ) ਇੱਕ ਨਵਾਂ ਸਰਬ-ਹਿੰਦ ਗੁਰਦੁਆਰਾ ਕਾਨੂੰਨ ਬਣਾਉਣ ਦੇ ਬਣਾਉਣ ਬੰਨਣਾ, ਜਿਸ ਨਾਲ ਦੇਸ਼ ਭਰ ਦੇ ਗੁਰਦੁਆਰਿਆਂ ਦਾ ਪ੍ਰਬੰਧ ਵਧੇਰੇ ਸੁਚੱਜਾ ਤੇ ਸ਼ੋਭਾਜਨਕ ਹੋ ਸਕੇ ਅਤੇ ਜਿਸ ਨਾਲ ਸਿੱਖ ਪੰਥ ਦੇ ਪ੍ਰਾਚੀਨ ਪ੍ਰਚਾਰ ਕਰਨ ਵਾਲੀਆਂ ਸੰਪਰਦਾਵਾਂ ਜਿਹਾ ਕਿ ਉਦਾਸੀ, ਨਿਰਮਲੇ ਆਦਿ ਮੁੜ ਸਮੁੱਚੇ ਸਿੱਖ ਸਮਾਜ ਦਾ ਅਨਿੱਖੜਵਾਂ ਅੰਗ ਬਣ ਜਾਣ ਪ੍ਰੰਤੂ ਉਨ੍ਹਾਂ ਡੇਰਿਆਂ ਦੀਆਂ ਜਾਇਦਾਦਾਂ ਇਨ੍ਹਾਂ ਸੰਪਰਦਾਵਾਂ ਦੇ ਹੱਥਾਂ ਵਿਚ ਹੀ ਸੁਰੱਖਿਅਤ ਰਹਿਣ।

(ਘ) ਸਾਰੇ ਸੰਸਾਰ ਦੇ ਸਮੂਹ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਇੱਕ ਲੜੀ ਵਿਚ ਪਰੋਕੇ ਸਾਰੇ ਖਾਲਸਾ ਪੰਥ ਦੇ ਧਰਮ ਅਸਥਾਨਾਂ ਦੀ ਰਹੁ-ਰੀਤਾਂ ਨੂੰ ਇੱਕ ਸਾਰ ਕਰਨ ਅਤੇ ਪ੍ਰਚਾਰ ਦੇ ਸਾਧਨਾਂ ਨੂੰ ਜੁੜਦਾ ਅਤੇ ਅਸਰ ਭਰਪੂਰ ਬਨਾਉਣ ਦਾ ਪ੍ਰਬੰਧ ਕਰਨਾ।

(ਙ) ਸ੍ਰੀ ਨਨਕਾਣਾ ਸਾਹਿਬ ਅਤੇ ਉਨ੍ਹਾਂ ਹੋਰ ਸਮੂਹ ਗੁਰਦੁਆਰਿਆਂ ਦੇ ਗੁਰਧਾਮਾਂ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਪ੍ਰਬੰਧ ਸਮੂਹ ਸਿੱਖਾਂ ਲਈ ਹਾਸਲ ਕਰਨ ਦੇ ਯਤਨ ਕਰਨਾ ।

ਜਦੋਂ ਅਸੀਂ ਉਪਰਲੀ ਲਿਖਤ 'ਤੇ ਝਾਤ ਪਾਉਂਦੇ ਹਾਂ, ਤਾਂ ਪਤਾ ਲੱਗਦਾ ਹੈ ਕਿ ਇਹ ਖ਼ਰੜਾ ਬਹੁਤ ਹੀ ਸੋਚ ਸਮਝਕੇ ਤਿਆਰ ਕੀਤਾ ਗਿਆ ਹੈ। ਇਸ ਵਿਚਲੀਆਂ ਮਦਾਂ ਦਾ ਸਬੰਧ ਬਹੁਤਾ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਾਰਮਿਕ ਤੇ ਸਿੱਖ ਵਿਦਿਅਕ ਅਦਾਰਿਆਂ, ਵੱਖ-ਵੱਖ ਸੰਪਰਦਾਵਾਂ ਆਦਿ ਨਾਲ ਹੈ। ਸ਼੍ਰੋਮਣੀ ਅਕਾਲੀ ਦਲ ਦਾ ਸ਼ਾਨਾਂਮਤਾ ਇਤਿਹਾਸ ਰਿਹਾ ਹੈ। ਇਸ ਲਈ ਸਿੱਖ ਧਰਮ ਦੀ ਸਿਰਮੋਰ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਿਚ ਬਹੁਤ ਪੜ੍ਹੇ-ਲਿਖੇ ਸੂਝਵਾਨ ਵਿਅਕਤੀ ਵੱਖ-ਵੱਖ ਖੇਤਰਾਂ ਵਿਚੋਂ ਲਿਆਂਦੇ ਜਾਣ। ਸਿਫ਼ਾਰਸ਼ੀ ਭਰਤੀ ਕਰਨ ਦੀ ਥਾਂ 'ਤੇ ਮੈਰਿਟ ਨੂੰ ਤਰਜੀਹ ਦਿੱਤੀ। ਇਨ੍ਹਾਂ ਦੋਵਾਂ ਸੰਸਥਾਵਾਂ ਵਿਚ ਬਹੁਤ ਨਿਘਾਰ ਆਇਆ ਹੈ, ਜਿਸ ਨੂੰ ਦੂਰ ਕਰਨ ਵਿਚ ਸਮਾਂ ਲੱਗੇਗਾ। ਸ਼੍ਰੋਮਣੀ ਅਕਾਲੀ ਦਲ ਕੇਂਦਰ 'ਚ ਭਾਈਵਾਲ ਰਿਹਾ ਹੈ ਪਰ ਇਹ ਪੰਜਾਬ ਦੀਆਂ ਸਮੱਸਿਆਵਾਂ ਦੂਰ ਕਰਵਾਉਣ ਵਿਚ ਕੋਈ ਯੋਗਦਾਨ ਨਹੀਂ ਪਾ ਸਕਿਆ। ਇਸ ਦੀ ਜੋ ਤਰਸਯੋਗ ਹਾਲਤ ਬਣੀ ਹੋਈ, ਉਹ ਸਭ ਨੂੰ ਪਤਾ ਹੈ। ਪਿਛਲੇ ਕਈ ਸਾਲਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਹੀਂ ਹੋਈਆਂ। ਸੁਆਲ ਪੈਦਾ ਹੁੰਦਾ ਹੈ ਕਿ ਜੇ ਬਾਕੀ ਸੰਸਥਾਵਾਂ ਦੀਆਂ ਚੋਣਾਂ ਪੰਜ ਸਾਲ ਪਿੱਛੋਂ ਹੋ ਸਕਦੀਆਂ ਹਨ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕਿਉਂ ਨਹੀਂ?

-ਚੱਲਦਾ

# ਗਰਮੀ ਨੇ ਕੱਢੇ ਵੱਟ, ਕਸੂਰ ਕਿਸ ਦਾ..




- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



ਪੰਜਾਬ ਅੰਦਰ ਪਿਛਲੇ ਦਿਨਾਂ ਤੋਂ ਪੈ ਰਹੀ ਗਰਮੀ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਵੱਡੀ ਪੱਧਰ 'ਤੇ ਭਿਆਨਕ ਗਰਮੀ ਨੇ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਜੇ ਚਾਰੇ ਪਾਸੇ ਨਿਗ੍ਹਾ ਮਾਰ ਕੇ ਵੇਖੀਏ, ਤਾਂ ਇੱਕ ਤਰ੍ਹਾਂ ਦੀ ਹਾਲਪਰਿਆ, ਹਾਹਾਕਾਰ ਮੱਚੀ ਨਜ਼ਰੀ ਪੈਂਦੀ ਹੈ। ਛੋਟਾ ਕੀ, ਵੱਡਾ ਕੀ, ਬਜ਼ੁਰਗ ਤੇ ਬਹੁਤ ਲੋਕ ਇਸ ਗਰਮੀ ਤੋਂ ਪੀੜਤ ਹੋ ਕੇ ਬਿਮਾਰ ਹੋ ਰਹੇ ਹਨ ਅਤੇ ਇਹ ਵੀ ਵੇਖਣ ਤੇ ਸੁਣਨ ਵਿਚ ਆਇਆ ਹੈ ਕਿ ਕਈ ਜਗ੍ਹਾ ਗਰਮੀ ਦੇ ਤਾਪਮਾਨ ਤੋਂ ਦੁਖੀ ਹੋ ਕੇ ਲੋਕਾਂ ਨੇ ਤਰ੍ਹਾਂ-ਤਰ੍ਹਾਂ ਦੇ ਉਪਰਾਲੇ ਵੀ ਕੀਤੇ ਹਨ। ਇਥੋਂ ਤੱਕ ਕਿ ਕਈ ਜਗ੍ਹਾ ਮੌਤਾਂ ਵੀ ਹੋ ਚੁੱਕੀਆਂ ਹਨ। ਪੰਜਾਬ ਦੀ ਧਰਤੀ ਉੱਤੇ ਪੈ ਰਹੀ ਗਰਮੀ ਨੇ ਤਾਂ ਵੱਟ ਕੱਢ ਦਿੱਤੇ ਹਨ। ਜੇ ਇਸ ਸਾਰੇ ਵਰਤਾਰੇ ਦੌਰਾਨ ਦੇਖੀਏ ਕਿ ਆਖਰ ਵਧ ਰਹੀ ਤਪਸ ਵਿਚ ਕਸੂਰ ਕਿਸ ਦਾ ਹੈ, ਤਾਂ ਸਾਰੀ ਸਥਿਤੀ ਆਪਣੇ ਆਪ ਬਿਆਨ ਹੋ ਜਾਂਦੀ ਹੈ ਕਿ ਇਸ ਗਰਮੀ ਵਿਚ ਆਖਰ ਕਸੂਰ ਪੰਜਾਬੀਆਂ ਦਾ ਆਪਣਾ ਜ਼ਿਆਦਾ ਹੈ। ਅਸੀਂ ਕੁਦਰਤ ਨੂੰ ਗਾਲ੍ਹਾਂ ਕੱਢ ਕੇ ਬਰੀ ਨਹੀਂ ਹੋ ਸਕਦੇ।

ਸਭ ਤੋਂ ਪਹਿਲਾਂ ਗੱਲ ਕਰੀਏ ਦਰੱਖਤਾਂ ਦੀ। ਅਸੀਂ ਪੰਜਾਬੀਆਂ ਨੇ ਦਰੱਖਤਾਂ ਨੂੰ ਤਬਾਹ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ। ਖੇਤਾਂ ਤੋਂ ਲੈ ਕੇ ਸੜਕਾਂ ਦੇ ਕੰਢੇ ਤੱਕ ਅਸੀਂ ਦਰੱਖਤਾਂ ਦਾ ਖਾਤਮਾ ਕਰ ਦਿੱਤਾ। ਉਸ ਤੋਂ ਬਾਅਦ ਪਸ਼ੂਆਂ ਵਾਲੇ ਵੀ ਦਰੱਖਤਾਂ ਦਾ ਕਤਲੇਆਮ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ। ਸੜਕਾਂ ਦੇ ਕੰਢੇ ਇਸ ਬਾਰੇ ਪੰਜਾਬੀਆਂ ਨੇ ਦਰੱਖਤਾਂ ਨੂੰ ਵੱਢਣ ਵਿਚ ਸਾਰੀ ਗੱਲਬਾਤ ਪਿਛਲੇ ਵਰ੍ਹੇ ਦੀ ਮਾਤ ਪਾ ਦਿੱਤੀ ਹੈ। ਸੜਕਾਂ ਕੰਢੇ ਖੜ੍ਹੇ ਦਰਖਤ ਅੱਗ ਦੇ ਹਵਾਲੇ ਕੀਤੇ ਗਏ। ਇਹ ਦੋਸ਼ ਅਸੀਂ ਕਿਸੇ ਹੋਰ ਨੂੰ ਨਹੀਂ ਦੇ ਸਕਦੇ, ਇਹ ਵੀ ਪੰਜਾਬੀਆਂ ਦਾ ਹੈ। ਅਸੀਂ ਸਾਰੇ ਦਰੱਖਤਾਂ ਨੂੰ ਪੱਟਣ ਅਤੇ ਵੱਢਣ ਵਿਚ ਮੋਹਰੀ ਰੋਲ ਅਦਾ ਕਰਦੇ ਹਾਂ। ਲੰਘੇ ਸਮੇਂ ਸਾਡੇ ਖੇਤਾਂ ਅੰਦਰ ਦਰੱਖਤ ਸਾਡਾ ਸ਼ਿੰਗਾਰ ਹੋਇਆ ਕਰਦੇ ਸਨ ਪਰ ਅਸੀਂ ਪੰਜਾਬੀਆਂ ਨੇ ਦਰੱਖਤਾਂ ਦਾ ਕਤਲ ਕਰਕੇ ਆਪਣੇ ਸੂਬੇ ਅੰਦਰ ਤਪਸ਼ ਦਾ ਰਾਹ ਪੱਧਰਾ ਕਰ ਲਿਆ ਹੈ। ਚਿੰਤਕ ਲੋਕ ਵਾਰ-ਵਾਰ ਇਹ ਗੱਲ ਕਹਿੰਦੇ ਰਹੇ ਕਿ ਅਸੀਂ ਦਰੱਖਤਾਂ ਨੂੰ ਕੱਟ ਕੇ ਸੁਖੀ ਨਹੀਂ ਹੋ ਸਕਦੇ, ਹੁਣ ਉਹ ਗੱਲ ਸਾਹਮਣੇ ਆ ਰਹੀ ਹੈ।

ਅਸੀਂ ਭਾਵੇਂ ਉੱਚੀ-ਉੱਚੀ ਕੂਕਾਂ ਮਾਰ ਕੇ ਗਰਮੀ ਸਬੰਧੀ ਹਾਲ ਪਰਿਹਾਰ ਜ਼ਾਹਰ ਕਰਦੇ ਰਹਿੰਦੇ ਹਾਂ। ਪਰ ਦਰੱਖਤਾਂ ਦੇ ਮਾਮਲੇ ਵਿਚ ਅਸੀਂ ਬਿਲਕੁਲ ਫਾਡੀ ਹਾਂ। ਅਸੀਂ ਚਿੰਤਕ ਲੋਕ ਨਹੀਂ ਅਖਵਾ ਸਕਦੇ। ਜੇਕਰ ਅਸੀਂ ਚਿੰਤਕ ਹੁੰਦੇ, ਤਾਂ ਦਰੱਖਤਾਂ ਦਾ ਖਾਤਮਾ ਨਾ ਕਰ ਬਹਿੰਦੇ। ਅਸੀਂ ਆਪਣੇ ਪੈਰੀਂ ਆਪ ਕੁਹਾੜੀ ਮਾਰ ਲਈ ਹੈ। ਇਸ ਵਿਚ ਕਿਸੇ ਦਾ ਕੋਈ ਦੋਸ਼ ਨਹੀਂ ਹੈ। ਉਸ ਤੋਂ ਬਾਅਦ ਧਰਤੀ ਹੇਠਲਾ ਪਾਣੀ ਹੇਠਾਂ ਵੱਲ ਜਾਣ ਕਰਕੇ ਵੀ ਬਹੁਤ ਸਾਰੇ ਖੇਤਰਾਂ ਅੰਦਰ ਦਰੱਖਤ ਸੁੱਕ ਰਹੇ ਹਨ। ਅਸੀਂ ਕਦੇ ਵੀ ਦਰੱਖਤਾਂ ਪ੍ਰਤੀ ਸਿਵਾਏ ਲਾਪ੍ਰਵਾਹੀ ਵਰਤਣ ਤੋਂ ਕੁਝ ਨਹੀਂ ਕੀਤਾ ਤੇ ਅਸੀਂ ਦਰੱਖਤਾਂ ਨੂੰ ਪਿਆਰ ਨਹੀਂ ਕੀਤਾ, ਸਗੋਂ ਦਰੱਖਤਾਂ ਦਾ ਕਤਲ ਕੀਤਾ ਹੈ। ਇਸ ਵਰਤਾਰੇ ਵਿਚ ਅਸੀਂ ਸਾਰੇ ਦੋਸ਼ੀ ਆਪ ਹਾਂ। ਚੰਗਾ ਹੋਵੇ ਜੇਕਰ ਅਜੇ ਵੀ ਅਸੀਂ ਸੁਧਰ ਜਾਈਏ ਪਰ ਮੈਨੂੰ ਲੱਗਦਾ ਹੈ ਕਿ ਇਸ ਮਾਮਲੇ ਵਿਚ ਅਸੀਂ ਘੱਟ ਸੁਧਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਜ਼ਿਆਦਾਤਰ ਸਾਡਾ ਪ੍ਰਚਾਰ ਕੇਵਲ ਪੈਸੇ ਨੂੰ ਲੈ ਕੇ ਹੋ ਰਿਹਾ ਹੈ, ਜੋ ਬਿਲਕੁਲ ਗਲਤ ਹੈ।

ਉਸ ਤੋਂ ਬਾਅਦ ਸਰਕਾਰ ਵੱਲੋਂ ਵੀ ਦਰੱਖਤਾਂ ਵਾਲੇ ਮਾਮਲੇ ਵਿਚ ਕੋਈ ਖਾਸ ਦਿਲਚਸਪੀ ਨਹੀਂ ਵਿਖਾਈ ਜਾ ਰਹੀ। ਸਰਕਾਰ ਵੀ ਦਰੱਖਤਾਂ ਵਾਲੇ ਮਾਮਲੇ 'ਤੇ ਬਿਲਕੁਲ ਬੁਰੀ ਤਰ੍ਹਾਂ ਫੇਲ ਨਜ਼ਰੀਂ ਪੈਂਦੀ ਹੈ। ਇਸ ਵਾਰ ਸੜਕਾਂ 'ਤੇ ਖੇਤਾਂ ਦੇ ਕੰਢੇ ਜੋ ਮੰਦਾ ਹਾਲ ਦਰੱਖਤਾਂ ਦਾ ਕਿਸਾਨਾਂ ਤੇ ਹੋਰਨਾਂ ਭੇਡਾਂ ਬੱਕਰੀਆਂ ਅਤੇ ਪਸ਼ੂਆਂ ਵਾਲੇ ਲੋਕਾਂ ਵੱਲੋਂ ਕੀਤਾ ਗਿਆ ਹੈ, ਉਸ ਮਾਮਲੇ ਵਿਚ ਸਰਕਾਰ ਨੇ ਕੱਖ ਵੀ ਨਹੀਂ ਕੀਤਾ। ਸਿਵਾਏ ਗੱਲਾਂ ਕਰਨ ਤੋਂ ਸਰਕਾਰ ਕੁਝ ਵੀ ਨਹੀਂ ਕਰ ਸਕੀ, ਦਰੱਖਤਾਂ ਦਾ ਵਢਾਂਗਾ ਕਰਨ ਨੂੰ ਲੈ ਕੇ ਕਦੇ ਵੀ ਕਿਸੇ ਵਿਅਕਤੀ ਦਾ ਕਿਸੇ ਨੇ ਅੱਜ ਤੱਕ ਵਾਲ ਵਿੰਗਾ ਨਹੀਂ ਕੀਤਾ, ਕਾਨੂੰਨ ਨਾਂ ਦੀ ਚੀਜ਼ ਦਰੱਖਤਾਂ ਮਾਮਲੇ ਵਿਚ ਪੰਜਾਬ ਵਿਚ ਵਿਖਾਈ ਨਹੀਂ ਦਿੰਦੀ। ਦਰੱਖਤਾਂ ਦਾ ਵਢਾਂਗਾ ਲਗਾਤਾਰ ਹੋ ਰਿਹਾ ਹੈ ਪਰ ਪ੍ਰਸ਼ਾਸਨ ਤੇ ਸਰਕਾਰਾਂ ਚੁੱਪ ਹਨ। ਸਿਵਾਏ ਗੱਲਾਂ ਕਰਨ ਤੋਂ ਸਰਕਾਰਾਂ ਨੇ ਕੁਝ ਨਹੀਂ ਕੀਤਾ। ਚੰਗਾ ਹੋਵੇ ਜੇਕਰ ਦਰੱਖਤਾਂ ਵਾਲੇ ਮਾਮਲੇ ਵਿਚ ਲਾ ਮਿਸਾਲ ਸਜ਼ਾ ਦਿੱਤੀ ਜਾਵੇ, ਤਾਂ ਦਰੱਖਤ ਆਪੇ ਉੱਗ ਪੈਣਗੇ। ਜੇਕਰ ਇਹੀ ਹਾਲ ਰਿਹਾ, ਤਾਂ ਆਉਣ ਵਾਲੇ ਸਮੇਂ ਅੰਦਰ ਵੀ ਸੜਕਾਂ ਕੰਡੇ ਤੇ ਖੇਤਾਂ ਤੋਂ ਇਲਾਵਾ ਸਰਕਾਰੀ ਸਾਂਝੀਆਂ ਜਗ੍ਹਾਵਾਂ ਵਿਚੋਂ ਦਰੱਖਤ ਗਾਇਬ ਹੋ ਜਾਣਗੇ।

ਧਰਤੀ ਹੇਠਲੇ ਡੂੰਘੇ ਹੋ ਰਹੇ ਪਾਣੀ ਦਾ ਸਬੰਧ ਵੀ ਦਰੱਖਤਾਂ ਦੇ ਨਾਲ ਮੰਨਿਆ ਜਾਂਦਾ ਹੈ। ਪੰਜਾਬ ਅੰਦਰ ਮੀਹਾਂ ਦੀ ਘੱਟ ਰਹੀ ਆਮਦ ਵੀ ਇਸ ਦਾ ਹੀ ਇੱਕ ਹਿੱਸਾ ਹੈ। ਧਰਤੀ ਹੇਠਲੇ ਪਾਣੀ ਨੂੰ ਲੈ ਕੇ ਭਾਵੇਂ ਕੁਝ ਚਿੰਤਕ ਲੋਕ ਚਿੰਤਾ ਜ਼ਰੂਰ ਜ਼ਾਹਰ ਕਰਦੇ ਹਨ ਪਰ ਕਦੇ ਵੀ ਇਸ ਮਾਮਲੇ 'ਤੇ ਕਿਸੇ ਨੇ ਸੱਚੇ ਮਨ ਨਾਲ ਕੁਝ ਕਰਨ ਦਾ ਯਤਨ ਨਹੀਂ ਕੀਤਾ। ਧਰਤੀ ਹੇਠਲਾ ਪਾਣੀ ਅੱਜਕੱਲ੍ਹ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਅੰਦਰ ਖਤਰਨਾਕ ਜ਼ੋਨ ਵਿਚ ਪਹੁੰਚ ਚੁੱਕਿਆ ਹੈ। ਸਰਕਾਰ ਵੀ ਇਸ ਮਾਮਲੇ 'ਤੇ ਵੀ ਬੁਰੀ ਤਰ੍ਹਾਂ ਚੁੱਪ ਹੈ ਪਤਾ ਨਹੀਂ ਆਖਰ ਸਾਡੀਆਂ ਸਰਕਾਰਾਂ ਅਤੇ ਸਾਡੇ ਲੋਕ ਇਸ ਕੁਦਰਤ ਦੀ ਨਿਆਮਤ ਦੀ ਬਰਬਾਦੀ ਦਾ ਰਾਹ ਪੱਧਰਾ ਕਿਉਂ ਕਰ ਰਹੇ ਹਨ। ਜੇਕਰ ਸਾਡੇ ਕੋਲ ਪਾਣੀ ਹੀ ਨਾ ਰਿਹਾ, ਤਾਂ ਅਸੀਂ ਕੀ ਕਰਾਂਗੇ, ਸਾਡੇ ਪੱਲੇ ਕੁਝ ਵੀ ਨਹੀਂ ਹੈ। ਪਤਾ ਨਹੀਂ ਸਰਕਾਰ ਆਖਰ ਕੀ ਸੋਚ ਕੇ ਚੁੱਪ ਹੈ। ਦਰੱਖਤ ਸਾਡੇ ਕੋਲ ਨਹੀਂ ਬਚੇ। ਔਲਾਦਾਂ ਸਾਡੀਆਂ ਸਾਡੇ ਕੋਲ ਨਹੀਂ ਹਨ। ਪਾਣੀ ਸਾਡੇ ਪਾਸ ਨਹੀਂ ਰਿਹਾ। ਫਿਰ ਪੰਜਾਬੀ ਕੀ ਕਰਨਗੇ, ਇਹ ਸਵਾਲ ਵੀ ਵੱਡਾ ਹੈ।

ਪੰਜਾਬ ਅੱਜਕੱਲ੍ਹ ਬਰਬਾਦ ਹੋਣ ਦੀ ਕਗਾਰ 'ਤੇ ਪਹੁੰਚ ਚੁੱਕਿਆ ਹੈ। ਨਸ਼ੇ ਨੇ ਸਾਡੇ ਪੰਜਾਬ ਦੀ ਨੌਜਵਾਨੀ ਨੂੰ ਆਪਣੇ ਕਲਾਵੇ ਵਿਚ ਲੈ ਕੇ ਵੱਡਾ ਨੁਕਸਾਨ ਕੀਤਾ ਹੈ। ਹੁਣ ਸਾਡੀ ਧਰਤੀ ਹੇਠਲਾ ਪਾਣੀ ਵੀ ਸਾਡੀ ਪਹੁੰਚ ਤੋਂ ਬਾਹਰ ਜਾ ਰਿਹਾ ਹੈ। ਦਰੱਖਤ ਸੁੱਕ ਰਹੇ ਹਨ। ਹਰ ਘਰ ਵਿਚ ਏ.ਸੀ. ਦਾ ਵਾਧਾ ਵੱਡੀ ਗਿਣਤੀ ਵਿਚ ਹੋਇਆ ਹੈ। ਇੱਕ ਘਰ ਵਿਚ ਕਈ-ਕਈ ਏ.ਸੀ. ਲੱਗ ਚੁੱਕੇ ਹਨ। ਦੁਕਾਨਾਂ ਉੱਤੇ ਵੀ ਏਸੀਆਂ ਦੀ ਭਰਮਾਰ ਹੋ ਚੁੱਕੀ ਹੈ। ਗੱਡੀਆਂ ਵਿਚ ਵੀ ਏਸੀ ਹਨ, ਇਹ ਵੀ ਗਰਮੀ ਵਧਣ ਦਾ ਕਾਰਨ ਹੈ। ਇੱਕ ਹੋਰ ਗੱਲ ਮੈਂ ਇੱਥੇ ਆਖਾਂਗਾ ਕਿ ਗਲੋਬਲ ਵਾਰਮਿੰਗ ਦੀ ਵਜ੍ਹਾ ਨਾਲ ਵੀ ਗਰਮੀ ਵਿਚ ਵੱਡਾ ਵਾਧਾ ਹੋਇਆ ਹੈ। ਕੁੱਲ ਮਿਲਾ ਕੇ ਇਹੀ ਆਖ ਸਕਦੇ ਹਾਂ ਕਿ ਕਈ ਵੱਡੇ ਮੇਜਰ ਕਾਰਨ ਹਨ, ਜੋ ਗਰਮੀ ਵਧਣ ਦਾ ਕਾਰਨ ਹਨ। ਜੇਕਰ ਅਸੀਂ ਦਰੱਖਤ, ਧਰਤੀ ਹੇਠਲਾ ਪਾਣੀ, ਕਣਕ ਦੇ ਝੋਨੇ ਦੇ ਨਾੜ ਨੂੰ ਅੱਗ ਨਹੀਂ ਲਾਵਾਂਗੇ, ਤਾਂ ਗਰਮੀ ਆਪਣੇ ਆਪ ਘੱਟ ਜਾਵੇਗੀ।

ਗਰਮੀ ਵਧਣ ਦੇ ਬਹੁਤ ਸਾਰੇ ਕਾਰਨ ਹਨ ਪਰ ਇਹ ਕਾਰਨ ਵੱਡੇ ਹਨ। ਪਿਛਲੇ ਸਮੇਂ ਤੋਂ ਪੰਜਾਬੀਆਂ ਵੱਲੋਂ ਪਾਣੀ ਤੇ ਦਰੱਖਤਾਂ ਨੂੰ ਖਤਮ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਗਈ। ਕੰਕਰੀਟ ਦੇ ਜੰਗਲ ਉਸਾਰ ਕੇ ਵੀ ਪੰਜਾਬੀਆਂ ਨੇ ਦਰੱਖਤਾਂ ਦੇ ਕਤਲ ਵਿਚ ਵੱਡਾ ਯੋਗਦਾਨ ਪਾਇਆ ਹੈ। ਇਹ ਇੱਕ ਵੱਡਾ ਮੁੱਦਾ ਹੈ, ਜਿਸ ਨੂੰ ਲੈ ਕੇ ਪੰਜਾਬੀ ਤੇ ਕਿਸਾਨ ਯੂਨੀਅਨ ਵਗੈਰਾ ਨੂੰ ਸੰਘਰਸ਼ ਕਰਨ ਦੀ ਲੋੜ ਹੈ। ਖੇਤਾਂ ਦੀਆਂ ਵੱਢਾ ਨੂੰ ਅੱਗ ਦੇ ਹਵਾਲੇ ਕਰਕੇ ਅਸੀਂ ਕੋਈ ਵੀ ਜੰਗ ਨਹੀਂ ਜਿੱਤ ਸਕਦੇ। ਚੰਗਾ ਹੋਵੇ, ਜੇਕਰ ਪੰਜਾਬੀ ਇਨ੍ਹਾਂ ਵੱਡੇ ਮਾਮਲਿਆਂ 'ਤੇ ਸੁਹਿਰਦ ਹੋ ਕੇ ਸੋਚਣ ਕਿਉਂਕਿ ਜੇਕਰ ਅਸੀਂ ਆਪਣੇ ਖੇਤਾਂ ਨੂੰ ਅੱਗ ਦੇ ਹਵਾਲੇ ਕਰਦੇ ਹਾਂ, ਤਾਂ ਨੁਕਸਾਨ ਸਾਡਾ ਹੀ ਹੁੰਦਾ ਹੈ, ਹੋਰ ਕਿਸੇ ਦਾ ਨਹੀਂ ਹੁੰਦਾ। ਦਰੱਖਤਾਂ ਤੇ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ, ਖੇਤਾਂ ਨੂੰ ਅੱਗ ਦੇ ਹਵਾਲੇ ਕਰਨਾ, ਕਿਸੇ ਵੀ ਤਰ੍ਹਾਂ ਦੀ ਚੰਗੀ ਗੱਲ ਨਹੀਂ ਹੈ। ਆਓ ਗੁਰੂ ਸਾਹਿਬ ਦੇ ਫਲਸਫੇ ਤੋਂ ਸੇਧ ਲੈ ਕੇ ਪੰਜਾਬ ਨੂੰ ਮੁੜ ਤੋਂ ਪਹਿਲਾਂ ਵਰਗਾ ਪੰਜਾਬ ਬਣਾਉਣ ਦਾ ਜਰੀਆ ਕਰੀਏ, ਇਹ ਹੀ ਸਾਡੀ ਕਾਮਨਾ ਹੈ।

# ਬ੍ਰੇਨ ਮੈਪਿੰਗ – ਦਿਮਾਗੀ ਕਿਰਿਆ ਦਾ ਮੁਲਾਂਕਣ



ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋ : 78374-90309
ਪੰਜਾਬ ਮੇਲ USA



ਬ੍ਰੇਨ ਮੈਪਿੰਗ ਨਿਊਰੋ ਸਾਇੰਸ ਦੀ ਇੱਕ ਤਕਨੀਕ ਹੈ, ਜਿਸ ਦੇ ਰੇਖਾ-ਚਿੱਤਰ (ਵਿਜ਼ੂਅਲ ਮੈਪ) ਰਾਹੀਂ ਦਿਮਾਗੀ ਕਿਰਿਆ ਸਮਝ ਸਕਦੇ ਹਾਂ। ਇਨ੍ਹਾਂ ਸਿਗਨਲਾਂ ਅਤੇ ਤਰੰਗਾਂ ਦੁਆਰਾ ਪਤਾ ਲਗਇਆ ਜਾਂਦਾ ਹੈ ਕਿ ਕੀ ਦਿਮਾਗ ਸਾਧਾਰਨ ਤਰੀਕੇ ਨਾਲ ਕੰਮ ਕਰ ਰਿਹਾ ਹੈ ਜਾਂ ਨਹੀਂ। ਇਸ ਦੀ ਵਰਤੋਂ ਡਾਕਟਰ ਅਤੇ ਵਿਗਿਆਨੀ ਨਿਊਰੋਨ ਸਿਗਨਲਾਂ ਦਾ ਮੁਲਾਂਕਣ ਕਰਨ ਲਈ ਕਰਦੇ ਹਨ। ਨਿਊਰੋਨ ਦਿਮਾਗ ਦੇ ਉਹ ਸੈੱਲ ਹੁੰਦੇ ਹਨ, ਜੋ ਸਿਗਨਲ ਭੇਜਦੇ ਅਤੇ ਪ੍ਰਾਪਤ ਕਰਦੇ ਹਨ। ਇਹ ਬ੍ਰੇਨ ਦਾ ਡੇਟਾ ਇਕੱਠਾ ਕਰਨ ਦਾ ਤਰੀਕਾ ਹੈ। ਦਿਮਾਗ ਦੀ ਗਤੀਵਿਧੀ ਨੂੰ ਮਨੁੱਖ ਦੇ ਮਾਨਸਿਕ ਪੱਖ ਨਾਲ ਜੋੜ ਕੇ ਅਸਲ ਸਥਿਤੀ ਨੂੰ ਜਾਣਿਆ ਜਾ ਸਕਦਾ ਹੈ।

ਇਸ ਟੈਸਟ ਨੂੰ ਪੀ-300 ਵੀ ਕਿਹਾ ਜਾਂਦਾ ਹੈ। ਜਿਸ ਵਿਚ ਪਹਿਲਾਂ ਵਿਅਕਤੀ ਤੋਂ ਪੁੱਛ-ਗਿੱਛ ਕਰਕੇ ਘਟਨਾ ਦੇ ਵੇਰਵੇ ਦਾ ਪਤਾ ਲਗਾਇਆ ਜਾਂਦਾ ਹੈ। ਜਦੋਂ ਕੋਈ ਠੋਸ ਸਬੂਤ ਨਹੀਂ ਮਿਲਦਾ। ਫਿਰ ਅਜਿਹੇ ਕੇਸ ਦੇ ਵਿਸ਼ੇ ਨੂੰ ਪ੍ਰਸ਼ਨ ਸੂਚੀ ਵਿਚ ਢਾਲਦੇ ਹਨ। ਬ੍ਰੇਨ ਮੈਪਿੰਗ ਟੈਸਟ ਲਈ ਤਿੰਨ ਤਰੀਕੇ ਹਨ। ਪਹਿਲੇ ਵਿਚ ਨਿਰਪੱਖ ਸ਼ਬਦਾਂ ਨਾਲ, ਜਿਨ੍ਹਾਂ ਦਾ ਕੇਸ ਨਾਲ ਕੋਈ ਸਿੱਧਾ ਸਬੰਧ ਨਹੀਂ ਹੁੰਦਾ। ਦੂਸਰਾ, ਜਿਸ ਨਾਲ ਲੁਕੀ ਹੋਈ ਜਾਣਕਾਰੀ ਦਾ ਪਤਾ ਲਗਾ ਘਟਨਾਵਾਂ ਨੂੰ ਜਾਨਣ ਦਾ ਮੌਕਾ ਮਿਲੇ। ਤੀਸਰੇ ਭਾਗ ਵਿਚ ਖੋਜਾਂ ਤੇ ਆਧਾਰਿਤ ਪ੍ਰਸ਼ਨ ਪੁੱਛਦੇ ਹਨ। ਇਸ ਟੈਸਟ 32 ਚੈਨਲ EEG-ERP ਨਿਊਰੋ ਸਕੈਨ ਕੋਡਿੰਗ ਸਿਸਟਮ ਰਾਹੀਂ ਜਵਾਬ ਪ੍ਰਾਪਤ ਕੀਤੇ ਜਾਂਦਾ ਹੈ। ਵਿਅਕਤੀ ਅੱਖਾਂ ਬੰਦ ਕਰਕੇ ਬੈਠਦਾ ਹੈ। ਇਲੈਕਟ੍ਰੋਡਸ ਨੂੰ ਸਿੱਧੇ ਤੌਰ 'ਤੇ ਖੋਪੜੀ ਦੇ ਉੱਪਰ ਰੱਖਿਆ ਜਾਂਦਾ ਹੈ। ਜਿਸ ਵਿਚ ਕਈ ਸੈਂਸਰ ਅਤੇ ਇਲੈਕਟ੍ਰਾਨਿਕ ਉਪਕਰਨ ਹੁੰਦੇ ਹਨ, ਜੋ ਦੋਸ਼ੀ ਦੇ ਅਪਰਾਧ ਨਾਲ ਜੁੜੀਆ ਘਟਨਾ ਦੀਆਂ ਤਸਵੀਰਾਂ ਅਤੇ ਆਵਾਜ਼ਾਂ ਸੁਣਨ ਸਮੇਂ ਦੀ ਪ੍ਰਤੀਕ੍ਰਿਆ ਨੂੰ ਉਲੀਕਦੇ ਹਨ। ਸੈਂਸਰ ਦਿਮਾਗੀ ਗਤੀਵਿਧੀ ਦੀ ਨਿਗਰਾਨੀ ਨੂੰ ਪੀ 300 ਤਰੰਗਾਂ ਨਾਲ ਰਿਕਾਰਡ ਕਰਦਾ ਹੈ। ਇਹ ਤਰੰਗਾਂ ਉਦੋਂ ਹੀ ਪੈਦਾ ਹੁੰਦੀਆਂ ਹਨ, ਜਦੋਂ ਮੁਲਜ਼ਮ ਦਾ ਉਨ੍ਹਾਂ ਤਸਵੀਰਾਂ ਅਤੇ ਆਵਾਜ਼ਾਂ ਨਾਲ ਕੋਈ ਸਬੰਧ ਹੁੰਦਾ ਹੈ। ਨਿਰਦੋਸ਼ ਵਿਅਕਤੀ ਆਵਾਜ਼ਾਂ ਅਤੇ ਤਸਵੀਰਾਂ ਨੂੰ ਪਛਾਣਨ ਤੋਂ ਅਸਮਰੱਥ ਹੁੰਦੇ ਹਨ, ਪਰ ਦੋਸ਼ੀ ਉਨ੍ਹਾਂ ਨੂੰ ਪਛਾਣਨ ਸਮੇਂ ਦਿਮਾਗੀ ਕਿਰਿਆ ਦੀ ਤੀਬਰ ਹਲਚਲ, ਮਾਨਸਿਕ ਤੇ ਸਰੀਰਕ ਭਾਸ਼ਾ ਦੇ ਵੱਖਰੇ ਚਿੰਨ੍ਹ ਉਭਰਦੇ ਹਨ। ਜੋ ਸਬੂਤ ਇਕੱਠੇ ਕਰਨ ਵਿਚ ਮਦਦਗਾਰ ਬਣਦੇ ਹਨ। ਇਹ ਟੈਸਟ ਕਰਵਾਉਣ ਵਾਲੇ ਵਿਅਕਤੀ ਦੀ ਅਪਰਾਧੀ ਬਿਰਤੀ ਦੇ ਭੇਦ ਖੁੱਲ੍ਹਦਾ ਹੈ, ਜਿਸ ਬਾਰੇ ਉਸ ਤੋਂ ਪਹਿਲੀ ਸਟੇਜ 'ਤੇ ਪੁੱਛਗਿੱਛ ਕੀਤੀ ਗਈ ਸੀ। ਉਕਤ ਟੈਸਟ ਵਿਚ ਝੂਠ ਜਾਂ ਸੱਚਾਈ ਬਾਰੇ ਪਤਾ ਲਗਾਉਣ ਦਾ ਤਰੀਕਾ ਨਹੀਂ। ਇਸ ਦੀ ਮਦਦ ਨਾਲ ਦੋਸ਼ੀ ਦੇ ਸੰਕੇਤਕ ਬਦਲਾਓ ਦੇ ਅਧਿਐਨ ਨਾਲ ਗੁਨਾਹ ਦੇ ਤੱਥਾਂ ਬਾਰੇ ਪਤਾ ਲਗਾਇਆ ਜਾ ਸਕੇ।

ਜਦੋਂ ਵਿਅਕਤੀ ਜਾਂਚ ਦੌਰਾਨ ਸੱਚ ਨਹੀਂ ਦੱਸਦਾ ਤਾਂ ਸੁਭਾਵਿਕ ਹੈ ਕਿ ਉਹ ਆਪਣੀ ਮਰਜ਼ੀ ਨਾਲ ਟੈਸਟ ਦੀ ਸਹਿਮਤੀ ਵੀ ਨਹੀਂ ਦੇਵੇਗਾ। ਉਸ ਨੂੰ ਡਰ ਰਹਿੰਦਾ ਹੈ ਕਿ ਜੇਕਰ ਟੈਸਟ ਕਰਵਾਇਆ, ਤਾਂ ਉਸ ਦੇ ਵਿਰੁੱਧ ਵੀ ਹੋ ਸਕਦਾ ਹੈ। ਇਸ ਲਈ ਉਹ ਸਹਿਮਤੀ ਦੇਣ ਲਈ ਨਹੀਂ ਹੈ। ਇੱਥੋਂ ਤੱਕ ਕਿ ਕਿਸੇ ਵਿਅਕਤੀ/ਮੁਲਜ਼ਮ ਤੋਂ ਇਹ ਉਮੀਦ ਨਹੀਂ ਕੀਤੀ ਜਾਂਦੀ ਕਿ ਉਹ ਬ੍ਰੇਨ ਮੈਪਿੰਗ ਟੈਸਟ ਲਈ ਸਹਿਮਤੀ ਦੇਵੇਗਾ, ਜਦੋਂ ਉਹ ਸੱਚਾਈ ਸਾਹਮਣੇ ਨਹੀਂ ਆਇਆ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਬ੍ਰੇਨ ਮੈਪਿੰਗ ਟੈਸਟ ਜਾਂਚ ਦਾ ਇੱਕ ਵਿਗਿਆਨਕ ਤਰੀਕਾ ਹੈ ਅਤੇ ਜਾਂਚ ਦਾ ਹਿੱਸਾ ਹੈ। ਦੋਸ਼ੀ ਦਾ ਨਾਰਕੋ ਟੈਸਟ ਕਰਵਾਉਣ ਤੋਂ ਪਹਿਲਾਂ ਉਸ ਦੀ ਮਾਨਸਿਕ ਤੰਦਰੁਸਤੀ ਦਾ ਪਤਾ ਲਗਾਇਆ ਜਾਵੇਗਾ ਅਤੇ ਉਸ ਤੋਂ ਬਾਅਦ ਹੀ ਦੋਸ਼ੀ ਦਾ ਨਾਰਕੋ ਵਿਸ਼ਲੇਸ਼ਣ ਟੈਸਟ ਕੀਤਾ ਜਾ ਸਕਦਾ ਹੈ। ਕਿਸੇ ਵਿਅਕਤੀ ਨੂੰ ਹਿਪਨੋਟਿਕ ਪੜਾਅ 'ਤੇ ਲਿਜਾਣ ਲਈ ਸਹੀ ਮਾਤਰਾ ਵਿਚ ਦਵਾਈ ਦਿੱਤੀ ਜਾਂਦੀ ਹੈ। ਉਕਤ ਟੈਸਟ ਵਿਚ ਵਰਤੀ ਗਈ ਦਵਾਈ ਦੀ ਮਾਤਰਾ ਦਾ ਪ੍ਰਪੱਕ ਹੋਣਾ ਟੈਸਟ ਦੀ ਸਫਲਤਾ ਦਾ ਪਹਿਲਾ ਕਦਮ ਹੈ। ਇਸ ਨਾਲ ਸਰੀਰ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ। ਜਾਂਚ ਦੇ ਸਮੇਂ ਡਾਕਟਰੀ ਮਾਹਿਰਾਂ ਦੁਆਰਾ ਲੋੜੀਂਦੀਆਂ ਸਾਵਧਾਨੀਆਂ ਵਰਤਦੇ ਹਨ ਅਤੇ ਅਜਿਹੇ ਟੈਸਟ ਕਰਵਾਉਣ/ਕਰਨ ਸਮੇਂ ਡਾਕਟਰ ਅਤੇ ਅਨਸਥੀਸਿਸਟ ਮਾਹਿਰ ਮੌਜੂਦ ਹੁੰਦੇ ਹਨ।

ਭਾਰਤ ਦੇ ਸੰਵਿਧਾਨ ਦੇ ਅਨੁਛੇਦ 20 (3) ਦੇ ਤਹਿਤ ਗਾਰੰਟੀਸ਼ੁਦਾ ਸੁਰੱਖਿਆ ਨੂੰ ਖਤਮ ਨਹੀਂ ਕੀਤਾ ਜਾ ਸਕਦਾ। 2010 ਵਿਚ, ਸੁਪਰੀਮ ਕੋਰਟ ਦੇ ਇੱਕ ਫੈਸਲੇ ਵਿਚ ਕਿਹਾ ਗਿਆ ਸੀ ਕਿ ਦੋਸ਼ੀ, ਸ਼ੱਕੀ ਅਤੇ ਅਪਰਾਧ ਦੇ ਗਵਾਹਾਂ ਦੋਸ਼ੀ ਨਾਰਕੋ ਅਨਾਲਿਸਿਸ, ਬ੍ਰੇਨ ਮੈਪਿੰਗ ਅਤੇ ਪੌਲੀਗ੍ਰਾਫ ਟੈਸਟਾਂ ਦੀ ਵਰਤੋਂ ਸਹਿਮਤੀ ਤੋਂ ਬਿਨਾਂ ਗੈਰ-ਸੰਵਿਧਾਨਕ ਹੈ। ਸਰਵਉੱਚ ਅਦਾਲਤ ਨੇ ਇਕ ਹੋਰ ਫੈਸਲਾ ਕਰਦਿਆ ਕਿਹਾ, ਕਿ ਸ਼ੱਕੀ ਵਿਅਕਤੀ ਦਾ ਪੌਲੀਗ੍ਰਾਫ਼ ਅਤੇ ਬ੍ਰੇਨ ਮੈਪਿੰਗ ਮਨੋਵਿਗਿਆਨਕ ਮੁਲਾਂਕਣ ਨਿਸ਼ਚਿਤ ਰੂਪ ਤੋਂ ਇੱਕ ਮਹੱਤਵਪੂਰਨ ਸਹਾਈ ਕਿਰਿਆ ਹੈ, ਹਾਲਾਂਕਿ ਇਹ ਕਿਸੇ ਵੀ ਮਾਮਲੇ ਵਿਚ ਕਿਸੇ ਵੀ ਵਿਅਕਤੀ ਨੂੰ ਦੋਸ਼ੀ ਠਹਿਰਾਉਣ ਲਈ ਕਾਫ਼ੀ ਨਹੀਂ ਹੈ।

**ਜਸਵੰਤ ਸਿੰਘ ਕੰਵਲ (27 ਜੂਨ 1919-01 ਫਰਵਰੀ 2020), ਇੱਕ ਸਦੀ ਤੋਂ ਵੱਧ ਉਮਰ ਭੋਗ ਕੇ ਇਕ ਫਰਵਰੀ 2020 ਨੂੰ ਸਵਰਗ ਸਿਧਾਰ ਗਏ। 27 ਜੂਨ ਉਨ੍ਹਾਂ ਦਾ ਜਨਮ ਦਿਨ ਐ। ਕੰਵਲ ਸਾਹਿਬ ਹੋਰਾਂ ਨਾਲ ਇਕ ਪੁਰਾਣੀ ਮੁਲਾਕਾਤ, ਜੋ ਲੇਖਕ (ਸਤਵੀਰ ਸਿੰਘ ਚਾਨੀਆਂ) ਵੱਲੋਂ ਕੀਤੀ ਗਈ ਸੀ, ਉਨ੍ਹਾਂ ਦੀ ਯਾਦ ਨੂੰ ਸਮਰਪਤ ਹੂ-ਬ-ਹੂ, ਪਾਠਕਾਂ ਦੀ ਨਜ਼ਰ ਕੀਤੀ ਜਾਂਦੀ ਆ:-**

## ਜਨਮ ਦਿਨ 'ਤੇ ਵਿਸ਼ੇਸ਼

# ਪੰਜਾਬੀ ਸਾਹਿਤ ਦੇ ਭੀਸ਼ਮ ਪਿਤਾਮਾ "ਜਸਵੰਤ ਸਿੰਘ ਕੰਵਲ"





ਜਸਵੰਤ ਗਿੱਲ, ਜਸਵੰਤ ਸਿੰਘ ਕੰਵਲ

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



**ਸ- ਕੰਵਲ ਸਾਹਿਬ ਆਪਣੇ ਪਰਿਵਾਰ ਬਾਰੇ ਮੋਟੀ-ਮੋਟੀ ਜਾਣਕਾਰੀ ਦਿਓ ?**

ਜ- 27 ਜੂਨ, 1919 ਦਾ ਜਨਮ ਐ ਮੇਰਾ। 3 ਭਰਾ ਤੇ 3 ਭੈਣਾਂ ਹੋਏ ਆਂ ਅਸੀਂ। 5 ਕੁ ਸਾਲ ਉਮਰ ਸੀ ਮੇਰੀ, ਜਦ ਬਾਪ ਮ੍ਹਾਲਾ ਸਿੰਘ ਚੜ੍ਹਾਈ ਕਰ ਗਿਆ। ਮੇਰੀ ਸ਼ਾਦੀ 1943 ਵਿਚ ਬੀਬੀ ਮੁਖਤਿਆਰ ਕੌਰ ਨਾਲ ਹੋਈ। ਸਾਡੇ ਘਰ ਚਾਰ ਬੇਟੀਆਂ ਤੇ ਇਕ ਪੁੱਤਰ ਨੇ ਜਨਮ ਲਿਆ।

**ਸ- ਲਿਖਣ ਦੀ ਚੇਟਕ ਤਹਾਨੂੰ ਕਿਵੇਂ ਲੱਗੀ ?**

ਜ- ਚੜ੍ਹਦੀ ਉਮਰੇ ਖਿਆਲ ਕੁੱਝ ਆਮ ਤੋਂ ਵੱਖਰਾ ਕਰ ਗੁਜ਼ਰਨ ਲਈ ਉਡਾਰੀਆਂ ਮਾਰਨ ਲੱਗਾ। ਸਕੂਲ ਉਮਰ ਤੋਂ ਹੀ ਗੈਰ ਸਿਲੇਬਸ ਦੀਆਂ ਕਿਤਾਬਾਂ ਪੜ੍ਹਨ ਦਾ ਅਵੱਲਾ ਸ਼ੌਂਕ ਪੈ ਗਿਆ। ਉਸ ਵਕਤ ਮਿੱਤਰਾਂ ਨੂੰ ਖਤ ਲਿਖਣ ਦੀ ਬੜੀ ਦਿਲਚਸਪੀ ਸੀ। ਮੇਰੇ ਖਤ ਲਿਖਣ ਦੀ ਕਲਾ ਨੂੰ ਵੇਖ ਕੇ ਮਿੱਤਰਾਂ ਨੇ ਸਾਹਿਤ ਵੱਲ ਮੋੜਾ ਪਾਉਣ ਲਈ ਪ੍ਰੇਰਿਆ। ਚੜ੍ਹਦੀ ਜਵਾਨੀ ਮਲਾਇਆ ਰੁਜ਼ਗਾਰ ਦੀ ਭਾਲ ਵਿਚ ਗਿਆ। ਉਥੇ ਗੁਰਦੁਆਰਾ ਸਾਹਿਬ ਵਿਚ, ਗੁਰਪੁਰਬ ਸਮੇਂ ਬੈਂਤ ਛੰਦ ਵਿਚ ਲਿਖੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਕਵਿਤਾ ਪੜ੍ਹੀ। ਸੰਗਤ ਵਲੋਂ ਭਰਪੂਰ ਦਾਦ ਦਿੱਤੀ, ਜਿਸ ਵਜ੍ਹਾ ਕਰਕੇ ਮੈਨੂੰ ਹੋਰ ਉਤਸ਼ਾਹ ਮਿਲਿਆ। ਉਥੇ ਹੀ ਮੇਰੇ ਦੋਸਤਾਂ ਨੇ ਮੈਨੂੰ 'ਕੰਵਲ' ਤਖ਼ੱਲਸ ਦਿੱਤਾ। ਕਿਤਾਬਾਂ ਨਾਲ ਇਸ਼ਕ, ਇਸ ਕਦਰ ਸੀ ਮੈਨੂੰ ਕਿ ਜਦ ਦਿਲ ਕੀਤਾ, ਤਾਂ ਢੁੱਡੀਕੇ ਤੋਂ 6 ਆਨੇ 'ਚ ਟਾਂਗਾ ਫੜ ਕੇ ਮੋਗਾ ਤੇ ਮੋਗਿਓਂ 14 ਆਨੇ ਵਿਚ ਮਾਲਵਾ ਬੱਸ ਫੜ ਕੇ ਲਾਹੌਰ ਚਲੇ ਜਾਣਾ। ਲਾਹੌਰ 3 ਘੰਟੇ ਸਟੇਅ ਹੁੰਦਾ ਸੀ ਤਦੋਂ। ਬਾਜ਼ਾਰ ਘੁੰਮਣਾ ਤੇ ਕਿਤਾਬਾਂ ਖਰੀਦ ਕੇ ਉਸੇ ਬੱਸੇ ਸ਼ਾਮ ਢਲੇ, ਘਰ ਆ ਪਹੁੰਚਣਾ। ਵਾਰਿਸ ਸ਼ਾਹ ਦੀ ਹੀਰ ਨੇ ਬਹੁਤਾ ਤੇ ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਨੇ ਵੀ ਪ੍ਰਭਾਵਿਤ ਕੀਤਾ ਮੈਨੂੰ।

**ਸ- ਮਲਾਇਆ ਦਾ ਜ਼ਿਕਰ ਕੀਤਾ ਤੁਸਾਂ, ਤਾਂ ਮਲਾਇਆ ਨਾਲ ਜੁੜੇ ਆਪਣੇ ਪਹਿਲੇ ਪ੍ਰੇਮ ਪ੍ਰਸੰਗ ਬਾਰੇ ਵੀ ਰੌਸ਼ਨੀ ਪਾਓ ?**

ਜ- ਉਥੇ ਗੁਆਂਢ 'ਚ ਚੀਨੀ ਪਰਿਵਾਰ ਰਹਿੰਦਾ ਸੀ ਮੇਰੇ। ਉਸ ਘਰ ਮੇਰੀ ਹਮ ਉਮਰ ਲੜਕੀ ਸੀ। ਅਸੀਂ ਇਕ ਦੂਜੇ ਵੱਲ ਖਿੱਚੇ ਗਏ। ਤਦੋਂ ਉਹਦੇ ਘਰ ਕਾਫੀ ਆਉਣ-ਜਾਣ ਹੋ ਗਿਆ। ਅਫਸੋਸ ਕਿ ਉਹ ਮੇਰੀ ਅਤੇ ਮੈਂ, ਉਨ੍ਹਾਂ ਦੀ ਭਾਸ਼ਾ ਨਹੀਂ ਸਮਝਦਾ ਸਾਂ। ਉਸ ਮੇਰੇ ਨਾਲ ਵਿਆਹ ਦਾ ਪ੍ਰਸਤਾਵ ਰੱਖਿਆ ਪਰ ਘਰੇਲੂ ਮਜਬੂਰੀ ਕਰਕੇ ਮੈਨੂੰ ਵਾਪਸ ਪਿੰਡ ਆਉਣਾ ਪਿਆ। ਕੁਝ ਸਾਲਾਂ ਬਾਅਦ ਜਦ ਮੇਰਾ ਮੁੜ ਗੇੜਾ ਲੱਗਾ, ਤਾਂ ਉਹ ਪਰਿਵਾਰ ਕਿਧਰੇ ਹੋਰ ਸ਼ਿਫਟ ਹੋ ਚੁੱਕਾ ਸੀ। ਇਸ ਤਰ੍ਹਾਂ ਮੇਰੀ ਪਹਿਲੀ ਮੁਹੱਬਤ ਇਕ ਅਧੂਰੀ ਸਤਰ ਦੀ ਤਰ੍ਹਾਂ ਰਹੀ।

**ਸ- ਸਭ ਤੋਂ ਪਹਿਲੀ ਕਿਤਾਬ ਛਪਣ ਦਾ ਸਬੱਬ ਕਿਵੇਂ ਬਣਿਆਂ ?**

ਜ- 1937 ਦੇ ਕਰੀਬ ਕੁੱਝ ਲਿਖਤਾਂ ਦਾ ਖਰੜਾ ਤਿਆਰ ਕਰਕੇ ਅੰਬਰਸਰ ਇਕ ਪ੍ਰਕਾਸ਼ਕ ਪਾਸ ਜਾ ਹਾਜ਼ਰ ਹੋਇਆ। ਉਹ ਮੇਰਾ ਕੱਚਾ ਖਰੜਾ ਪੜ੍ਹ ਕੇ ਮੁਤਾਸਰ ਹੋਣੋਂ ਨਾ ਰਹਿ ਸਕਿਆ। ਮੇਰੀ ਲਿਖਣ ਕਲਾ ਦੀ ਬੜੀ ਸਿਫਤ ਹੋਈ। ਉਸ ਨੇ ਮੈਨੂੰ ਕੋਲ ਬਿਠਾ ਕੇ ਪੇਂਡੂ ਜੀਵਨ ਉੱਪਰ ਇਕ ਨਾਵਲ ਲਿਖਣ ਲਈ ਉਤਸ਼ਾਹਤ ਕੀਤਾ। ਪ੍ਰਕਾਸ਼ਕ ਨੇ ਮੇਰੇ ਉਸ ਕੱਚੇ ਖਰੜੇ ਨੂੰ 'ਜੀਵਨ ਕਣੀਆਂ' ਸਿਰਲੇਖ ਹੇਠ ਛਾਪ ਦਿੱਤਾ।

**ਸ- ਕਹਾਣੀ ਤੋਂ ਨਾਵਲ ਵੱਲ ਕਿਵੇਂ ਮੋੜਾ ਪਿਆ ?**

ਜ- ਘੋਨਾ ਸਿੰਘ ਨਾਮੇ ਮੇਰੇ ਮਾਮਾ ਜੀ ਪਹਿਲੀ ਸੰਸਾਰ ਜੰਗ ਵੇਲੇ ਅੰਗ੍ਰੇਜੀ ਫ਼ੌਜ ਵਲੋਂ ਅਰਬ ਦੀ ਲਾਮ 'ਤੇ ਗਏ ਅਤੇ ਜ਼ਖ਼ਮੀ ਹੋਣ ਉਪਰੰਤ ਘਰ ਆਏ। ਗੋਰਾ ਸਰਕਾਰ ਨੇ ਉਨ੍ਹਾਂ ਨੂੰ ਦੋ ਮੁਰੱਬੇ ਮਿੰਟਗੁਮਰੀ ਜ਼ਿਲ੍ਹੇ ਦੇ ਚੱਕ ਨੰ:77 ਵਿਚ ਅਲਾਟ ਕਰਤੇ। ਮੈਂ ਵੀ ਉਨ੍ਹਾਂ ਪਾਸ ਉਥੇ ਕਈ ਵਾਰ ਮਹੀਨਾ-ਮਹੀਨਾ ਜਾ ਕੇ ਰਹਿ ਆਉਂਦਾ। ਮੁੰਡਿਆਂ ਨਾਲ ਵਾਲੀਬਾਲ ਖੇਡਦਾ। ਖੇਡ-ਖੇਡ ਵਿਚ ਹੀ ਇਕ ਹਮ ਉਮਰ ਮੁੰਡਾ ਮੇਰਾ ਗੂੜ੍ਹਾ ਬੇਲੀ ਬਣ ਗਿਆ। ਮੌਕੇ ਦੀ ਹਕੂਮਤ ਨੇ ਉਸ ਨੂੰ ਇਕ ਝੂਠੇ ਕਤਲ ਕੇਸ ਵਿਚ ਫਾਂਸੀ ਚਾੜ੍ਹ ਦਿੱਤਾ। ਮਾਨੋ ਇਸ ਘਟਨਾ ਨੇ ਹੀ ਮੈਨੂੰ ਨਾਵਲਕਾਰ ਬਣਾ ਦਿੱਤਾ।

**ਸ- ਪਾਠਕ ਸੁਣਨਾ ਚਾਹੁੰਣਗੇ ਕਿ ਕਹਾਣੀ ਕੀ ਸੀ ?**

ਜ- ਘੁਮਿਆਰਾਂ ਦੀ ਕੁੜੀ ਨਾਲ ਵੈਲੀ ਮੁੰਡੇ ਨੇ ਜ਼ਿਆਦਤੀ ਕੀਤੀ। ਉਸ ਲੜਕੇ ਦਾ ਬਾਪ ਬੜੀ ਇੱਜ਼ਤ ਵਾਲਾ ਅਤੇ ਕਿਸੇ ਜੱਜ ਦਾ ਸਹਾਇਕ ਲੱਗਾ ਹੋਇਆ ਸੀ। ਮੇਰੇ ਖਿਡਾਰੀ ਮਿੱਤਰ ਨੇ ਉਸ ਲੜਕੇ ਨੂੰ ਉਸ ਦੇ ਬਾਪ ਦਾ ਹਵਾਲਾ ਦੇ ਕੇ ਸਮਝਾਇਆ। ਉਸ ਨਾਲ ਕੁੱਝ ਬੋਲ ਬੁਲਾਰਾ ਵੀ ਹੋਇਆ। ਕੁੜੀ ਦੇ ਭਰਾਵਾਂ ਨੇ ਕੁੱਝ ਹੋਰਾਂ ਦੀ ਸਲਾਹ ਨਾਲ ਮੁੰਡੇ ਨੂੰ ਮਾਰਨ ਤੋਂ ਪਹਿਲੇ ਉਸ ਦੇ ਬਾਪ ਨੂੰ ਮਾਰਨ ਦਾ ਫੈਸਲਾ ਕਰ ਲਿਆ। ਕਿਓਂ ਜੋ ਉਹ ਪਹੁੰਚ ਵਾਲਾ ਸੀ। ਇਕ ਦਿਨ ਸ਼ਾਮ ਨੂੰ ਮਿੰਟਗੁਮਰੀ ਤੋਂ ਨਹਿਰੀ ਸੜਕੇ ਸਾਈਕਲ 'ਤੇ ਪਿੰਡ ਵੱਲ ਆਉਂਦੇ 8 ਕਿ.ਮੀ. ਪਿੱਛੇ ਉਸ ਦੇ ਬਾਪ ਦੀ ਧੌਣ ਵੱਢ ਕੇ, ਕੁੜੀ ਦੇ ਭਰਾਵਾਂ ਨੇ ਧੜ ਨਹਿਰ ਵਿਚ ਸੁੱਟ ਦਿੱਤਾ। ਕੁੱਝ ਦਿਨ ਪਹਿਲਾਂ ਉਸ ਮੁੰਡੇ ਦੀ ਮੇਰੇ ਮਿੱਤਰ ਨਾਲ ਹੋਈ ਤਲਖ ਕਲਾਮੀ ਕਰਕੇ ਸ਼ੱਕ ਦੀ ਨਜ਼ਰੇ ਉਸ ਦਾ ਨਾਮ ਵੀ ਕਾਤਲਾਂ 'ਚ ਲਿਖਾ ਦਿੱਤਾ, ਜਿਸ 'ਤੇ ਉਸ ਨੂੰ ਫਾਂਸੀ ਹੋ ਗਈ।

ਮੈਂ ਇਸ ਦਰਦ ਨੂੰ 'ਸੱਚ ਨੂੰ ਫਾਂਸੀ' ਦੇ ਕੱਚੇ ਖਰੜੇ ਦੇ ਰੂਪ ਵਿਚ ਤਿਆਰ ਕਰਕੇ ਉਸੇ ਪ੍ਰਕਾਸ਼ਕ ਪਾਸ ਜਾ ਹਾਜ਼ਰ ਹੋਇਆ। ਇਸ ਤਰ੍ਹਾਂ ਇਹ ਮੇਰਾ ਪਹਿਲਾ ਨਾਵਲ ਛਪ ਗਿਆ।

**ਸ- ਤੁਸਾਂ ਉਸ ਸਮੇਂ ਕੁੱਝ ਸਮਾਂ ਸ਼੍ਰੋ.ਗੁ.ਪ੍ਰ. ਕਮੇਟੀ ਵਿਚ ਮੁਲਾਜ਼ਮਤ ਵੀ ਕੀਤੀ। ਉਸ ਬਾਰੇ ਦੱਸੋ ?**

ਜ- ਜਦ ਮੈਂ ਅੰਬਰਸਰ 'ਸੱਚ ਨੂੰ ਫਾਂਸੀ' ਦਾ ਖਰੜਾ ਪ੍ਰਕਾਸ਼ਕ ਨੂੰ ਪੜ੍ਹਨ ਲਈ ਦਿੱਤਾ, ਤਾਂ ਫਿਰ ਉਹ ਮੁਤਾਸਰ ਹੋਣੋਂ ਰਹਿ ਨਾ ਸਕਿਆ। ਉਹਨੇ ਉਹੀ ਖਰੜਾ ਤਦੋਂ ਸ਼੍ਰੋ.ਗੁ.ਪ੍ਰ. ਕਮੇਟੀ ਦੇ ਪ੍ਰਧਾਨ ਸਾਹਿਬ ਨੂੰ ਪੜ੍ਹਨ ਲਈ ਦਿੱਤਾ। ਉਸ ਦਾ ਨਾਮ ਤਾਂ ਮੈਨੂੰ ਯਾਦ ਨਹੀਂ। ਉਸ ਦੀ ਬੇਟੀ ਜਸਵੰਤ ਕੌਰ ਅੱਗੇ ਜਾ ਕੇ ਐੱਮ.ਐੱਲ.ਏ. ਬਣੀ, ਵੀ ਅੱਸ਼-ਅੱਸ਼ ਕਰ ਉੱਠਿਆ। ਉਸ ਨੇ ਮੈਨੂੰ ਚਿੱਠੀ ਲਿਖ ਕੇ ਉਚੇਚੀ ਪ੍ਰਸ਼ੰਸਾ ਕੀਤੀ ਅਤੇ ਛੇਤੀ ਮਿਲਣ ਲਈ ਕਿਹਾ। ਮੈਂ ਉਸੇ ਪ੍ਰਕਾਸ਼ਕ ਰਾਹੀਂ ਉਨ੍ਹਾਂ ਨੂੰ ਮਿਲਿਆ ਤੇ ਉਨ੍ਹਾਂ ਮੈਨੂੰ ਸ਼੍ਰੋ. ਕਮੇਟੀ ਵਿਚ 90 ਰੁ: ਪ੍ਰਤੀ ਮਾਹ 'ਤੇ ਕਲਰਕ ਗਰੇਡ ਮੁਲਾਜ਼ਮ ਭਰਤੀ ਕਰ ਲਿਆ। ਇਹੀ ਨਹੀਂ, ਨਾਵਲਕਾਰ ਨਾਨਕ ਸਿੰਘ ਵੀ 'ਸੱਚ ਨੂੰ ਫਾਂਸੀ' ਨਾਵਲ 'ਤੇ ਆਪਣੀ ਪ੍ਰਸੰਨਤਾ ਸਾਂਝੀ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਮੈਨੂੰ, ਉਚੇਚ ਮਿਲਣ ਆਏ।

**ਸ- ਸ਼੍ਰੋ. ਕਮੇਟੀ ਵਿਚ ਕਿੰਨਾ ਸਮਾਂ ਮੁਲਾਜ਼ਮਤ ਕੀਤੀ ?**

ਜ- ਮੁਲਾਜ਼ਮਤ ਤਾਂ ਮੈਂ ਥੋੜਾ ਸਮਾਂ ਹੀ ਕੀਤੀ। ਦਰਅਸਲ ਮੈਂ ਥੋੜਾ ਆਜ਼ਾਦ ਖਿਆਲ ਦਾ ਬੰਦਾ ਆਕਾਸ਼ ਵਿਚ ਉਡਾਰੀਆਂ ਭਰਨੀਆਂ ਲੋਚਦਾ ਸਾਂ। ਪਰ ਕਮੇਟੀ ਵਿਚ ਘੁਟਨ ਮਹਿਸੂਸ ਹੁੰਦੀ ਸੀ। ਰੌਲਿਆਂ ਵੇਲੇ ਜਦ ਪੋਠੋਹਾਰ 'ਚ ਫਿਰਕੂ ਦੰਗੇ ਸ਼ੁਰੂ ਹੋਏ, ਤਾਂ ਮੈਂ ਕਮੇਟੀ ਦੀ ਤਰਫੋਂ ਪੀੜਤਾਂ ਲਈ ਮਾਇਕ ਮਦਦ ਲੈ ਕੇ ਗਿਆ। ਮੀਰਪੁਰ ਦੀ ਛਾਉਣੀ 'ਚੋਂ ਕਮੇਟੀ ਵਾਲਿਆਂ ਹਥਿਆਰ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਨੂੰ ਆਪਣੀ-ਆਪਣੀ ਹਿਫਾਜ਼ਤ ਲਈ ਤਕਸੀਮ ਕਰਵਾਏ। ਮੈਂ ਕੁੱਝ ਇਹ ਤੇ ਕੁਝ ਹੋਰ ਕਾਰਨਾਂ ਕਰਕੇ ਉਹ ਮੁਲਾਜ਼ਮਤ ਛੱਡ ਦਿੱਤੀ।

**ਸ- ਸੰਨ 47 ਵਿਚ ਤੁਹਾਡੇ ਪਿੰਡ ਦੇ ਹਾਲਾਤ ਕਿੰਞ ਰਹੇ ?**

ਜ- ਮੇਰੇ ਪਿੰਡ ਮੁਸਲਮਾਨਾਂ ਦੀ ਗਿਣਤੀ ਮੁਕਾਬਲਤਨ ਘੱਟ ਸੀ ਪਰ ਫਿਰ ਵੀ ਜਿਸ ਦਾ ਹੱਥ ਕਿਧਰੇ ਪੈਂਦਾ, ਤਾਂ ਉਹ ਵਾਰ ਕਰ ਜਾਂਦਾ ਸੀ। ਆਲੇ-ਦੁਆਲੇ ਕਤਲੇਆਮ ਹੋਇਆ। ਗੁਆਂਢੀ ਪਿੰਡ ਮੱਦੋਕੇ ਕਾਫੀ ਮੁਸਲਿਮ ਮਾਰੇ ਗਏ ਪਰ ਉਹ ਜੋ ਵੀ ਸੀ, ਉਹ ਪਾਕਿ: ਦੇ ਇਲਾਕੇ 'ਚੋਂ ਹਿੰਦੂ ਸਿੱਖਾਂ ਦੇ ਹੋ ਰਹੇ ਕਤਲੇਆਮ ਦੇ ਵਿਰੋਧ ਵਿਚ ਹੀ ਸੀ। ਪਰ ਆਪਣੇ ਪਿੰਡ ਅਸੀਂ ਆਪਣਾ ਫਰਜ਼ ਨਿਭਾਇਆ। 14-15 ਗੱਭਰੂਆਂ ਦਾ ਦਸਤਾ ਉਨ੍ਹਾਂ 'ਤੇ ਪਹਿਰਾ ਰੱਖਦਾ ਅਤੇ ਕਿਸੇ ਮੁਸਲਿਮ ਭਰਾ ਨੂੰ ਆਂਚ ਨਹੀਂ ਆਉਣ ਦਿੱਤੀ। ਸਗੋਂ ਆਪਣੇ ਗੱਡਿਆਂ 'ਤੇ ਉਨ੍ਹਾਂ ਨੂੰ ਸਿਧਵਾਂ ਬੇਟ ਕੈਂਪ ਵਿਚ ਛੱਡ ਕੇ ਆਏ। ਇਹੀ ਨਹੀਂ, ਜਿੰਨਾਂ ਸਮਾਂ ਵੀ ਉਹ ਉਥੇ ਰਹੇ, ਰਸਦ ਪਾਣੀ ਅਤੇ ਪੱਠਾ-ਦੱਥਾ ਵੀ ਬਰਾਬਰ ਪਹੁੰਚਾਂਦੇ ਰਹੇ।

**ਸ- ਸੰਨ 47 ਵੇਲੇ ਦੀ ਹਿਜਰਤ ਸਬੰਧੀ ਹੋਰ ਬਿਆਨ ਕਰੋ ?**

ਜ- ਕੋਈ 14-15 ਘਰ ਮੁਸਲਮਾਨਾਂ ਦੇ ਸਨ। ਖ਼ੈਰਦੀਨ ਮੁਸਲਿਮ ਸਾਡਾ ਸੀਰੀ ਸੀ। ਹੈਦਰਾਬਾਦ ਤੋਂ 10 ਕੀ ਮੀਲ ਉਰਾਰ ਬੈਠਾ ਹੈ ਉਹ। ਕਾਜ਼ੀ ਦਾ ਬੇਟਾ ਉਮਰਦੀਨ ਸਾਡੇ ਅੰਦਰਲੇ ਘਰ ਦੇ ਨਾਲ ਦੁਕਾਨ ਕਰਦਾ ਸੀ। ਮੇਰੇ ਨਾਲ ਉਸ ਦੀ ਕਾਫੀ ਮੁਹੱਬਤ ਸੀ। ਇਹ, ਸੁਰਾਜਦੀਨ ਅਤੇ ਬੁੱਧੂ ਵੀ ਸਿੰਧ ਵਿਚ ਹੀ ਬੈਠੇ ਨੇ। ਮੈਂ ਦੋ ਦਫਾ ਉਨ੍ਹਾਂ ਨੂੰ ਓਧਰ ਮਿਲ ਆਇਐਂ। ਉਹ ਵੀ ਦੋ ਦਫਾ ਇਧਰ ਆ ਚੁੱਕੇ ਨੇ। 'ਕੱਠਿਆਂ ਕੌਡੀਆਂ ਖੇਡਣੀਆਂ, ਪਸ਼ੂ ਚਰਾਉਣਾ, ਟੋਭਿਆਂ 'ਤੇ ਨਹਾਉਣਾ। ਵਿਆਹ-ਸ਼ਾਦੀਆਂ 'ਤੇ ਵੀ ਇਕ ਦੂਜੇ ਦੇ ਆਉਂਦੇ-ਜਾਂਦੇ ਸਾਂ। ਕਰੀਬ ਸਾਰੇ ਮੁਸਲਿਮ ਹੀ ਆਰਥਿਕ ਤੌਰ 'ਤੇ ਕਮਜ਼ੋਰ ਹੀ ਸਨ। ਸੋ ਦਿਨ ਤਿਓਹਾਰ 'ਤੇ ਵਿੱਤ ਮੁਤਾਬਕ ਉਨ੍ਹਾਂ ਦੀ ਮਦਦ ਸਾਰੇ ਲੋਕ ਹੀ ਕਰਦੇ। ਭਲੇ ਦਿਨ ਸਨ ਉਹ ਵੀ।

**ਸ- 'ਰਾਤ ਬਾਕੀ ਹੈ' ਨਾਵਲ ਨੇ ਤੁਹਾਨੂੰ ਫਰਸ਼ ਤੋਂ ਚੁੱਕ ਕੇ ਅਰਸ਼ 'ਤੇ ਬਿਠਾ ਦਿੱਤਾ। ਕੀ ਕਹੋਗੇ ?**

ਜ-ਨਾਵਲ 'ਸੱਚ ਨੂੰ ਫਾਂਸੀ' ਤੋਂ ਬਾਅਦ ਮੇਰੀ ਕਲਮ ਕੁਝ ਸਮਾਂ ਸ਼ਾਂਤ ਰਹੀ। ਫਿਰ ਮੈਂ ਆਲੇ-ਦੁਆਲੇ ਦੇ ਹਾਲਾਤਾਂ ਤੋਂ ਪ੍ਰਭਾਵਤ ਹੋ ਕੇ 'ਪੂਰਨਮਾਸ਼ੀ' ਅਤੇ ਬਾਅਦ 'ਚ 'ਰਾਤ ਬਾਕੀ ਹੈ' ਨਾਵਲ ਲਿਖਿਆ, ਜਿਸ ਨੇ ਮੈਨੂੰ ਕੁੱਲ ਦੁਨੀਆਂ ਵਿਚ ਮਸ਼ਹੂਰ ਕਰਤਾ। ਇਸ ਉਪਰੰਤ ਮੇਰੀ ਕਲਮ ਨਿਰੰਤਰ ਚੱਲਦੀ ਰਹੀ। ਦੋ ਦਰਜਨ ਦੇ ਕਰੀਬ ਕਹਾਣੀਆਂ, ਨਾਵਲ ਅਤੇ ਨਿਬੰਧ ਦੀਆਂ ਕਿਤਾਬਾਂ ਲਿਖੀਆਂ। ਜਿਨ੍ਹਾਂ 'ਚੋਂ ਮਿੱਤਰ ਪਿਆਰੇ ਨੂੰ, ਤਾਰੀਖ ਵੇਖਦੀ ਹੈ, ਤੌਸ਼ਾਲੀ ਦੀ ਹੰਸੋ, ਪਾਲੀ ਅਤੇ ਲਹੂ ਦੀ ਲੋਅ ਨਾਵਲ ਖਾਸੇ ਮਕਬੂਲ ਹੋਏ। ਅਖਬਾਰਾਂ ਵਿਚ ਵੀ ਮੇਰੇ ਆਰਟੀਕਲ ਬਰਾਬਰ ਛਪਦੇ ਰਹੇ।

**ਸ- ਡਾਕਟਰ ਜਸਵੰਤ ਗਿੱਲ (ਤੁਹਾਡੀ ਦੂਜੀ ਪਤਨੀ ) 'ਰਾਤ ਬਾਕੀ ਹੈ ' ਦੀ ਦੇਣ ਹੈ। ਕੀ ਕਹੋਗੇ ?**

ਜ- 'ਰਾਤ ਬਾਕੀ ਹੈ', ਪੜ੍ਹ ਕੇ ਜਸਵੰਤ, ਮੇਰੀ ਲਿਖਣ ਸ਼ੈਲੀ ਅਤੇ ਸ਼ਖ਼ਸੀਅਤ 'ਤੇ ਬਹੁਤ ਮੁਤਾਸਰ ਹੋਈ। ਕੁੱਝ ਮੁਲਾਕਾਤਾਂ ਤੋਂ ਬਾਅਦ ਮੈਂ ਵੀ ਉਸ ਵੱਲ ਖਿੱਚਿਆ ਗਿਆ। ਆਖੀਰ ਅਸਾਂ ਦੋਹਾਂ 'ਕੱਠਿਆਂ ਰਹਿਣ ਦਾ ਫੈਸਲਾ ਕਰ ਲਿਆ। ਅਫਸੋਸ ਕਿ ਅਕਤੂਬਰ 1997 'ਚ ਕੁੱਝ ਸਮਾਂ ਬੀਮਾਰ ਰਹਿ ਕੇ ਉਹ ਚੱਲ ਵਸੀ।

**ਸ- 'ਐਨਿਆਂ 'ਚੋਂ ਉਠੇ ਕੋਈ ਸੂਰਮਾ' ਪੜ੍ਹ ਕੇ ਲੱਗਦੈ ਕਿ ਤੁਹਾਡੀ ਕਮਿਊਨਿਸਟ ਸੋਚ ਵਿਚ ਪਰਿਵਰਤਨ ਆ ਗਿਐ। ਕੀ ਕਹੋਗੇ ?**

ਜ-ਵਿਚਾਰਧਾਰਾ ਬਦਲਣ ਵਾਲੀ ਤਾਂ ਏਡੀ ਕੋਈ ਗੱਲ ਨਹੀਂ ਪਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਹਮੇਸ਼ਾਂ ਮੁਦੱਈ ਰਿਹੈਂ। ਤਬਾਹ ਹੁੰਦਾ ਪੰਜਾਬ ਮੈਂ ਵੇਖ ਨਹੀਂ ਸਕਦਾ। ਮੈਂ ਸਿੱਖ ਹਾਂ ਅਤੇ ਸਿੱਖ ਕਿਰਦਾਰ ਦਾ ਪ੍ਰਸ਼ੰਸਕ ਹਾਂ। ਸੈਂਟਰ ਪੰਜਾਬ ਦਾ ਸਕਾ ਨਹੀਂ ਅਤੇ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਨੇ ਵੋਟ ਰਾਜਨੀਤੀ ਕਰਕੇ ਪੰਜਾਬ ਨੂੰ ਹਾਲੋਂ ਬੇਹਾਲ ਕੀਤਾ ਹੋਇਐ। ਨਾਵਲ ਦਾ ਥੀਮ ਇਹੋ ਸੀ ਬਈ ਕੋਈ ਮਰਦ ਮੁਜਾਹਦ ਉਠੇ ਅਤੇ ਮੰਝਧਾਰ ਵਿਚ ਡੁੱਬਦੀ ਪੰਜਾਬ ਦੀ ਬੇੜੀ ਨੂੰ ਕੰਢੇ ਲਾਵੇ।

**ਸ-ਤੁਸੀਂ ਆਪਣੇ ਪਿੰਡ ਢੁੱਡੀਕੇ ਦੇ ਸਰਪੰਚ ਵੀ ਰਹੇ ਹੋ। ਕੁੱਝ ਯਾਦਾਂ ਸਾਂਝੀਆਂ ਕਰੋ ?**

ਜ- 1954 ਤੋਂ ਲਗਾਤਾਰ ਦੋ ਦਫਾ ਮੈਂ ਪਿੰਡ ਦਾ ਸਰਪੰਚ ਰਿਹੈਂ। ਸਰਕਾਰੀ ਸਕੂਲ ਅਪਗਰੇਡ, ਸਰਕਾਰੀ ਕਾਲਜ, ਲਾਇਬਰੇਰੀ, ਡਿਸਪੈਂਸਰੀ, ਪਿੰਡ ਦੀ ਫਿਰਨੀ ਅਤੇ ਲਿੰਕ ਸੜਕਾਂ ਬਣਵਾਈਆਂ। ਪਿੰਡ ਦੇ ਝਗੜੇ ਪਿੰਡ 'ਚ ਨਬੇੜਨ ਦੀ ਪਹਿਲਕਦਮੀ ਕੀਤੀ। ਮਿਹਨਤਕਸ਼ਾਂ ਅਤੇ ਕਿਰਸਾਨੀ ਦੇ ਹੱਕ ਵਿਚ ਸਦਾਂ ਹੀ ਭੁਗਤਿਐਂ।

**ਸ- ਕੁੱਝ ਮਾਣ-ਸਨਮਾਨ ਬਾਰੇ ਵੀ ਦੱਸੋ ?**

ਜ- ਮਾਣ ਸਨਮਾਨ ਤਾਂ ਅਨੇਕਾਂ ਮਿਲੇ ਹਨ। ਮੋਟੇ ਤੌਰ ਤੇ 'ਸ਼ਰੋਮਣੀ ਪੰਜਾਬੀ ਸਾਹਿਤ ਸਾਹਿਤਕਾਰ' ਅਵਾਰਡ। ਪਰ ਸਭ ਤੋਂ ਵੱਡਾ ਐਵਾਰਡ ਅਤੇ ਮਲਕੀਅਤ ਤਾਂ ਪਾਠਕਾਂ ਵਲੋਂ ਮਿਲੀ ਦਾਦ ਅਤੇ ਉਨ੍ਹਾਂ ਵਲੋਂ ਮਿਲੀਆਂ ਪ੍ਰਸ਼ੰਸਾ ਦੀਆਂ ਚਿੱਠੀਆਂ ਹੀ ਨੇ।

**ਸ-ਅੱਜਕੱਲ੍ਹ ਜ਼ਿੰਦਗੀ ਦੀ ਸ਼ਾਮ ਹੰਡਾਅ ਰਹੇ ਹੋ। ਕਿਵੇਂ ਲੱਗਦੈ ?**

ਜ- ਹੁਣ ਮੈਂ 98ਵੇਂ ਸਾਲ ਵਿਚ ਹਾਂ। ਜਜ਼ਬਾ ਤਾਂ ਉਹੀ ਆ ਪਰ ਸਰੀਰਕ ਤੌਰ 'ਤੇ ਉਹ ਬੱਲ ਨਾ ਰਿਹਾ। ਹਾਂ, ਸਾਹਿਤਕ ਅਤੇ ਪਰਿਵਾਰਕ ਸਫ਼ਰ ਤੋਂ ਸੰਤੁਸ਼ਟ ਹਾਂ। ਸਮਾਜ ਪ੍ਰਤੀ ਬਣਦੀ ਜ਼ਿੰਮੇਦਾਰੀ ਵੀ ਬਰਾਬਰ ਨਿਭਾਅ ਰਿਹੈਂ। 'ਪੁਨਿਆਂ ਦਾ ਚੰਨ' ਸਵੈ ਜੀਵਨੀ ਲਿਖ ਕੇ ਆਪਣਾ ਕਲਮੀ ਸਫਰ ਵੀ ਹੰਢਾਅ ਲਿਐ। ਬਸ ਇਕੋ ਰੀਝ ਬਾਕੀ ਹੈ ਕਿ ਪੰਜਾਬ ਦਾ ਭਲਾ ਲੋਚਦੈਂ। ਪੰਜਾਬੀ, ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਅੱਗੇ ਆਉਣ। ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੀ ਦਲਦਲ 'ਚੋਂ ਪੰਜਾਬ ਦੀ ਬੇੜੀ ਕੱਢਣ ਲਈ 'ਐਨਿਆਂ 'ਚੋਂ ਉਠੇ ਕੋਈ ਸੂਰਮਾ।'

**ਸ- ਨਵੀਂ ਸਵੇਰ (ਨਵੀਂ ਪੀੜ੍ਹੀ) ਲਈ ਕੋਈ ਸੁਨੇਹਾਂ ਦਿਓ ?**

ਜ- ਸਖਤ ਮਿਹਨਤ, ਅਨੁਸ਼ਾਸਨ ਅਤੇ ਸਵੈ ਵਿਸ਼ਵਾਸ ਦਾ ਪੱਲਾ ਫੜੀ ਰੱਖੋ। ਮੰਜ਼ਲ ਆਪੇ ਮਿਲ ਜਾਵੇਗੀ। ਤੁਹਾਡੇ ਮੋਢਿਆਂ 'ਤੇ ਦੇਸ਼ ਦਾ ਭਾਰ ਹੈ। ਸੋ ਕੌਮ ਅਤੇ ਵਤਨ ਪ੍ਰਸਤੀ ਦੀ ਭਾਵਨਾ ਨੂੰ ਪ੍ਰਬਲ ਕਰੋ।

# ਯੂਰਪੀ ਸੰਘ ਦੀਆਂ ਚੋਣਾਂ, ਸੱਜ ਪਿਛਾਖੜ ਦੀ ਜਿੱਤ ਖਤਰੇ ਦੀ ਘੰਟੀ

ਜਗਦੀਸ਼ ਸਿੰਘ ਚੋਹਕਾ
ਹੁਸ਼ਿਆਰਪੁਰ
91-92179-97445






ਸੰਸਾਰ ਆਰਥਿਕ ਵਾਧਾ ਦਰ ਬੜੀ ਤੇਜ਼ੀ ਨਾਲ ਹੇਠਾਂ ਵੱਲ ਜਾ ਰਹੀ ਹੈ। ਇਹ ਇਕ ਸਾਰਵਜਨਿਕ ਮੰਦੀ ਦਾ ਪ੍ਰਗਟਾਵਾ ਹੈ, ਜੋ ਪਿਛਲੇ 80 ਸਾਲਾਂ ਅੰਦਰ ਦੋ ਵਾਰੀ ਇਕ ਦਹਾਕੇ ਅੰਦਰ ਪਨਪ ਰਿਹਾ ਹੈ। ਸੰਸਾਰ ਬੈਂਕ ਦੀ ਰਿਪੋਰਟ ਅਨੁਸਾਰ 2023 ਦੌਰਾਨ ਸੰਸਾਰ ਵਿਕਾਸ ਵਾਧਾ ਦਰ 3.00 ਫੀਸਦੀ ਤੋਂ ਹੇਠਾਂ ਖਿਸਕ ਦੇ 1.7 ਫੀਸਦੀ ਆ ਗਈ ਹੈ। ਯੂਰਪੀ-ਸੰਘ ਦੀ ਵਾਧਾ ਦਰ ਜ਼ੀਰੋ ਫੀਸਦੀ ਜੋ 2023 'ਚ ਸਮਝੀ ਜਾਂਦੀ ਸੀ, ਦੌਬਾਰਾ ਦੂਹਰਾਈ ਬਾਅਦ 1.9 ਫੀਸਦੀ ਅੰਕ ਹੇਠਾਂ ਹੋਰ ਜਾਣ ਦੀ ਕਿਆਸਰਾਈ ਕੀਤੀ ਗਈ ਹੈ। ਉਪਰੋਕਤ ਸੰਸਾਰ ਆਰਥਿਕ ਰਿਪੋਰਟਾਂ ਅਨੁਸਾਰ ਮੰਦਾ ਹੋਰ ਭਿਆਨਕ ਰੂਪ ਧਾਰਨ ਕਰਕੇ, ਗਰੀਬੀ ਵਧੇਗੀ। ਕੌਮਾਂਤਰੀ ਕਿਰਤ ਸੰਸਥਾ ਦੀ ਸੰਸਾਰ ਰੁਜ਼ਗਾਰ ਤੇ ਸਮਾਜਿਕ ਆਲਾ-ਦੁਆਲਾ ਰਿਪੋਰਟ ਜਨਵਰੀ, 2023 ਅਨੁਸਾਰ ਕਿਰਤ ਮੰਡੀ ਅੰਦਰ 52-ਮਿਲੀਅਨਜ਼ ਪੂਰੀ ਦਿਹਾੜੀ ਵਾਲੇ ਕੰਮ-ਘੰਟਿਆਂ ਵਿਚ ਕਸਾਰਾ ਆਇਆ। ਕਿਰਤ-ਸ਼ਕਤੀ ਹਿੱਸੇਦਾਰੀ 1.2 ਫੀਸਦੀ ਤੋਂ ਹੇਠਾਂ ਹੀ ਰਹੇਗੀ। ਸੰਸਾਰ ਮੁਦਰਾ ਸਫੀਤੀ ਖੁਰਾਕੀ ਵਸਤਾਂ 'ਚ ਪਹਿਲਾ ਨਾਲੋਂ 14 ਫੀਸਦੀ ਉਪਰ ਜਾਵੇਗੀ। "ਆਕਸਫਾਮ" ਨੇ ਇਕ ਰਿਪੋਰਟ ਵਿਚ ਕਿਹਾ ਹੈ ਕਿ ਅਮੀਰ ਹੀ ਵੱਧਣ-ਫੁੱਲਣਗੇ, ਜੋ ਸੰਸਾਰ ਅੰਦਰ ਇਕ ਫੀਸਦੀ ਹੁੰਦੇ ਹੋਏ ਏਨੀ ਸੰਪਤੀ ਦੇ ਮਾਲਕ ਬਣ ਜਾਣਗੇ, ਜਿੰਨੀ 99 ਫੀਸਦੀ ਬਾਕੀ ਲੋਕਾਂ ਪਾਸ ਹੋਵੇਗੀ। ਸੰਸਾਰ ਪੂੰਜੀਵਾਦੀ ਸੰਕਟ ਹੋਰ ਗਹਿਰਾ ਹੋਣ ਕਾਰਨ ਬੇਰੁਜ਼ਗਾਰੀ, ਆਰਥਿਕ ਨਾ-ਬਰਾਬਰਤਾ ਅਤੇ ਗਰੀਬੀ 'ਚ ਵਾਧਾ ਹੋਣਾ ਵੀ ਲਾਜ਼ਮੀ ਹੈ। ਇਸ ਵਿਰੁੱਧ ਲੋਕ-ਰੋਹ ਵੀ ਪੈਦਾ ਹੋਣਾ ਲਾਜ਼ਮੀ ਹੈ।

ਯੂਰਪ ਅੰਦਰ ਵੀ ਜਿਉਂ-ਜਿਉਂ ਸੰਸਾਰ ਆਰਥਿਕਤਾ ਉਪਰ ਵਿੱਤੀ ਪੂੰਜੀ ਦੀ ਪਕੜ ਹੋਰ ਮਜ਼ਬੂਤ ਹੁੰਦੀ ਜਾਂਦੀ ਗਈ, ਸੰਸਾਰ ਪੂੰਜੀਵਾਦੀ ਸੰਕਟ ਵੀ ਉਥੇ ਵੱਧ ਰਿਹਾ ਹੈ। ਇਕ ਪਾਸੇ ਪੂੰਜੀਵਾਦੀ ਯੂਰਪੀ ਸਰਕਾਰਾਂ ਨੇ ਜਿਥੇ ਆਰਥਿਕ ਉਦਾਰੀਵਾਦੀ ਨੀਤੀਆਂ ਰਾਹੀਂ ਜਿਨ੍ਹਾਂ ਅਧੀਨ, ਪੂੰਜੀਪਤੀ ਅਤੇ ਘਰਾਣਿਆਂ ਨੂੰ ਅਥਾਹ ਮੁਨਾਫ਼ੇ ਕਮਾਉਣ ਲਈ ਹੁਣ ਖੁੱਲ੍ਹੀਆਂ ਛੋਟਾਂ ਹਨ। ਉਂਝ ਸਾਲ 1991 ਤੋਂ ਬਾਦ ਸੋਵੀਅਤ ਰੂਸ ਅਤੇ ਪੂਰਬੀ ਸਮਾਜਵਾਦੀ ਯੂਰਪੀ ਦੇਸ਼ਾਂ ਦੇ ਬਲਾਕ ਦੇ ਖੇਰੂ-ਖੇਰੂ ਹੋਣ ਤੋਂ ਪਹਿਲਾਂ ਜੋ ਕਦੀ ਯੂਰਪ ਦੇ ਦੇਸ਼ਾਂ ਅੰਦਰ ਅੱਧ-ਪਚੱਧੀਆਂ ਸਮਾਜਿਕ ਸੁਰੱਖਿਆ ਅਤੇ ਹੋਰ ਆਰਥਿਕ ਸਹੂਲਤਾਂ ਦਿੱਤੀਆਂ ਸਨ। ਹੁਣ ਇਕ-ਇਕ ਕਰਕੇ ਉਹ ਖੁਰ ਗਈਆਂ ਹਨ। ਭਾਵੇਂ ਯੂਰਪੀ ਯੂਨੀਅਨ ਦੇ 27 ਦੇਸ਼ਾਂ ਦੀ ਪਾਰਲੀਮੈਂਟ ਨੇ ਵੀ ਪਿਛਲੇ ਸਮੇਂ, 1-ਲੱਖ, 80 ਹਜ਼ਾਰ ਕਰੋੜ ਯੂਰੋ (22 ਖਰਬ ਡਾਲਰ) ਦੇ ਪੈਕੇਜ ਦਾ ਆਪਣੇ ਬਜਟ ਰਾਹੀਂ ਭੁਗਤਾਨ ਕੀਤਾ ਸੀ। ਪਰ ਇਸ ਪੈਕੇਜ ਨੇ ਕਿਰਤੀ ਲੋਕਾਂ ਅਤੇ ਮੱਧ-ਵਰਗ ਨੂੰ ਕੋਈ ਬਹੁਤਾ ਲਾਭ ਨਹੀਂ ਦਿੱਤਾ ਸੀ, ਸਗੋਂ ਇਹ ਵੱਡੇ ਕਾਰੋਬਾਰੀਆਂ ਅਤੇ ਵਿੱਤੀ-ਪੂੰਜੀ ਨੂੰ ਹੀ ਇਕ ਤੋਹਫਾ ਸਾਬਤ ਹੋਇਆ ਸੀ। ਇਹੀ ਕਾਰਨ ਹੈ ਕਿ ਯੂਰਪ ਦੀ ਵੱਡੀ ਗਿਣਤੀ ਵਿਚ ਲੋਕ ਉਥੋਂ ਦੀ ਸੱਜ-ਪਿਛਾਖੜ ਸੋਚ ਵਾਲੀਆਂ ਸੱਜੇ ਪੱਖੀ ਰਾਜਨੀਤਿਕ ਪਾਰਟੀਆਂ ਨਾਲ ਜੁੜੇ ਹਨ ਕਿਉਂਕਿ ਪ੍ਰਤੀਕਿਰਿਆ ਵਾਦੀ ਤਾਕਤਾਂ ਅਤੇ ਰਾਜਨੀਤੀ ਨੇ ਲੋਕਾਂ ਦੀਆਂ ਭਾਵਨੀਤਕ ਭਾਵਨਾਵਾਂ ਨੂੰ ਛੇਤੀ ਹੀ ਭੜਕਾਅ ਕੇ ਆਪਣੇ ਹਿੱਤ ਲਈ ਵਰਤਿਆ ਹੈ, ਜਿਸ ਦਾ ਪ੍ਰਗਟਾਵਾ 6-9 ਜੂਨ 2024 ਦੇ ਪਹਿਲੇ ਤੇ ਦੂਸਰੇ ਹਫਤੇ ਦੌਰਾਨ ਯੂਰਪੀ-ਸੰਘ ਦੀਆਂ ਚੋਣਾਂ ਅੰਦਰ ਹੋਇਆ ਹੈ। 27 ਦੇਸ਼ਾਂ ਦੀਆਂ ਵਿਭਾਜਨਕਾਰੀ, ਨਸਲਵਾਦੀ, ਅੰਧਰਾਸ਼ਟਰਵਾਦੀ, ਧਾਰਮਿਕ, ਕੱਟੜਵਾਦੀ ਤੇ ਸੰਕੀਰਣਵਾਦੀ ਪਾਰਟੀਆਂ ਮਜ਼ਬੂਤ ਹੋ ਕੇ ਅੱਗੇ ਆਈਆਂ। ਲੋਕਾਂ ਦਾ ਇਹ ਪ੍ਰਗਟਾਵਾ ਉਥੋਂ ਦੀਆਂ ਹਾਕਮ ਪਾਰਟੀਆਂ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਵੀ ਇਕ ਰੋਸ ਹੈ।

ਹਰ 5 ਸਾਲਾਂ (2019-2024) ਬਾਦ ਯੂਰਪੀ ਯੂਨੀਅਨ ਦੇ 27 ਦੇਸ਼ਾਂ ਵਲੋਂ 720 ਸੀਟਾਂ ਲਈ ਕੌਮੀ ਸੁਰੱਖਿਆ ਅਤੇ ਕੌਮਾਂਤਰੀ ਨੀਤੀਆਂ ਨੂੰ ਮੁੱਖ ਰੱਖਦੇ ਸੰਗਠਨ ਲਈ ਚੋਣਾਂ ਕਰਾਈਆਂ ਜਾਂਦੀਆਂ ਹਨ। ਇਸ ਵਾਰ ਇਹ ਚੋਣਾਂ 6-9 ਜੂਨ, 2024 ਤੱਕ ਹੋਈਆਂ ਅਤੇ ਇਨ੍ਹਾਂ ਚੋਣਾਂ ਅੰਦਰ ਧੁਰ ਸੱਜੇ ਪੱਖੀ ਰਾਜਨੀਤੀ ਨੇ ਸਫਲਤਾ ਪ੍ਰਾਪਤ ਕੀਤੀ ਹੈ। ਕੇਂਦਰੀ ਮੁੱਖ ਬਲਾਕ, 'ਸੱਜੀ ਯੂਰਪ ਲੋਕ ਪਾਰਟੀ (ਈ.ਪੀ.ਪੀ.) ਨੇ 26 ਫੀਸਦੀ ਅਤੇ 189 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ, ਜਿਸ ਪਾਸ ਪਹਿਲਾਂ 182 ਸੀਟਾਂ ਸਨ। ਕੇਂਦਰੀ ਐੱਸ. ਐਂਡ ਡੀ. ਨੇ 19 ਫੀਸਦੀ ਵੋਟਾਂ ਅਤੇ 135 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਧੁਰ ਸੱਜ-ਪਿਛਾਖੜ ਧੜਾ (ਈ.ਸੀ. ਐਂਡ ਆਰ.) ਨੇ 10 ਫੀਸਦੀ ਵੋਟਾਂ ਅਤੇ 76 ਸੀਟਾਂ ਹਥਿਆਈਆਂ। ਪ੍ਰੋ-ਯੂਰਪੀ ਤੇ ਪ੍ਰੋਗਰੈਸਿਵ ਖੱਬੇ-ਸੋਸਾ ਲਿਸਟ (ਆਰ.ਈ.) ਕੋਲੀਸ਼ਨ ਨੇ 11 ਫੀਸਦੀ ਵੋਟਾਂ ਅਤੇ 79 ਸੀਟਾਂ ਪ੍ਰਾਪਤ ਕੀਤੀਆਂ ਹਨ। ਗ੍ਰੀਨ ਪਾਰਟੀ ਫਰੀ ਅਲਾਇਸ (ਜੀ.ਈ.ਐੱਫ.ਏ.) ਨੂੰ 7 ਫੀਸਦੀ ਵੋਟਾਂ ਅਤੇ 53 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਹੈ। ਇਨ੍ਹਾਂ ਚੋਣਾਂ ਵਿਚ ਯੂਰਪ ਦੀ ਰਾਜਨੀਤੀ ਅੰਦਰ ਸੱਜ ਪਿਛਾਖੜ ਸੋਚ ਅਤੇ ਰਾਜਨੀਤਿਕ ਪ੍ਰਭਾਵ ਹੋਰ ਮਜ਼ਬੂਤ ਹੋਇਆ ਹੈ। ਇਹ ਸਭ ਕੁਝ ਉਦਾਰਵਾਦੀ ਰੁਝਾਨਾਂ ਦੇ ਉਲਟ ਨਤੀਜੇ ਹਨ।

ਸੰਘ ਤੋਂ ਬਾਹਰ ਯੂ.ਕੇ. ਦੀ ਸੰਸਦ ਨੇ ਇਨ੍ਹਾਂ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦੀ ਸਰਕਾਰ ਭੰਗ ਕਰਕੇ ਜੁਲਾਈ ਵਿਚ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਹੋਇਆ ਹੈ। ਇਸੇ ਤਰ੍ਹਾਂ ਫਰਾਂਸ ਦੇ ਰਾਸ਼ਟਰਪਤੀ ਇ. ਮੈਕਰੋਨ ਨੇ ਇਨ੍ਹਾਂ ਚੋਣਾਂ ਬਾਅਦ ਕੁਲੀਸ਼ਨ ਦੀ ਹਾਰ ਬਾਦ ਸੰਸਦ ਭੰਗ ਕਰਕੇ ਚੋਣਾਂ ਦਾ ਐਲਾਨ ਕੀਤਾ ਹੈ। ਜਰਮਨ ਅੰਦਰ ਵੀ ਅਲਟਰਨੇਟਿਵ ਫਾਰ ਜਰਮਨੀ, ਪਾਰਟੀ ਜੋ ਸੱਜੇ ਪੱਖੀ ਪ੍ਰਭਾਵ ਰੱਖਦੀ ਹੈ, ਉਹ ਮਜ਼ਬੂਤ ਹੋ ਕੇ ਉਭਰੀ ਹੈ। ਭਾਵੇਂ ਕਿ ਉਸ ਦੇ ਕਈ ਆਗੂਆਂ ਦੇ ਨਾਂ ਪਿਛਲੇ ਕਈ ਘੁਟਾਲਿਆਂ 'ਚ ਆਉਂਦੇ ਰਹੇ ਹਨ। ਜਰਮਨੀ ਯੂਰਪ ਅੰਦਰ 27 ਦੇਸ਼ਾਂ ਦੀ ਯੂਨੀਅਨ ਦਾ ਸਭ ਤੋਂ ਵੱਡਾ ਦੇਸ਼ ਹੈ। ਇਸ ਪਾਰਟੀ ਨੇ 2019 'ਚ 11 ਫੀਸਦੀ ਮਤ ਪ੍ਰਾਪਤ ਕੀਤਾ ਸੀ, ਪਰ ਇਸ ਵਾਰ 16.5 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ। ਜਦਕਿ ਜਰਮਨ 'ਚ ਰਾਜ ਕਰ ਰਿਹਾ ਤਿੰਨ ਪਾਰਟੀਆਂ ਦਾ ਗਠਜੋੜ ਮਹਿਜ਼ 30 ਫੀਸਦੀ ਵੋਟਾਂ ਹੀ ਪ੍ਰਾਪਤ ਕਰਨ 'ਚ ਕਾਮਯਾਬ ਰਿਹਾ ਹੈ। ਹੁਣ ਜਰਮਨ ਵਿਚ ਅਲਟਰਨੇਟਿਵ ਫਾਰ ਜਰਮਨੀ ਦੇਸ਼ ਦੇ ਚਾਂਸਲਰ (ਰਾਸ਼ਟਰਪਤੀ) ਉਲਾਫ ਸੌਲਜ਼ ਦੀ ਸੋਸ਼ਲ ਡੈਮੋਕਰੇਟਿਕ ਪਾਰਟੀ ਨੂੰ ਡਿਗਾਉਣ ਲਈ ਕਾਫੀ ਮਜ਼ਬੂਤ ਹੈ। ਇਹ ਰਾਜਨੀਤਿਕ ਰੁਝਾਨ, ਜਰਮਨੀ ਅੰਦਰ 1930 ਤੋਂ ਬਾਅਦ ਮਜ਼ਬੂਤ ਹੋਏ ਹਿਟਲਰ ਦੇ ਨਾਜੀਵਾਦੀ ਉਭਾਰਾਂ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਯੂਰਪੀ ਸੰਸਦ ਅੰਦਰ ਇਹ ਪਾਰਟੀ ਸਭ ਤੋਂ ਵੱਡੀ ਸ਼ਕਤੀ ਬਣਕੇ ਉਭਰੀ ਹੈ।

ਯੂਰਪੀ ਸੰਘ ਜੋ ਯੂਰਪ ਦੇ 27 ਦੇਸ਼ਾਂ ਦਾ ਸੰਗਠਨ ਹੈ, ਜੋ ਆਪਣੇ ਮੈਂਬਰ ਦੇਸ਼ਾਂ ਦੇ ਹਿਤਾਂ ਲਈ ਇਕ ਰਾਜਸੀ ਸੰਗਠਨ ਹੈ, ਜਿਸ ਦੇ ਮੈਂਬਰਾਂ ਦੀ ਗਿਣਤੀ 40 ਕਰੋੜ ਹੈ। ਇਸ ਦਾ ਸਦਰ ਮੁਕਾਮ ਬਰੱਸਲ ਅਤੇ ਲਕਜ਼ਮਬਰਗ ਹੈ। ਯੂਰਪੀ ਸੰਘ ਦੀ ਛੱਤਰੀ ਹੇਠ 100 ਤੋਂ ਵੱਧ ਜੱਥੇਬੰਦੀਆਂ ਜਿਸ ਅਧੀਨ, ਵਿਆਹ, ਟਰਾਂਸ-ਰਾਈਟਸ, ਜਣਨ-ਆਜ਼ਾਦੀ, ਐੱਲ.ਜੀ. ਬੀ.ਟੀ.ਕਿਊ.ਆਈ. ਵਿਰੁੱਧ ਵਿਤਕਰਾ ਅਤੇ ਹੋਰ ਕਈ ਮੁੱਦਿਆਂ 'ਤੇ ਜੋ 2013 ਨੂੰ ਗੁਪਤ ਰੂਪ ਵਿਚ ਫੈਸਲੇ ਲਏ ਸਨ, ਲਾਗੂ ਕਰਾਉਂਦਾ ਹੈ। ਅਗਲੇ 5 ਸਾਲਾਂ ਲਈ ਯੂਨੀਅਨ ਗਰੀਨ, ਡਿਜ਼ੀਟਲ ਟਰਾਂਜੀਸ਼ਨ ਅਤੇ ਆਰਥਿਕਤਾ, ਸੁਰੱਖਿਆ, ਵਾਧਾ ਅਤੇ ਪ੍ਰਵਾਸ ਆਦਿ ਮੁੱਦਿਆਂ 'ਤੇ ਕੰਮ ਕਰੇਗੀ। ਜੋ ਕੰਜ਼ਰਵੇਟਿਵ ਅਤਿ ਦੇ ਮੁਕਾਬਲੇ ਵਾਲੇ ਹੋਣਗੇ। ਭਾਵੇਂ ਉਸ ਦੀ ਸੰਸਦ ਸਾਹਮਣੇ ਜਮਹੂਰੀ ਫੈਸਲੇ ਲੈਣਾ, ਜਮਹੂਰੀਅਤ ਦੀ ਬਹਾਲੀ, ਬੋਲਣ ਦਾ ਅਧਿਕਾਰ, ਨਿਰਪੱਖ ਚੋਣਾਂ ਨੂੰ ਸੰਸਾਰ ਅੰਦਰ ਬੜਾਵਾ ਦੇਣਾ ਵੀ ਹੈ। ਜਲਵਾਯੂ ਸਬੰਧੀ ਅਤੇ ਪ੍ਰਵਾਸ ਸਬੰਧੀ ਯੂਰਪੀ ਸੰਘ ਅਯੋਗ ਦੀ ਚੇਅਰਪਰਸਨ ਉਰਸੁਲਾ ਵਾਨਡੇਰ ਲੇਨ ਦੀ ਪਾਰਟੀ ਕ੍ਰਿਸ਼ਿਅਨ ਡੈਮੋਕ੍ਰੇਟਿਕ ਨੇ ਇਨ੍ਹਾਂ ਚੋਣਾਂ ਤੋਂ ਪਹਿਲਾ ਹੀ ਉਪਰੋਕਤ ਮੁੱਦਿਆਂ 'ਤੇ ਸੱਜੇ ਪੱਖੀ ਮੋੜ ਕੱਟਿਆ ਸੀ। ਸੰਸਦ ਆਪਣੇ ਮੈਂਬਰ ਦੇਸ਼ਾਂ ਦੇ ਆਰਥਿਕ ਵਿਕਾਸ, ਵਪਾਰ-ਵਣਜ, ਰਾਜਨੀਤਕ ਮੁੱਦਿਆਂ ਆਦਿ ਨਾਲ ਜੁੜੀਆਂ ਨੀਤੀਆ ਤਹਿ ਕਰਦੀ ਹੈ। ਇਸ ਲਈ ਦੁਨੀਆਂ ਦੇ ਗਰੀਬ ਅਤੇ ਆਜ਼ਾਦ ਹੋਏ ਦੇਸ਼ ਜਿਹੜੇ ਕਦੀ ਯੂਰਪੀ ਸਾਮਰਾਜੀ ਬਸਤੀਵਾਦੀਆਂ ਦੇ ਜੂਲੇ ਹੇਠ ਰਹੇ ਸਨ, ਜਿਨ੍ਹਾਂ ਦੀ ਰਾਜਨੀਤੀ 'ਤੇ ਅਜੇ ਵੀ ਉਨ੍ਹਾਂ ਦਾ ਪ੍ਰਭਾਵ ਹੈ ਇਸ ਚੋਣ ਨਤੀਜਿਆ ਪ੍ਰਤੀ ਉਤਸਕ ਹਨ।

ਹੁਣੇ-ਹੁਣੇ ਯੂਰਪੀ ਸੰਘ ਦੀਆਂ ਹੋਈਆ ਚੋਣਾਂ ਦੇ ਨਤੀਜਿਆ ਦਾ ਪ੍ਰਭਾਲ ਅਤੇ ਦਬਾਅ ਸੰਸਾਰ ਦੇ ਵਣਜ-ਵਾਪਾਰ, ਜਲਵਾਯੂ, ਪ੍ਰਵਾਸ ਅਤੇ ਰਾਜਨੀਤੀ 'ਤੇ ਪੈਣਾ ਸ਼ੁਰੂ ਹੋ ਗਿਆ ਹੈ। ਇਹ ਪ੍ਰਭਾਵ ਸਭ ਤੋਂ ਪਹਿਲਾਂ ਕਿਰਤੀ ਵਰਗ ਦੇ ਰੁਜ਼ਗਾਰ ਅਤੇ ਪ੍ਰਵਾਸ ਤੇ ਰੋਕ ਲਾਏਗਾ। ਹੁਣ ਕੰਮ ਕਰਨ ਲਈ ਭਾਵੇਂ ਕਿਸੇ ਵੀ ਕਿਰਤੀ ਨੂੰ ਸੰਘ ਦੇਸ਼ ਅੰਦਰ ਪਰਮਿਟ ਨਹੀਂ ਮਿਲੇਗਾ। ਪਰ ਮੈਂਬਰ ਦੇਸ਼ਾਂ ਦੇ ਕਿਰਤੀ ਇਕ ਦੇਸ਼ ਤੋਂ ਦੂਸਰੇ ਦੇਸ਼ ਜਾ ਸਕਣਗੇ। ਭਾਵੇਂ ਕਿਹਾ ਜਾ ਰਿਹਾ ਹੈ ਕਿ ਮੈਂਬਰ ਦੇਸ਼ ਦਾ ਕਿਰਤੀ ਆਪਣੇ ਸਾਰੇ ਹੱਕਾਂ ਸਮੇਤ ਦੂਸਰੇ ਮੈਂਬਰ ਦੇਸ਼ ਅੰਦਰ ਬਿਨਾਂ ਰੋਕ-ਟੋਕ ਜਾ ਸਕੇਗਾ। ਇਹ ਤਾਂ ਹੁਣ ਸਮਾਂ ਹੀ ਦੱਸੇਗਾ ਕਿ 27 ਮੈਂਬਰ ਦੇਸ਼ਾਂ ਦੇ ਕਿਰਤੀਆਂ ਦੇ ਸਾਰੇ ਹੱਕ-ਹਕੂਕ ਉਸ ਦੇ ਦੂਸਰੇ ਦੇਸ਼ ਵਿਚ ਬਰਕਰਾਰ ਰਹਿਣਗੇ ਜਾਂ ਨਹੀਂ। ਪਰ ਜਿਥੇ ਵੀ ਸੱਜ ਪਿਛਾਖੜ ਰਾਜਨੀਤਿਕ ਪ੍ਰਭਾਵ ਮਜ਼ਬੂਤ ਹੋਇਆ, ਉਥੋਂ ਦੀਆਂ ਪਹਿਲੀਆਂ ਜਮਹੂਰੀ, ਧਰਮ ਨਿਰਪੱਖ ਅਤੇ ਲੋਕ ਪੱਖੀ ਸ਼ਕਤੀ ਦੀਆਂ ਸਰਕਾਰਾਂ ਵਲੋਂ ਲਾਗੂ ਕੀਤੀਆਂ ਸਾਕਾਰਾਤਮਕ ਨੀਤੀਆਂ ਅਤੇ ਲਹਿਰਾਂ ਨੂੰ ਢਾਅ ਹੀ ਲੱਗੀ ਹੈ। ਦੇਖੋ, ਭਾਰਤ ਅੰਦਰ 2014 ਤੋਂ ਰਾਜਨੀਤੀ 'ਤੇ ਕਾਬਜ਼ ਹੋਈ ਅਤਿ ਦੀ ਸੱਜੇ ਪੱਖੀ ਤੇ ਏਕਾ ਅਧਿਕਾਰਵਾਦੀ ਬੀ.ਜੇ.ਪੀ. ਦਾ ਕਿਰਦਾਰ ਅਤੇ ਅਮਲ ਨੇ ਦੇਸ਼ ਨੂੰ ਇਕ ਭਿਆਨਕ ਇਕ ਪਾਸੜ ਤਾਨਾਸ਼ਾਹੀ ਵੱਲ ਤੋਰ ਦਿੱਤਾ ਸੀ। ਯੂਰਪ ਜਿਥੋਂ ਕਦੇ ਸੰਸਾਰ ਜਾਗਰੂਕਤਾ ਲਹਿਰਾ ਪੈਦਾ ਹੋਈਆਂ, ਧਰਮ ਨਿਰਪੱਖਤਾ ਅਤੇ ਜਮਹੂਰੀਅਤ ਨੂੰ ਜਨਮ ਹੀ ਨਹੀਂ ਦਿੱਤਾ, ਸਗੋਂ ਮਜ਼ਬੂਤ ਕਰਕੇ ਸੰਸਾਰ ਅੰਦਰ ਬੀਅ ਬੀਜੇ ਸਨ, ਉਨ੍ਹਾਂ ਲਈ ਪਨਪੀ ਇਹ ਸੱਜ-ਪਿਛਾਖੜ ਰਾਜਨੀਤੀ ਇਕ ਗੰਭੀਰ ਚੁਣੌਤੀ ਹੋਵੇਗੀ।

ਯੂਰਪੀ ਸੰਘ ਦੀਆਂ ਇਨ੍ਹਾਂ ਚੋਣਾਂ ਅੰਦਰ ਸੱਜ-ਪਿਛਾਖੜ ਰਾਜਨੀਤੀ ਵਾਲੀਆਂ ਪਾਰਟੀਆਂ ਦੇ ਮਜ਼ਬੂਤ ਹੋਣ ਨਾਲ ਸਭ ਤੋਂ ਵੱਡੀ ਸੱਟ ਦੁਨੀਆਂ ਦੀ ਕਿਰਤੀ ਜਮਾਤ ਦੇ ਹਿੱਤਾਂ, ਰੁਜ਼ਗਾਰ, ਵੇਜ਼ ਅਤੇ ਕਿਰਤੀ ਏਕਤਾ ਨੂੰ ਵੱਜੇਗੀ। ਭਾਰਤ ਦੇ ਵਿਦੇਸ਼ ਵਿਭਾਗ ਅਨੁਸਾਰ 2017 ਤੱਕ 2.83 ਮਿਲੀਅਨਜ਼ ਭਾਰਤੀ ਕਾਮੇ ਯੂਰਪੀ ਯੂਨੀਅਨ ਦੇਸ਼ਾਂ 'ਚ ਕੰਮ ਕਰ ਰਹੇ ਹਨ। ਸਭ ਤੋਂ ਵੱਧ ਯੂ.ਕੇ. 64.54 ਫੀਸਦੀ, ਨੀਦਰਲੈਂਡ 8.31 ਫੀਸਦੀ, ਇਟਲੀ 6.98 ਫੀਸਦੀ, ਜਰਮਨੀ 6 ਫੀਸਦੀ, ਫਰਾਂਸ ਵਿਚ 3.86 ਫੀਸਦੀ ਆਦਿ ਦੇਸ਼ਾਂ ਅੰਦਰ ਕੰਮ ਕਰਦੇ ਹਨ। ਪਰ ਗੈਰ-ਕਾਨੂੰਨੀ ਦਾਖਲ ਹੋ ਕੇ ਕੰਮ ਕਰਦੇ ਹਜ਼ਾਰਾਂ ਭਾਰਤੀ ਕਾਮੇ ਪੁਰਤਗਾਲ, ਸਪੇਨ, ਗਰੀਸ, ਇਟਲੀ, ਮਾਲਟਾ ਆਦਿ ਦੇਸ਼ਾਂ ਅੰਦਰ ਲੁਕ-ਛਿਪਕੇ ਪੱਕੇ ਹੋਣ ਲਈ ਬੜਾ ਜ਼ੋਖਮ ਭਰਿਆ ਜੀਵਨ ਜੀਅ ਰਹੇ ਹਨ। ਮਾਲਟਾ ਹਾਦਸਾ ਅਜੇ ਭੁੱਲਿਆ ਨਹੀਂ ਹੈ, ਜਿਸ ਨੇ ਸੈਂਕੜੇ ਕਿਰਤੀ ਨਿਗਲ ਲਏ ਸਨ। ਕਰੋੜਾਂ ਰੁਪਿਆ ਭਾਰਤੀ ਕਾਮੇ ਕਮਾ ਕੇ ਯੂਰਪ ਵਿਚੋਂ ਭਾਰਤ ਨੂੰ ਭੇਜ ਰਹੇ ਹਨ। ਸਾਲ 2020 ਤੱਕ 87 ਮਿਲੀਅਨਜ਼ ਲੋਕ ਪ੍ਰਵਾਸ ਕਰਕੇ ਯੂਰਪ ਗਏ ਹਨ। ਇਸ ਵੇਲੇ ਸੰਸਾਰ ਪੂਜੀਵਾਦੀ ਅਰਥ-ਵਿਵਸਥਾ ਸੰਕਟ ਵੱਲ ਜਾ ਰਹੀ ਹੈ। ਇਹ ਉਥੋ ਦੇ ਹਾਕਮਾਂ ਦੀਆਂ ਉਦਾਰੀਵਾਦੀ ਨੀਤੀਆਂ ਦਾ ਹੀ ਸਿੱਟਾ ਹੈ। ਵੱਧ ਰਹੀ ਆਰਥਿਕ ਨਾ-ਬਰਾਬਰਤਾ, ਗਰੀਬੀ ਅਤੇ ਬੇਰੁਜ਼ਗਾਰੀ ਲਈ ਪੂੰਜੀਵਾਦੀ ਨੀਤੀਆਂ ਹੀ ਜ਼ਿੰਮੇਵਾਰ ਹਨ। ਪਰ ਲੋਕਾਂ ਅੰਦਰ ਉਪਰੋਕਤ ਹਲਾਤਾਂ ਕਾਰਨ ਵੱਧ ਰਹੀ ਬੇਚੈਨੀ ਨੂੰ ਸੱਜ-ਪਿਛਾਖੜ ਰਾਜਨੀਤੀ ਇਸ ਨੂੰ ਪ੍ਰਵਾਸ ਕਰਕੇ ਆਏ ਕਿਰਤੀਆਂ ਦੀ ਆਮਦ ਸਿਰ ਮੜ੍ਹਦੀ ਹੈ।

ਇਹ ਇਤਿਹਾਸਕ ਸੱਚ ਹੈ ਕਿ ਸੱਜ-ਪਿਛਾਖੜ ਰਾਜਨੀਤੀ ਆਪਣੇ ਰਾਜਸੀ ਅਤੇ ਮੰਤਵ ਲਈ ਵੰਡਵਾਦੀ ਨਾਹਰਿਆ, ਨਸਲਵਾਦ, ਅੰਧ-ਰਾਸ਼ਟਰਵਾਦ ਤੇ ਕੱਟੜਵਾਦ ਰਾਹੀਂ ਮਨਸੂਬਿਆਂ ਦੀ ਪੂਰਤੀ ਲਈ ਕਿਰਤੀ ਜਾਮਤ ਵਿਚ ਫੁੱਟ ਪਾਉਂਦੀ ਹੈ। ਇਸ ਲਈ ਕੌਮਾਂਤਰੀ ਕਿਰਤੀ ਏਕਤਾ ਰਾਹੀਂ ਇਨ੍ਹਾਂ ਵਿਭਾਜਨਵਾਦੀ ਤੇ ਫੁਟ ਪਾਊ ਸ਼ਕਤੀਆਂ ਵਿਰੁੱਧ ਵਿਸ਼ਾਲ ਕਿਰਤੀ ਏਕਤਾ ਉਸਾਰਕੇ ਲੜਨਾ ਪਏਗਾ। ਕਿਰਤੀ ਜਮਾਤ ਦੇ ਸ਼ੋਸ਼ਣ ਲਈ ਮੁੱਖ ਜ਼ਿੰਮੇਵਾਰ ਪੂੰਜੀਵਾਦੀ ਰਾਜਨੀਤਕ ਪਾਰਟੀਆਂ ਦੀਆਂ ਉਦਾਰੀਵਾਦੀ ਆਰਥਿਕ ਨੀਤੀਆਂ ਨੂੰ ਨੰਗਾ ਕਰਨਾ ਸਮੇਂ ਦੀ ਲੋੜ ਹੈ। ਜਦੋਂ ਯੂਰਪ ਅੰਦਰ 1930 ਬਾਦ ਆਰਥਿਕ ਮੰਦਾ ਪਨਪਿਆ ਸੀ, ਤਾਂ ਜਰਮਨ, ਇਟਲੀ, ਸਪੇਨ ਆਦਿ ਅੰਦਰ ਹਾਕਮ ਪਾਰਟੀਆਂ ਨੇ ਜਨਤਾ ਦੀਆਂ ਭਾਵਨਾਤਮਕ ਭਾਵਨਾਵਾਂ ਨੂੰ ਭੜਕਾਅ ਕੇ ਵੰਡਵਾਦੀ ਨਾਹਰਿਆਂ ਨਸਲਵਾਦ, ਅੰਧ-ਰਾਸ਼ਟਰਵਾਦ, ਸੰਕੀਰਨਵਾਦ ਰਾਹੀ ਨਾਜ਼ੀਵਾਦ ਅਤੇ ਫ਼ਾਸ਼ੀਵਾਦ ਨੂੰ ਜਨਮ ਦਿੱਤਾ ਸੀ। ਇਸ ਤੋਂ ਬਾਅਦ ਜੋ ਨੀਤਜੇ ਆਵਾਮ ਨੂੰ ਭੁਗਤਣੇ ਪਏ ਸਨ, ਉਨ੍ਹਾਂ ਦੇ ਖੂਨੀ ਦਾਗ਼ ਅਜੇ ਵੀ ਮਿਟੇ ਨਹੀਂ ਹਨ। ਭਾਰਤ ਅੰਦਰ ਵੀ ਅੰਧ-ਰਾਸ਼ਟਰਵਾਦ ਅਜੇ ਵੀ ਸੁਲਗ ਰਿਹਾ ਹੈ, ਭਾਰਤ ਦੀ ਕਿਰਤੀ ਜਮਾਤ ਅਤੇ ਜਮਹੂਰੀ ਲੋਕਾਂ ਨੂੰ ਹੁਣ ਹੋਰ ਵੀ ਸੁਚੇਤ ਹੋਣਾ ਪਏਗਾ। ਯੂਰਪੀ ਸੰਘ ਦੀਆਂ ਚੋਣਾਂ ਅੰਦਰ ਸੱਜ ਪਿਛਾਖੜ ਰਾਜਨੀਤੀ ਦਾ ਮਜ਼ਬੂਤ ਹੋਣਾ ਸਾਡੇ ਲਈ ਇਹ ਖਤਰੇ ਦੀ ਘੰਟੀ ਹੈ।

# ਨਫ਼ਰਤ ਦੀ ਖੇਤੀ ਕਾਰਨ ਤੇ ਹੱਲ

ਸਰਦਾਰ ਇਕਬਾਲ ਸਿੰਘ ਲਾਲਪੁਰਾ ਜੀ ਦੀ ਕਲਮ ਤੋਂ
ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ, ਭਾਰਤ ਸਰਕਾਰ
97800-03333
ਪੰਜਾਬ ਮੇਲUSA

ਨਫਰਤ ਇੱਕ ਮਾਨਸਿਕ ਕੰਮਜ਼ੋਰੀ ਹੈ, ਜੋ ਮਨੁੱਖ ਦੇ ਵਿਕਾਸ ਵਿਚ ਰੁਕਾਵਟ ਬਣਦੀ ਹੈ। ਕੁਦਰਤ ਦੀ ਬਣਾਈ ਹਰ ਵਿਅਕਤੀ ਤੇ ਵਸਤੂ ਇੱਕ ਦੂਜੇ ਲਈ ਲਾਭਕਾਰੀ ਹੈ। ਚੰਗੇ ਵਿਅਕਤੀ ਮਿੱਠੀ ਜ਼ੁਬਾਨ, ਸੱਚ ਸੰਤੋਖ ਦੇ ਧਾਰਨੀ ਦੂਜਿਆਂ ਦੀ ਭਾਵਨਾਵਾਂ ਦੀ ਇੱਜ਼ਤ ਕਰਨ ਵਾਲੇ ਹੁੰਦੇ ਹਨ। ਖਿਮਾ ਤੇ ਆਪਣੀਆ ਭਾਵਨਾਵਾਂ 'ਤੇ ਕਾਬੂ ਰੱਖਣਾ ਉਨ੍ਹਾਂ ਦਾ ਦੂਜਿਆਂ 'ਤੇ ਜਿੱਤ ਪ੍ਰਾਪਤ ਕਰਨ ਲਈ ਹਥਿਆਰ ਹੁੰਦੇ ਹਨ।

ਕ੍ਰੋਧ ਜਾਂ ਗੁੱਸਾ ਵਿਅਕਤੀ ਦੇ ਵਿਕਾਸ ਵਿਚ ਰੁਕਾਵਟ ਬਣ ਉਸਨੂੰ ਬਦਲਾਖੋਰ ਤੇ ਅਪਰਾਧੀ ਬਣਾ ਦਿੰਦਾ ਹੈ। ਕਈ ਵਾਰ ਗੁੱਸੇ ਦਾ ਕਾਰਨ ਦੂਜਿਆਂ ਦਾ ਵਿਅਕਤੀ ਵਿਸ਼ੇਸ਼ ਵਿਰੁੱਧ ਕੋਈ ਕੰਮ ਜਾਂ ਅਪਸ਼ਬਦ ਬੋਲਣ ਜਾਂ ਉਸ ਦੀ ਆਸ 'ਤੇ ਪੂਰਾ ਨਾ ਉਤਰਨਾ ਹੋ ਸਕਦਾ ਹੈ। ਪਰ ਜੇਕਰ ਵਿਚਾਰ ਕੀਤੀ ਜਾਵੇ, ਤਾਂ ਕਾਰਨ ਵੀ ਸਪੱਸ਼ਟ ਹੋ ਜਾਂਦਾ ਹੈ ਤੇ ਆਪਣੀ ਅਣਜਾਨ ਵਿਅਕਤੀ 'ਤੇ ਆਸ ਰੱਖਣੀ ਵੀ ਗਲਤੀ ਬਾਰੇ ਵੀ ਪਤਾ ਲੱਗ ਜਾਂਦਾ ਹੈ।

ਦੁਨੀਆਂ ਦੇ ਸਾਰੇ ਧਰਮ ਇੱਕ ਰੱਬ, ਅਕਾਲ ਪੁਰਖ, ਭਗਵਾਨ, ਅੱਲ੍ਹਾ ਜਾਂ ਗਾਡ ਜੋ ਇਸ ਕਾਇਨਾਤ ਨੂੰ ਪੈਦਾ ਕਰਨ, ਚਲਾਉਣ ਵਾਲਾ ਤੇ ਮੌਤ ਤੇ ਜਨਮ ਦਾ ਅਧਿਕਾਰੀ ਤੇ ਸੁੱਖ ਦੇਣ ਵਾਲਾ ਹੈ, ਦੇ ਨੇੜੇ ਹੋਣ 'ਤੇ ਪ੍ਰਾਪਤੀ ਦਾ ਰਾਹ ਕੇਵਲ ਉਸ ਨੂੰ ਯਾਦ ਰੱਖਣ ਤੇ ਉਸਦੀ ਬਣਾਈ ਹੋਈ ਕਾਇਨਾਤ ਨੂੰ ਪਿਆਰ ਕਰਨਾ ਦੱਸਦੇ ਹਨ। ਦੇਵੀ, ਦੇਵਤੇ, ਗੁਰੂ, ਪੀਰ ਉਸਦੇ ਨੇੜੇ ਹੋਣ ਲਈ ਰਾਹ ਦੱਸਦੇ ਹਨ। ਕਿਉਂਕੀ ਇਹ ਰਚਨਾ ਉਸਦੀ ਹੈ ਤੇ ਆਪ ਉਹ ਇਸ ਵਿਚ ਵਸਦਾ ਹੈ, ਅਸੀਂ ਸਾਰੇ ਹੀ ਉਸਦੀ ਸੰਤਾਨ ਹਾਂ, ਕੁਝ ਉਸਦੇ ਵਰਸੋਏ ਤਾਂ ਖੁਦ ਪ੍ਰਮਾਤਮਾ ਰੂਪ ਹੀ ਹੁੰਦੇ ਹਨ ਤੇ ਮਨੁੱਖਤਾ ਨੂੰ ਚੰਗਾ ਬਨਣ ਦਾ ਰਾਹ ਦੱਸਦੇ ਹਨ। ਉਨ੍ਹਾਂ ਲਈ ਸਭ ਬਰਾਬਰ ਹੁੰਦੇ ਹਨ। ਸਮਾਂ, ਸਥਾਨ ਤੇ ਭਾਸ਼ਾ ਦੀ ਵਿਵਿਧਤਾ ਕਾਰਨ ਉਹ ਵੱਖਰੇ ਨਜ਼ਰ ਆਉਂਦੇ ਹਨ, ਪਰ ਸਭ ਦੀ ਮੰਜ਼ਿਲ ਇੱਕ ਹੀ ਹੈ। ਜੋ ਉਸਦੇ ਸੇਵਕ ਹੋਣ ਦਾ ਰੂਪ ਹੀ ਧਾਰਨ ਕਰਦਾ ਹੈ, ਪ੍ਰਮਾਤਮਾ ਉਸ ਦੀ ਕੁੱਲੀ, ਗੁੱਲੀ ਤੇ ਜੁੱਲੀ ਦਾ ਵੀ ਚੰਗਾ ਪ੍ਰਬੰਧ ਕਰ ਦਿੰਦਾ ਹੈ, ਪਰ ਉਹ ਸਾਰੇ ਆਪ ਉਸ ਰਾਹ, ਪੰਧ ਜਾਂ ਪੰਥ ਦੇ ਧਾਰਨੀ ਬਣ ਪ੍ਰੇਮ ਦਾ ਮਾਰਗ ਦੱਸਦੇ ਹਨ, ਜਾਂ ਰੱਬ ਦੇ ਰਾਹ ਵਿਚ ਰੁਕਾਵਟ ਬਣ ਲੋਕਾਈ ਨੂੰ ਚੱਕਰ ਵਿਚ ਪਾ ਆਪਣੇ ਆਲੇ-ਦੁਆਲੇ ਹੀ ਘੁੰਮਣ ਲਾ ਦਿੰਦੇ ਹਨ, ਬਾਰੇ ਵਿਚਾਰ ਕਰਨਾ ਬਣਦਾ ਹੈ। ਸਭ ਧਰਮ ਗ੍ਰੰਥ ਤੇ ਧਾਰਮਿਕ ਰਹਿਬਰ ਸਤਿਕਾਰ ਯੋਗ ਹਨ।



ਝਗੜਾ ਧਰਮ ਦਾ ਹੋ ਹੀ ਨਹੀਂ ਸਕਦਾ, ਗੱਲ ਮੇਰੇ ਰਾਹ ਪੰਥ ਜਾਂ ਰਾਹ ਦੂਜੇ ਨਾਲੋਂ ਚੰਗਾ ਹੈ ਜਾਂ ਦੂਜਾ ਪੰਥ ਛੱਡ ਗੁੰਮਰਾਹ ਕਰ ਆਪਣੇ ਨਾਲ ਲਾਉਣ ਦੇ ਯਤਨਾਂ ਕਾਰਨ ਵਿਵਾਦ, ਵਿਰੋਧ ਤੇ ਝਗੜੇ ਪੈਦਾ ਹੁੰਦੇ ਹਨ। ਜਦੋਂ ਵੰਡੋ ਤੇ ਰਾਜ ਕਰੋ ਦੀ ਨੀਅਤ ਹੋਵੇ ਤਾਂ ਮਨੁੱਖਤਾ ਦਾ ਪੂਰਨ ਵਿਕਾਸ ਰੁੱਕ ਜਾਂਦਾ ਹੈ। ਸਾਰਿਆਂ ਨੂੰ ਆਪਣੇ ਧਰਮ ਨੂੰ ਮੰਨਣ ਤੇ ਪ੍ਰਚਾਰਨ ਦਾ ਅਧਿਕਾਰ ਸਭ ਨੂੰ ਹੈ, ਜੇ ਪਾਬੰਦੀ ਹੈ ਤਾਂ ਦੂਜੇ ਨੂੰ ਬੁਰਾ ਕਹਿਣ 'ਤੇ ਹੈ।

ਕੁਝ ਤਾਂ ਧਰਮ ਨੂੰ ਅਫ਼ੀਮ ਵੀ ਦੱਸਦੇ ਹੋਏ ਸਮਾਜ ਦੇ ਨਿਯਮ ਮੰਨਣ ਤੋਂ ਵੀ ਆਕੀ ਹੋ ਵਿਰੋਧ ਆਰੰਭ ਕਰ ਦਿੰਦੇ ਹਨ।

ਆਪਣੇ ਧਰਮ ਤੇ ਧਰਮ ਗ੍ਰੰਥਾਂ ਵਿਚ ਦਰਜ ਫਲਸਫੇ ਬਾਰੇ ਅਗਿਆਨਤਾ ਤੇ ਦੂਜੇ ਦੇ ਧਰਮ ਦੇ ਫਲਸਫੇ, ਮਾਰਗ ਤੇ ਨਿਯਮਾਂ ਬਾਰੇ ਅਗਿਆਨਤਾ ਵਿਵਾਦ ਖੜ੍ਹੇ ਕਰਦਾ ਹੈ, ਜਿਸਨੂੰ ਅਸਹਿਨਸ਼ੀਲਤਾ ਆਖਿਆ ਜਾਂਦਾ ਹੈ।

ਇਹ ਦੇਸ਼ ਸਭ ਦਾ ਸਾਂਝਾ ਹੈ ਤੇ ਹਰ ਵਿਅਕਤੀ ਨੂੰ ਬਰਾਬਰੀ ਦੇ ਅਧਿਕਾਰ ਦਿੰਦਾ ਹੈ। ਫੇਰ ਵਿਵਾਦ ਕਿਉਂ ਹੁੰਦੇ ਹਨ ? ਇਸ 'ਤੇ ਚਰਚਾ ਕਰਨੀ ਸਮੇਂ ਦੀ ਲੋੜ ਨਹੀਂ ਹੈ ?

ਮਾਨਸਿਕ ਤਨਾਵ, ਨਸ਼ੇ, ਇੱਕ ਦੂਜੇ ਨੂੰ ਬਰਾਬਰ ਨਾ ਸਮਝਣਾ ਤੇ ਬਿਨਾਂ ਵਿਚਾਰ ਕੀਤੇ ਆਪਣੇ ਅੰਦਿਰ ਪਾਲੀ ਨਫਰਤ ਕਈ ਥਾਂਈਂ ਝਗੜੇ ਪੈਦਾ ਕਰ ਰਿਹਾ ਹੈ। ਸੜਕ 'ਤੇ ਇੱਕ ਦੂਜੇ ਨੂੰ ਥਾਂ ਜਾਂ ਸਨਮਾਨ ਨਾ ਦੇਣ ਕਾਰਨ ਸੜਕਾਂ 'ਤੇ ਹੁੰਦੀਆਂ ਲੜਾਈਆਂ ਤੇ ਧਾਰਮਿਕ ਟਿੱਪਣੀਆਂ 'ਤੇ ਕੀਤੀ ਜਾ ਰਹੀ ਹਿੰਸਾ ਅਪਰਾਧਿਕ ਹੈ। ਇੱਕ ਸੂਬੇ ਦੇ ਵਾਸੀਆਂ ਬਾਰੇ ਪਾਲੀ ਮਨੋਕਲਪਿਤ ਘ੍ਰਿਣਾ ਨਿੰਦਾ ਯੋਗ ਹੈ ਤੇ ਅਪਰਾਧੀ ਸਜ਼ਾ ਦੇ ਪਾਤਰ ਹਨ। ਜਿਸ ਲਈ ਸਰਕਾਰੀ ਤੰਤਰ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਪਰ ਕੀ ਸਰਕਾਰੀ ਤੰਤਰ ਦੇ ਮੋਢਿਆਂ 'ਤੇ ਜ਼ਿੰਮੇਵਾਰੀ ਪਾ ਕੇ, ਸਮਾਜ ਤੇ ਧਾਰਮਿਕ ਆਗੂ ਮੁਕਤ ਹੋ ਸਕਦੇ ਹਨ। ਅੱਜ ਸੋਸ਼ਲ ਮੀਡੀਆ ਜਿੱਥੇ ਜਾਣਕਾਰੀ ਸਾਂਝੀ ਕਰਦਾ ਹੈ, ਉੱਥੇ ਹੀ ਇੱਕ ਵਿਰੁੱਧ ਸਮਾਜਿਕ ਰੂਪ ਵਿਚ ਕੀਤੀਆਂ ਗੱਲਾਂ, ਟਿੱਪਣੀਆਂ ਤੇ ਭਾਸ਼ਨ ਵੀ ਦੁਨੀਆਂ ਦੇ ਇੱਕ ਹਿੱਸੇ ਤੋਂ ਦੂਜੇ ਹਿੱਸੇ ਵਿਚ ਬਿਨਾ ਦੇਰੀ ਪਹੁੰਚ ਜਾਂਦੀਆ ਹਨ। ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ, ਜਦੋਂ ਸਮਾਜ ਦਾ ਉਹ ਵਰਗ ਜਿਸ 'ਤੇ ਇਸ ਦਾ ਬੁਰਾ ਪ੍ਰਭਾਵ ਪੈਣ ਹੈ, ਡਰਦਾ ਜਾਂ ਹੋਰ ਕਾਰਨਾਂ, ਖਾਮੋਸ਼ ਬੈਠ, ਨਫਰਤ ਪੈਦਾ ਕਰਨ ਵਾਲਿਆਂ ਦੇ ਹੌਂਸਲੇ ਵਧਾਉਂਦਾ ਹੈ। ਜੇਕਰ ਅਸੀਂ ਕਿਸੇ ਨਾਲ ਸਹਿਮਤ ਨਹੀਂ, ਤਾਂ ਡਰਨ ਨਾਲੋਂ ਉਸਦਾ ਵਿਰੋਧ ਕਰ ਅਸ਼ੀਂ ਜ਼ਿੰਮੇਵਾਰ ਨਾਗਰਿਕਾਂ ਵਝੋਂ ਆਪਣੀ ਭੂਮਿਕਾ ਨਿਭਾ ਸਕਦੇ ਹਾਂ।

ਜਿਸ ਥਾਂ, ਸ਼ਹਿਰ, ਸੂਬੇ ਵਿਚ ਅਜਿਹੀ ਘਟਨਾ ਹੁੰਦੀ ਹੈ, ਉੱਥੋਂ ਦੇ ਸਭ ਅਮਨ ਪਸੰਦ ਸ਼ਹਿਰੀਆਂ ਨੂੰ ਇਕੱਠੇ ਹੋ ਸਮੂਹਿਕ ਰੂਪ ਵਿਚ ਇਸ ਦੀ ਨਿਖੇਧੀ ਕਰ, ਦੋਸ਼ੀਆਂ ਨੂੰ ਸਜ਼ਾ ਕਰਾਉਣ ਤੇ ਪੀੜਤਾਂ ਦਾ ਮਨੋਬਲ ਵਧਾਉਣ ਲਈ ਇਕੱਠੇ ਹੋਣਾ ਚਾਹੀਦਾ ਹੈ। ਸਰਕਾਰੀ ਤੰਤਰ ਇਸ ਵਿਚ ਸਹਾਇਕ ਹੋ ਸਕਦਾ ਹੈ। ਕਿਸੇ ਵੀ ਸੂਬੇ ਵਿਚ ਹੁੰਦੀਆਂ ਲਗਾਤਾਰ ਘਟਨਾਵਾਂ ਸਰਕਾਰੀ ਤੰਤਰ ਦੀ ਅਣਗਹਿਲੀ ਤੇ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲਤਾ ਵੱਲ ਇਸ਼ਾਰਾ ਕਰਦਾ ਹੈ।

ਇਹ ਘਟਨਾਵਾਂ ਦੁਨੀਆਂ ਭਰ ਵਿਚ ਹੁੰਦੀਆਂ ਹਨ, ਪਰ ਇਸਨੂੰ ਅੱਗੇ ਤੋਂ ਰੋਕਣ ਲਈ ਤੇ ਇਕ ਦੂਜੇ ਨੂੰ ਸਮਝਣ ਤੇ ਉਨ੍ਹਾਂ ਦਾ ਸਤਿਕਾਰ ਕਰਨ ਬਾਰੇ ਵੀ ਯਤਨ ਹੁੰਦੇ ਰਹਿੰਦੇ ਹਨ। ਕੀ ਸਾਨੂੰ ਵੀ ਅਜਿਹੇ ਗੰਭੀਰ ਯਤਨ ਨਹੀਂ ਕਰਨੇ ਚਾਹੀਦੇ। ਵਿਚਾਰ ਸਭ ਦੇ ਆਪਣੇ ਹੁੰਦੇ ਹਨ, ਪਾਠਕਾਂ ਦੀ ਰਾਏ ਦਾ ਇੰਤਜ਼ਾਰ ਰਹੇਗਾ।

# ਵੱਧ ਰਹੀ ਹੈ ਨਾਜਾਇਜ਼ ਨਸ਼ੀਲੇ ਪਦਾਰਥਾਂ ਦੀ ਤਸਕਰੀ

**"ਸਾਲ 2024 ਦਾ ਥੀਮ ਹੈ- ਸਬੂਤ ਹਰ ਪਾਸੇ ਸਾਫ ਹੈ, ਰੋਕਥਾਮ 'ਚ ਕੋਸ਼ਿਸ਼ ਲਈ ਨਿਵੇਸ਼ ਕਰਨ ਦੀ ਲੋੜ ਹੈ। ਇਸ ਸਾਲ ਲੋਕਾਂ ਨੂੰ ਗੈਰ-ਕਾਨੂੰਨੀ ਦਵਾਈਆਂ ਦੇ ਇਸਤੇਮਾਲ ਕਰਨ ਅਤੇ ਬਾਅਦ 'ਚ ਪਦਾਰਥਾਂ ਉੱਤੇ ਨਿਰਭਰਤਾ ਦੇ ਜਾਲ 'ਚ ਫਸਣ ਦੇ ਖਤਰੇ ਤੋਂ ਬਚਣ ਲਈ ਜ਼ੋਰ ਦਿੱਤਾ ਜਾ ਰਿਹਾ ਹੈ। ਵਿਸ਼ਵ ਭਰ 'ਚ ਅਸੀਂ ਇਕੱਠੇ ਮਿਲ ਕੇ ਨਸ਼ਾਖੋਰੀ ਤੇ ਨਜ਼ਾਇਜ਼ ਤਸਕਰੀ ਵਿਰੁੱਧ ਐਕਸ਼ਨ ਲੈ ਕੇ ਇੱਸ ਸਮੱਸਿਆ ਨਾਲ ਨਜਿੱਠ ਸਕਦੇ ਹਾਂ। ਅੱਜ ਵਿਸ਼ਵ ਦੇ ਹਰ ਵਿਅਕਤੀ ਅਤੇ ਹਰ ਪੱਧਰ 'ਤੇ ਨਸ਼ਿਆਂ ਦੇ ਤੱਥ ਸਾਂਝੇ ਕਰਕੇ-ਜ਼ਿੰਦਗੀ ਬਚਾਉਣ ਲਈ ਅੱਗੇ ਆਉਣ ਦੀ ਲੋੜ ਹੈ" - ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
ਪੰਜਾਬ ਮੇਲUSA



ਵਿਸ਼ਵ ਭਰ 'ਚ 26 ਜੂਨ, 2024 ਨੂੰ ਨਸ਼ਾਖੋਰੀ ਅਤੇ ਨਾਜਾਇਜ਼ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਸਬੂਤ ਹਰ ਪਾਸੇ ਸਾਫ ਹੈ, ਰੋਕਥਾਮ 'ਚ ਕੋਸ਼ਿਸ਼ ਲਈ ਨਿਵੇਸ਼ ਕਰਨ ਦੀ ਲੋੜ ਹੈ। ਲੋਕਾਂ ਨੂੰ ਗੈਰ-ਕਾਨੂੰਨੀ ਦਵਾਈਆਂ ਦੇ ਇਸਤੇਮਾਲ ਕਰਨ ਅਤੇ ਬਾਅਦ 'ਚ ਪਦਾਰਥਾਂ ਉੱਤੇ ਨਿਰਭਰਤਾ ਦੇ ਜਾਲ 'ਚ ਫਸਣ ਦੇ ਖਤਰੇ ਤੋਂ ਬਚਣ ਲਈ ਜ਼ੋਰ ਦਿੱਤਾ ਜਾ ਰਿਹਾ ਹੈ।

ਨਾਜਾਇਜ਼ ਨਸ਼ਿਆਂ ਦੇ ਵਪਾਰ ਵਿਰੁੱਧ ਸੰਯੁਕਤ ਰਾਸ਼ਟਰ ਦਾ ਅੰਤਰਰਾਸ਼ਟਰੀ ਦਿਵਸ 26 ਜੂਨ, 1989 ਤੋਂ ਮਨਾਉਣਾ ਸ਼ੁਰੂ ਕੀਤਾ ਗਿਆ। 26 ਜੂਨ ਦੀ ਤਾਰੀਕ ਚੀਨ ਦੇ ਪਹਿਲੇ ਅਫੀਮ ਯੁੱਧ ਤੋਂ ਠੀਕ 25 ਜੂਨ, 1839 ਨੂੰ ਖਤਮ ਹੋਣ ਵਾਲੀ ਹੁਮੇਨ, ਗੁਆਂਗਡੋਂਗ ਵਿਚ ਲਿਨ ਜੈਕਸਨ ਦੇ ਅਫੀਮ ਦੇ ਵਪਾਰ ਨੂੰ ਖਤਮ ਕਰਨ ਦੀ ਯਾਦ ਦਿਵਾਉਂਦੀ ਹੈ। ਅਪ੍ਰੈਲ, 2016 'ਚ ਰਣਨੀਤੀ ਦੀ ਮਹੱਤਤਾ ਨੂੰ ਹੋਰ ਮਜ਼ਬੂਤ ਕੀਤਾ ਗਿਆ ਸੀ, ਜਦੋਂ ਸੰਯੁਕਤ ਰਾਸ਼ਟਰ ਨੇ ਨਸ਼ਿਆਂ 'ਤੇ ਇਕ ਜਨਰਲ ਅਸੈਂਬਲੀ ਦਾ ਆਯੋਜਨ ਕਰਨ ਦਾ ਫੈਸਲਾ ਕੀਤਾ ਸੀ, ਤਾਂ ਕਿ ਪਹਿਲਾਂ ਦੀ ਨੀਤੀ ਦੇ ਦਸਤਾਵੇਜ਼ ਦੀ ਤਰੱਕੀ ਵਿਚ ਇਕ ਮੀਲ ਪੱਥਰ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ। ਜਿਸ ਵਿਚ ਮੈਂਬਰ ਰਾਜਾਂ ਨੂੰ ਨਸ਼ਿਆਂ ਦੀ ਮੰਗ ਅਤੇ ਸਪਲਾਈ ਦੋਵਾਂ ਦਾ ਮੁਕਾਬਲਾ ਕਰਨ ਲਈ ਕਿਹਾ ਗਿਆ ਸੀ, ਜਦਕਿ ਪਹੁੰਚ ਵਿਚ ਸੁਧਾਰ ਹੋਇਆ ਸੀ।

ਯੂ.ਐੱਨ.ਓ.ਡੀ.ਸੀ. ਦੇ ਮੁਤਾਬਕ ਲਗਭਗ 200 ਮਿਲੀਅਨ ਤੋਂ ਵੱਧ ਲੋਕ ਵਿਸ਼ਵ ਭਰ ਵਿਚ ਨਾਜਾਇਜ਼ ਦਵਾਈਆਂ - ਕੋਕੀਨ, ਕੈਨਾਬਿਸ, ਹੈਲਸਿਨੋਜੇਨਜ਼, ਓਪੀਐਟਸ ਅਤੇ ਸੈਡੇਟਿਵ ਹਾਈਪਨੋਟਿਕਸ ਦੀ ਵਰਤੋਂ ਕਰ ਰਹੇ ਹਨ। ਦਸੰਬਰ ਵਿਚ ਸੰਯੁਕਤ ਰਾਸ਼ਟਰ ਮਹਾਂਸਭਾ ਨੇ 26 ਜੂਨ ਨੂੰ ਨਸ਼ਾਖੋਰੀ ਅਤੇ ਨਾਜਾਇਜ਼ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ। ਸੰਯੁਕਤ ਰਾਸ਼ਟਰ ਨਸ਼ਾਖੋਰੀ ਤੋਂ ਮੁਕਤ ਇੱਕ ਅੰਤਰਰਾਸ਼ਟਰੀ ਸਮਾਜ ਬਣਾਉਣ ਵਿਚ ਹੈਲਪ ਲਈ ਵਚਨਬੱਧ ਸੀ। 1998 'ਚ ਸੰਯੁਕਤ ਰਾਸ਼ਟਰ ਮਹਾਂਸਭਾ ਨੇ ਵਿਸ਼ਵ ਵਿਆਪੀ ਨਸ਼ਿਆਂ ਦੀ ਸਮੱਸਿਆ ਦੇ ਹੱਲ ਲਈ ਇੱਕ ਰਾਜਨੀਤਿਕ ਘੋਸ਼ਣਾ ਕਰਨ ਦੇ ਨਾਲ ਵਚਨਬੱਧਤਾ ਜ਼ਾਹਿਰ ਕੀਤੀ ਗਈ। ਅੰਕੜਿਆਂ ਦੇ ਮੁਤਾਬਿਕ ਲਗਭਗ 21000 ਤੋਂ ਵੱਧ 12 ਤੋਂ 15 ਸਾਲ ਦੀ ਉਮਰ 'ਚ ਪਹਿਲੀ ਵਾਰ ਖਤਰਨਾਕ ਨਸ਼ੇ ਲੈਣੇ ਸ਼ੁਰੂ ਕੀਤੇ। ਡੇਲੀ ਹਜ਼ਾਰਾਂ ਹੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੋ ਰਹੇ ਹਨ।



**ਨਸ਼ਿਆਂ ਨੇ ਕੀਤਾ ਸਰੀਰ ਨੂੰ ਖੋਖਲਾ:** ਬੇਸ਼ੁਮਾਰ ਕਿਸਮ ਦੇ ਨਸ਼ੀਲੇ ਪਦਾਰਥ ਨਿਕੋਟਿਨ, ਕੋਕੀਨ, ਭੰਗ, ਵਗੈਰਾ ਅਜਿਹੇ ਰਸਾਇਣ ਹਨ, ਜੋ ਮਨੁਖੀ ਸਰੀਰ ਅਤੇ ਦਿਮਾਗ 'ਤੇ ਲੰਬੇ ਸਮੇਂ ਤੱਕ ਮਾੜਾ ਅਸਰ ਪਾ ਰਹੇ ਹਨ। ਨੌਜਵਾਨ ਪੀੜ੍ਹੀ ਨਸ਼ੇ ਮੂੰਹ ਰਾਹੀਂ, ਇੰਜੈਕਸ਼ਨ 'ਤੇ ਸੰਘਣ ਨਾਲ ਡਬਲ ਡੋਜ਼ ਲੈਣ ਕਰਕੇ ਮੌਤ ਦਾ ਸ਼ਿਕਾਰ ਹੋ ਰਹੀ ਹੈ। ਦਿਮਾਗੀ ਰਸਾਇਣ ਡੋਪਾਮਾਈਨ ਆਪਣੇ ਕਬਜ਼ੇ ਵਿਚ ਲੈ ਕੇ ਨਸ਼ਾ ਕਰਨ ਵਾਲੇ ਨੂੰ ਬਾਰ-ਬਾਰ ਨਸ਼ਾ ਲੈਣ ਲਈ ਮਜਬੂਰ ਕਰਦਾ ਹੈ। ਹਾਲਾਂਕਿ ਸ਼ੁਰੂਆਤ ਆਪਣੀ ਇੱਛਾ ਨਾਲ ਨਸ਼ਾ ਕਰਦੇ ਹਨ। ਨਸ਼ਿਆਂ ਦੀ ਲੱਤ ਰਿਸ਼ਤੇ ਅਤੇ ਖਾਨਦਾਨ ਤਬਾਹ ਕਰ ਰਹੀ ਹੈ। ਵੱਧ ਰਹੀ ਤਲਬ ਸੋਚਣ-ਸਮਝਣ, ਕੁੱਝ ਵੀ ਕਰਨ ਦੀ ਤਾਕਤ ਜੜ੍ਹੋਂ ਖਤਮ ਕਰ ਰਹੀ ਹੈ।

ਇਮਿਊਨ ਸਿਸਟਮ ਕਮਜ਼ੋਰ ਹੋ ਜਾਣ ਨਾਲ ਕੋਈ ਵੀ ਇਨਫੈਕਸ਼ਨ ਦੀ ਸੰਭਾਵਨਾ ਹਮੇਸ਼ਾ ਬਰਾਬਰ ਬਣੀ ਰਹਿੰਦੀ ਹੈ। ਹਮੇਸ਼ਾ ਸਟ੍ਰੈੱਸ ਰਹਿਣ ਕਰਕੇ ਹਾਈ ਬਲੱਡ-ਪ੍ਰੈਸ਼ਰ ਵੱਧਣ ਨਾਲ ਹਾਰਟ-ਅਟੈਕ, ਗੁਰਦੇ ਫੇਲ ਹੋਣ ਦੇ ਅੰਕੜੇ ਤੇਜ਼ੀ ਨਾਲ ਵੱਧ ਰਹੇ ਹਨ। ਘੱਟ ਉਮਰ ਵਿਚ ਹੀ ਫੇਫੜੇ ਕਮਜ਼ੋਰ ਹੋ ਜਾਣ ਦੀ ਹਾਲਤ ਵਿਚ ਦਮਾ ਤੇ ਲੰਗ-ਕੈਂਸਰ ਹੋ ਸਕਦਾ ਹੈ। ਜ਼ਿਆਦਾਤਰ ਔਰਤਾਂ ਨਸ਼ੇ ਦੀ ਸ਼ੁਰੂਆਤ ਮੂਡ ਸੈੱਟ ਕਰਨ ਲਈ ਅਲਕੋਹਲ ਤੋਂ ਕਰਕੇ ਛੇਤੀ ਹੀ ਦੂਜੇ ਖਤਰਨਾਕ ਨਸ਼ੇ ਲੈਣੇ ਸ਼ੁਰੂ ਕਰ ਦਿੰਦੀਆਂ ਹਨ। ਹੋਰਨਾਂ ਖਤਰਨਾਕ ਰੋਗਾਂ ਦੇ ਨਾਲ ਬੱਚਾ ਪੈਦਾ ਕਰਨ ਵਾਲੇ ਅੰਗ ਕਮਜ਼ੋਰ ਹੋ ਜਾਣ ਨਾਲ ਨਵਜ਼ਾਤ ਬੱਚਾ ਅੰਗਹੀਨ ਅਤੇ ਖਤਰਨਾਕ ਬਿਮਾਰੀ ਨਾਲ ਲੈ ਕੇ ਆਉਂਦਾ ਹੈ। ਨਾਜਾਇਜ਼ ਨਸ਼ੇ ਦੀ ਵਰਤੋਂ ਗਰਭਵਤੀ ਔਰਤਾਂ ਖੁਦ ਨੂੰ ਅਤੇ ਆਉਣ ਵਾਲੇ ਬੱਚੇ ਲਈ ਖਤਰਾ ਪੈਦਾ ਕਰਦੀਆਂ ਹਨ। ਨਸ਼ੇੜੀ ਮਰਦ ਮਰਦਾਨਗੀ ਤੋਂ ਹਮੇਸ਼ਾ ਲਈ ਹੱਥ ਧੋ ਬੈਠਦੇ ਹਨ। ਬੱਚਾ ਪੈਦਾ ਕਰਨ ਦੀ ਤਾਕਤ ਖਤਮ ਹੋ ਜਾਣ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।

- ਅੱਜ ਵਿਸ਼ਵ ਦੇ ਹਰ ਵਿਅਕਤੀ ਅਤੇ ਹਰ ਪੱਧਰ 'ਤੇ ਨਸ਼ਿਆਂ ਦੇ ਤੱਥ ਸਾਂਝੇ ਕਰਕੇ-ਜ਼ਿੰਦਗੀ ਬਚਾਉਣ ਲਈ ਅੱਗੇ ਆਉਣ ਦੀ ਲੋੜ ਹੈ।
- ਨਾਜਾਇਜ਼ ਦਵਾਈਆਂ ਦੀ ਵਰਤੋਂ ਤੋਂ ਦੂਰ ਰਹਿਣ ਲਈ ਆਪਣੀ ਵਿੱਲ-ਪਾਵਰ ਵਧਾਓ।
- ਵਿਸ਼ਵ ਭਰ ਵਿਚ ਤੇਜ਼ੀ ਨਾਲ ਵੱਧ ਰਹੀ ਨਸ਼ਿਆਂ ਦੀ ਲੱਤ ਸਮਾਜ ਨੂੰ ਮੌਤ ਦੇ ਰਸਤੇ 'ਤੇ ਲੈ ਕੇ ਜਾ ਰਹੀ ਹੈ। ਸਮਾਜ ਵਿਚ ਬਦਲਾਅ ਜਰੂਰੀ ਹੈ:
- ਹਰ ਮਾਂ-ਬਾਪ ਦਾ ਫਰਜ਼ ਹੈ ਕਿ ਪਰਿਵਾਰ ਵਿਚ ਬੱਚਿਆਂ ਨੂੰ ਬਚਪਨ ਤੋਂ ਹੀ ਨਜ਼ਰ ਅਤੇ ਨਸ਼ਿਆਂ ਦੇ ਮਾੜੇ ਅਸਰ ਬਾਰੇ ਗਾਈਡ ਵੀ ਕਰਨ। ਜੇ ਬੱਚਾ ਨਸ਼ਿਆਂ ਦੇ ਮਾੜੇ ਅਸਰ ਨੂੰ ਜਾਣਦਾ ਹੈ, ਤਾਂ ਭਵਿੱਖ ਵਿਚ ਹਰ ਕਦਮ ਸੋਚ-ਸਮਝ ਕੇ ਲਵੇਗਾ।
- ਸੈਲਫ ਕਾਨਫੀਡੈਂਸ, ਸਹੀ ਤਰਕ ਵਾਲੀ ਗਾਈਡ ਲਾਈਨ, ਸਮਾਜ ਨੂੰ ਮੌਤ ਦੇ ਰਸਤੇ 'ਤੇ ਲੈ ਜਾਣ ਤੋਂ ਰੋਕ ਸਕਦੀ ਹੈ।
- ਨਸ਼ੇ ਦੇ ਸ਼ਿਕਾਰ ਅਤੇ ਨਸ਼ੀਲੀ ਦਵਾਈਆਂ ਛੱਡਣ ਲਈ ਸੋਸ਼ਲ ਸੰਸਥਾਵਾਂ ਦੇ ਨਾਲ-ਨਾਲ ਥੈਰੇਪਿਸਟ ਦੀ ਸਲਾਹ ਵੀ ਲੈਣੀ ਚਾਹੀਦੀ ਹੈ।

**ਨੋਟ:** ਗੈਰ-ਕਾਨੂੰਨੀ ਨਾਜਾਇਜ਼ ਨਸ਼ਿਆਂ ਤੋਂ ਬਚੋ ਅਤੇ ਸਾਹਮਣੇ ਵਾਲੇ ਨੂੰ ਬਚਾਓ। ਨਸ਼ਿਆਂ ਦੀ ਦੁਰਵਰਤੋਂ ਕਾਰਨ ਰਿਸ਼ਤਿਆਂ ਦਾ ਟੁੱਟਣਾ, ਘਰੋਂ ਬੇ-ਘਰ ਹੋਣਾ, ਨੌਕਰੀ ਚਲੀ ਜਾਣਾ, ਕਾਨੂੰਨੀ ਚੱਕਰ ਅਤੇ ਸਰੀਰ ਅਤੇ ਮਨ ਦੀਆਂ ਖਤਰਨਾਕ ਬਿਮਾਰੀਆਂ ਜਨਮ ਲੈ ਰਹੀਆਂ ਹਨ। ਜ਼ਿੰਦਗੀ ਅਨਮੋਲ ਹੈ। ਅੱਜ ਹੀ ਸ਼ਪਥ ਲਵੋ, ਪਹਿਲਾਂ ਆਪਣੇ-ਆਪ ਨੂੰ ਬਦਲ ਕੇ ਪੂਰੇ ਸਮਾਜ ਨੂੰ ਬਦਲਣ ਦਾ ਯਤਨ ਕਰੋ।

# ਅੰਮ੍ਰਿਤਸਰ ਦੇ ਇਤਿਹਾਸਕ, ਧਾਰਮਿਕ, ਸਾਹਿਤਕ ਪਰਿਪੇਖ ਵਿਚ ਪੰਜਾਬੀ ਪੱਤਰਕਾਰੀ ਦਾ ਯੋਗਦਾਨ

-ਦਿਲਜੀਤ ਸਿੰਘ ਬੇਦੀ
(Punjab Mail USA)



ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਾਰਜ ਏਸੇ ਸ਼ਹਿਰ ਵਿਚ ਕਰਕੇ ਧਾਰਮਿਕ, ਸਮਾਜਿਕ, ਸੱਭਿਆਚਾਰਕ ਤੇ ਸਾਹਿਤ ਦੇ ਇਤਿਹਾਸ ਵਿਚ ਇੱਕ ਨਵੇਕਲਾ ਤੇ ਸਤਿਕਾਰ ਵਾਲਾ ਕਾਰਜ ਕੀਤਾ। ਸ੍ਰੀ ਅੰਮ੍ਰਿਤਸਰ ਸਿੱਖ ਇਤਿਹਾਸ ਅਤੇ ਸਿੱਖ ਸਭਿਆਚਾਰ ਦਾ ਕੇਂਦਰੀ ਅਸਥਾਨ ਹੈ। ਇਹ ਸ਼ਹਿਰ ਲਗਭਗ ਸਾਢੇ ਚਾਰ ਸਦੀਆਂ ਤੋਂ ਕੌਮੀ ਵਿਰਾਸਤ ਅਤੇ ਧਾਰਮਿਕ ਰਹੁਰੀਤਾਂ ਦੀ ਜਿਉਂਦੀ-ਜਾਗਦੀ ਤਸਵੀਰ ਹੈ, ਜੋ ਕੌਮ ਲਈ ਹਰ ਸਮੇਂ ਪ੍ਰੇਰਨਾ-ਸ੍ਰੋਤ ਬਣਿਆ ਰਿਹਾ ਹੈ। ਅੰਮ੍ਰਿਤਸਰ ਸ਼ਹਿਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਿਛੋਕੜ ਦਾ ਇਤਿਹਾਸ ਇਕ ਗੌਰਵਮਈ ਵਿਰਸਾ ਹੈ। ਸਮੁੱਚਾ ਸਿੱਖ ਇਤਿਹਾਸ ਕਿਸੇ ਨਾ ਕਿਸੇ ਰੂਪ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਰਿਹਾ ਹੈ, ਜਿਸ ਦਾ ਜ਼ਿਕਰ ਤਕਰੀਬਨ ਇਤਿਹਾਸ ਦੀਆਂ ਵੱਖ-ਵੱਖ ਪਰਤਾਂ 'ਚ ਮਿਲ ਜਾਂਦਾ ਹੈ। ਅੰਮ੍ਰਿਤਸਰ ਤੋਂ ਛਪਦੇ ਅਖਬਾਰ, ਰਸਾਲੇ ਵੀ ਵੱਖ-ਵੱਖ ਸੰਘਰਸ਼ਾਂ ਨੂੰ ਸੇਧ ਦਿੰਦੇ ਰਹੇ ਹਨ। ਸੱਭਿਆਚਾਰ, ਰਾਜਨੀਤਿਕ ਅਤੇ ਸਾਹਿਤਕ ਪੱਖ ਤੋਂ ਵੀ ਇਸ ਸ਼ਹਿਰ ਦੀ ਪੱਤਰਕਾਰੀ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਧਾਰਮਿਕ ਖੇਤਰ ਵਿਚ ਨਾਮਵਰ ਅਖਬਾਰ ਰਸਾਲੇ ਨਿੱਜੀ ਅਤੇ ਸੰਸਥਾਵਾਂ ਵੱਲੋਂ ਏਥੋਂ ਪ੍ਰਕਾਸ਼ਿਤ ਹੁੰਦੇ ਰਹੇ ਹਨ। ਸਮੇਂ ਦੀ ਧੁੱਪ, ਛਾਂ ਨੇ ਕਈ ਅਹਿਮ ਆਧੁਨਿਕ ਵਿਗਿਆਨਿਕ ਤਬਦੀਲੀਆਂ ਲਿਆਂਦੀਆਂ ਹਨ ਕਿ ਪੱਤਰਕਾਰੀ ਖੇਤਰ ਵੱਡੀ ਉਥਲ-ਪੁੱਥਲ ਹੋ ਗਈ ਹੈ। ਨੌਜਵਾਨ ਵਰਗ ਕਿਤਾਬ, ਰਸਾਲੇ ਅਤੇ ਅਖਬਾਰ ਤੋਂ ਦੂਰ ਹੁੰਦਾ ਗਿਆ ਹੈ। ਹੁਣ ਬਹੁਤੀ ਜਾਣਕਾਰੀ ਭਾਵੇਂ ਤੱਥਾਂ 'ਤੇ ਆਧਾਰਿਤ ਯਕੀਨਨ ਨਾ ਵੀ ਹੋਵੇ, ਤੁਹਾਨੂੰ ਮੋਬਾਇਲ ਤੋਂ ਝਲਕਾਰੇ ਪੈ ਜਾਂਦੇ ਹਨ। ਅੰਮ੍ਰਿਤਸਰ ਸ਼ਹਿਰ ਤੋਂ ਪ੍ਰਕਾਸ਼ਿਤ ਹੁੰਦੇ ਅਖਬਾਰਾਂ ਰਸਾਲਿਆਂ ਦਾ ਇੱਕ ਵਿਸ਼ੇਸ਼ ਇਤਿਹਾਸ ਹੈ। ਕਿਹੜੇ ਅਖਬਾਰ ਰਸਾਲੇ ਛਪਦੇ ਸਨ, ਉਨ੍ਹਾਂ ਬਾਰੇ ਜੇ ਵਿਸਥਾਰ 'ਚ ਗੱਲ ਕਰੀਏ ਤਾਂ ਨਿਬੰਧ ਕਿਤਾਬੀ ਰੂਪ ਧਾਰਦਾ ਹੈ। ਇੱਥੇ ਕੇਵਲ ਨਾਮ ਹੀ ਲਿੱਖ ਕੇ ਪਾਠਕਾਂ ਨਾਲ ਸਾਂਝ ਪਾ ਰਹੇ ਹਾਂ।

ਅੰਮ੍ਰਿਤਸਰ ਪੰਜਾਬੀ ਪੱਤਰਕਾਰੀ ਦਾ ਗੜ੍ਹ ਹੁੰਦਾ ਸੀ, ਅਨੇਕਾਂ ਅਖਬਾਰਾਂ ਰਸਾਲੇ ਛੱਪਦੇ ਸਨ ਅਤੇ ਅਨੇਕਾਂ ਹੀ ਪ੍ਰਿੰਟਿੰਗ ਪ੍ਰੈੱਸਾਂ ਹੁੰਦੀਆਂ ਸਨ। ਬਹੁਤ ਸਾਰੀਆਂ ਲੋਕਲ ਨੰਬਰ ਵਾਲੀਆਂ ਬੱਸਾਂ ਚੱਲਦੀਆਂ ਸਨ। ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਸਮੇਂ-ਸਮੇਂ ਅਨੁਸਾਰ ਬਹੁਤ ਵੱਡੇ ਪਰਿਵਰਤਨ ਦੇਖਣ ਨੂੰ ਮਿਲੇ ਹਨ। ਪਹਿਲਾਂ ਹਾਲ ਗੇਟ ਦੇ ਬਾਹਰਵਾਰ ਤੋਂ ਵੱਖ-ਵੱਖ ਨੰਬਰਾਂ ਵਾਲੀਆਂ ਲੋਕਲ ਬੱਸਾਂ ਮਿਉਂਸਪਲ ਕਮੇਟੀ ਦੀ ਹੱਦ ਤੱਕ ਚੱਲਦੀਆਂ ਸਨ। ਜਿਨ੍ਹਾਂ ਨੂੰ ਬੇਓੜਕ ਸਵਾਰੀ ਦਾ ਸਾਹਮਣਾ ਕਰਨਾ ਪੈਂਦਾ ਸੀ। ਇੱਥੋਂ ਲੋਕਲ ਬੱਸਾਂ ਪਾਗਲਖਾਨਾ, ਛੇਹਰਟਾ, ਨਰਾਇਣਗੜ੍ਹ, ਵੇਰਕਾ, ਜੰਡਿਆਲਾ ਤੀਕ, ਰਾਮ ਬਾਗ਼ ਟਾਂਗਾ ਸਟੈਂਡ ਲਾਗੋਂ ਖਡੂਰ ਸਾਹਿਬ, ਗੋਇੰਦਵਾਲ ਆਦਿ। ਚਾਟੀਵਿੰਡ ਗੇਟ ਤੋਂ ਤਰਨ-ਤਾਰਨ, ਜ਼ੀਰਾ, ਫਰੀਦਕੋਟ, ਫਿਰੋਜ਼ਪੁਰ, ਮਾਲਵਾ ਆਦਿ ਲਈ ਬੱਸਾਂ ਚੱਲਦੀਆਂ ਸਨ। ਇਸੇ ਤਰ੍ਹਾਂ ਹੀ ਸੰਤ ਰਾਮ ਸਰ੍ਹਾਂ ਹਾਲ ਗੇਟ (ਗਾਂਧੀ ਦਰਵਾਜ਼ਾ) ਦੇ ਬਾਹਰਵਾਰ ਤੋਂ ਜੰਮੂ, ਪਠਾਨਕੋਟ, ਗੁਰਦਾਸਪੁਰ, ਬਟਾਲਾ, ਧਾਰੀਵਾਲ ਆਦਿ ਲਈ ਚੱਲਦੀਆਂ ਸਨ। ਅੱਜ ਵੀ ਰਾਤਰੀ ਸਪੈਸ਼ਲ ਬੱਸਾਂ ਇੱਥੋਂ ਚੱਲਦੀਆਂ ਹਨ। ਹਾਲ ਗੇਟ ਤੋਂ ਅੱਗੇ ਬਿਜਲੀ ਘਰ ਸਾਹਮਣੇ, ਜਲੰਧਰ, ਲੁਧਿਆਣਾ, ਦਿੱਲੀ, ਚੰਡੀਗੜ੍ਹ ਆਦਿ। ਵੱਖ-ਵੱਖ ਬੱਸ ਸਟੈਂਡਾਂ ਦੇ ਲਾਗੇ ਕ੍ਰਮਵਾਰ ਟਾਂਗਾ ਸਟੈਂਡ ਵੀ ਹੁੰਦੇ ਸਨ। ਹੁਣ ਅੰਮ੍ਰਿਤਸਰ ਵਿਚ ਟਾਂਗਾ ਹੈ ਪਰ ਬਹੁਤ ਘੱਟ ਹੈ। ਥ੍ਰੀਵੀਲਰ ਤੇ ਈ-ਰਿਕਸ਼ਾ ਨੇ ਟਾਂਗਾ ਕਿੱਤਾ ਖ਼ਤਮ ਕਰ ਦਿੱਤਾ।

ਅੰਮ੍ਰਿਤਸਰ ਹਾਲ ਗੇਟ, ਜਿਸ ਨੂੰ ਗਾਂਧੀ ਦਰਵਾਜ਼ਾ ਵੀ ਕਿਹਾ ਜਾਂਦਾ ਹੈ। ਉਸ ਦੇ ਬਾਹਰਵਾਰ ਅਖਬਾਰਾਂ ਰਸਾਲਿਆਂ ਦੇ ਖੋਖਿਆਂ ਨੁਮਾ ਦੁਕਾਨਾਂ ਤੇ ਰਸਾਲੇ (ਮੈਗਜ਼ੀਨ) ਅਖਬਾਰਾਂ 'ਚ ਛੱਪੀਆਂ ਰਚਨਾਵਾਂ ਵੇਖਣ ਖਰੀਦਣ ਲਈ ਲੇਖਕ, ਸ਼ਾਇਰ, ਸਾਹਿਤਕਾਰ, ਪੱਤਰਕਾਰ ਦੋਸਤ ਸਾਰੇ ਏਥੇ ਹੀ ਮਿਲ ਪੈਂਦੇ ਸਨ। ਖ਼ੂਬ ਸਾਹਿਤਕ ਚਰਚੇ ਹੁੰਦੇ ਸਨ। ਸਾਹਿਤ ਸਭਾਵਾਂ ਵਿਚ ਤਾਂ ਮੇਲ ਹੋਣੇ ਹੋਰ ਗੱਲ ਸੀ ਪਰ ਇਹ ਖੋਖੇ ਵਿਛੜਿਆਂ ਨੂੰ ਮਿਲਾ ਦੇਂਦੇ ਸਨ। ਕਿਸੇ ਲੇਖਕ ਪੱਤਰਕਾਰ ਦਾ ਪਤਾ ਲੈਣਾ ਹੋਏ ਤਾਂ ਅਖਬਾਰਾਂ ਦੀਆਂ ਏਜੰਸੀਆਂ ਵਾਲੇ ਸਭ ਦੱਸ ਦੇਂਦੇ, ਸ੍ਰੀ ਬੇਲੀ ਰਾਮ ਮੁੱਦਤਾਂ ਤੋਂ ਏਹੋ ਕਿੱਤੇ ਵਿਚ ਹਨ, ਹੁਣ ਉਨ੍ਹਾਂ ਦੇ ਪੁੱਤਰ ਵਿਜੈ ਕੁਮਾਰ ਤੇ ਪ੍ਰਦੀਪ ਕੁਮਾਰ ਕੰਮ ਕਰ ਰਹੇ ਹਨ।

ਅੰਮ੍ਰਿਤਸਰ ਸ਼ਹਿਰ ਇਤਿਹਾਸਕ ਪੱਖੋਂ ਬਹੁਤ ਅਮੀਰ ਹੈ, ਜਿਥੇ ਇਹ ਵਿਉਪਾਰ ਦਾ ਕੇਂਦਰ ਰਿਹਾ ਹੈ। ਉਥੇ ਬਹੁਤ ਸਾਰੇ ਅਖਬਾਰ ਰਸਾਲੇ ਇਸ ਸ਼ਹਿਰ ਤੋਂ ਛੱਪਦੇ ਰਹੇ ਹਨ। ਥੋੜ੍ਹੀ ਦੂਰ ਲਾਹੌਰ ਹੈ, ਉਥੇ ਵੀ ਦੇਸ਼ ਵੰਡ ਤੋਂ ਪਹਿਲਾਂ ਤੇ ਬਾਅਦ ਵਿਚ ਵੀ ਪੰਜਾਬੀ, ਉਰਦੂ ਅਖਬਾਰਾਂ, ਰਸਾਲਿਆਂ ਦਾ ਗੜ੍ਹ ਰਿਹਾ ਹੈ। ਅੰਮ੍ਰਿਤਸਰ ਵਿਚ ਰਸਾਲਿਆਂ, ਅਖਬਾਰਾਂ ਨੂੰ ਛਾਪਣ ਲਈ ਪ੍ਰਿੰਟਿੰਗ ਪ੍ਰੈਸਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਨ੍ਹਾਂ ਤੋਂ ਸਮਾਜਿਕ ਕਾਰ ਵਿਹਾਰਾਂ ਨਾਲ ਸਬੰਧਤ ਸਮੱਗਰੀ ਵੀ ਛੱਪਦੀ ਸੀ। ਇਨ੍ਹਾਂ ਨੂੰ ਛਾਪਣ ਵਾਲੀਆਂ ਪ੍ਰੈੱਸਾਂ ਜਿਵੇਂ ਵਜ਼ੀਰ ਹਿੰਦ ਪ੍ਰੈੱਸ ਹਾਲ ਬਜ਼ਾਰ, ਸਨਾਤਨ ਧਰਮ ਪ੍ਰੈਸ ਚੌਂਕ ਬਿਜਲੀ, ਸਾਖ਼ੀ ਪ੍ਰਿੰਟਿੰਗ ਪ੍ਰੈੱਸ ਧੋਬੀਆਂ ਵਾਲਾ ਬਜ਼ਾਰ, ਸ਼ਾਂਤ ਪ੍ਰਿੰਟਿੰਗ ਪ੍ਰੈੱਸ ਸੁਲਤਾਨਵਿੰਡ ਰੋਡ, ਕਲਕੱਤਾ ਪ੍ਰਿੰਟਿੰਗ ਪ੍ਰੈੱਸ, ਨਿਊ ਕਲਕੱਤਾ ਪ੍ਰਿੰਟਿੰਗ ਪ੍ਰੈੱਸ ਚੌਂਕ ਕਰੋੜੀ ਹੁੰਦੀਆਂ ਸਨ। ਗੁਰਸੇਵਕ ਪ੍ਰਿੰਟਿੰਗ ਪ੍ਰੈੱਸ ਯਤੀਮਖਾਨਾ ਪੁਤਲੀਘਰ, ਸ਼ਿਮਲਾ ਪ੍ਰੈੱਸ ਭੰਡਾਰੀ ਪੁੱਲ ਦੇ ਥੱਲੇ, ਰਿਪਬਲਿਕ ਪ੍ਰੈੱਸ ਬ੍ਰਹਮਬੂਟਾ ਮਾਰਕੀਟ, ਸਤਪਾਲ ਪ੍ਰਿੰਟਿੰਗ ਪ੍ਰੈੱਸ ਚੌਂਕ ਕਰੋੜੀ, ਗੁਰਰਤਨ ਪ੍ਰਿੰਟਿੰਗ ਪ੍ਰੈੱਸ ਅਜੀਤ ਨਗਰ, ਪੰਜਾਬ ਪ੍ਰਿੰਟਿੰਗ ਪ੍ਰੈਸ ਨੇੜੇ ਕੋਤਵਾਲੀ, ਗੰਭੀਰ ਪ੍ਰਿੰਟਿੰਗ ਪ੍ਰੈੱਸ ਚੌਂਕ ਬਾਬਾ ਭੌੜੀਵਾਲਾ, ਗਿਆਨੀ ਪ੍ਰਿੰਟਿੰਗ ਪ੍ਰੈੱਸ ਘੰਟਾਘਰ ਸ੍ਰੀ ਦਰਬਾਰ ਸਾਹਿਬ, ਸਪੈਸ਼ਲ ਪ੍ਰਿੰਟਿੰਗ ਪ੍ਰੈੱਸ ਧੋਬੀਆਂ ਬਾਜ਼ਾਰ, ਤੇਜ਼ ਪ੍ਰਿੰਟਿੰਗ ਪ੍ਰੈੱਸ ਕੱਟੜਾ ਸ਼ੇਰ ਸਿੰਘ, ਡਾਨ ਪ੍ਰਿੰਟਿੰਗ ਪ੍ਰੈੱਸ ਕਟੜਾ ਸ਼ੇਰ ਸਿੰਘ, ਇਸਕਾਰਟ ਪ੍ਰਿੰਟਿੰਗ ਪ੍ਰੈੱਸ ਨੇੜੇ ਗੰਗਾ ਬਿਲਡਿੰਗ ਪੁਤਲੀਘਰ, ਸ਼ਰਨ ਪ੍ਰਿੰਟਿੰਗ ਪ੍ਰੈੱਸ ਬਿਜਲੀ ਵਾਲਾ ਚੌਂਕ, ਜੇ.ਐੱਚ. ਪ੍ਰਿੰਟਿੰਗ ਪ੍ਰੈੱਸ ਟੈਲੀਫੋਨ ਐਕਸਚੇਂਜ, ਗੁਰਮਤਿ ਪ੍ਰਿੰਟਰਜ਼ ਪ੍ਰੈੱਸ ਛੇਹਰਟਾ, ਭਾਈ ਚਤਰ ਸਿੰਘ, ਜੀਵਨ ਸਿੰਘ ਪ੍ਰਿੰਟਰਜ਼ ਈਸਟ ਮੋਹਨ ਨਗਰ 1880, ਪ੍ਰਿੰਟਵੈਲ ਫੋਕਲ ਪੁਆਇੰਟ 1994, ਗੋਲਡਨ ਆਫਸੈਟ ਪ੍ਰੈੱਸ ਰਾਮਸਰ ਰੋਡ, ਨਗਰ ਨਿਗਮ ਅੰਮ੍ਰਿਤਸਰ ਪ੍ਰਿੰਟਿੰਗ ਪ੍ਰੈੱਸ ਰਾਮ ਬਾਗ਼ 1930, ਸ਼੍ਰੋਮਣੀ ਪ੍ਰਿੰਟਿੰਗ ਪ੍ਰੈੱਸ, ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਆਦਿ ਸਨ ਤੇ ਹਨ। ਇਨ੍ਹਾਂ ਵਿਚੋਂ ਹੁਣ ਬਹੁਤ ਸਾਰੀਆਂ ਪ੍ਰੈੱਸਾਂ ਕਿੱਤਾਂ ਤਬਦੀਲੀ ਹੋਣ ਕਾਰਨ ਬੰਦ ਹੋ ਚੁੱਕੀਆਂ ਹਨ।

**ਅਖਬਾਰ**:- ਅਖਬਾਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਦਿ ਵਕੀਲ ਅੰਮ੍ਰਿਤਸਰ ਰੋਜ਼ਾਨਾ ਉਰਦ ਈਵਨਿੰਗ, ਗੁਰੂ ਕਾ ਬਾਗ਼, ਖ਼ਾਲਸਾ, ਜਸਟਿਸ ਗੁਰਨਾਮ ਸਿੰਘ ਨੇ ਪ੍ਰਭਾਤ ਕੱਢਿਆ ਪਰ ਉਸ ਦਾ ਨਾਂ ਬਦਲ ਕੇ ਪ੍ਰਭਾਵ ਕਰ ਦਿੱਤਾ ਗਿਆ। ਸਿਆਸੀ ਜੰਗ ਰੋਜ਼ਾਨਾ ਈਵਨਿੰਗ ਸੰਪਾਦਕ ਜਸਪਾਲ ਸ਼ਰਮਾ, ਗ਼ਰਦਸ਼-ਏ-ਆਮ ਰੋਜ਼ਾਨਾ ਉਰਦੂ ਈਵਨਿੰਗ, ਗੜ੍ਹਗੱਜ, ਬੱਬਰਸ਼ੇਰ, ਸ਼ੇਰੇ ਪੰਜਾਬ। ਸੰਤ ਸਿਪਾਹੀ ਮਾਸਿਕ, ਅਕਾਲੀ ਆਗੂ ਮਾ: ਤਾਰਾ ਸਿੰਘ ਵੱਲੋਂ ਸ਼ੁਰੂ ਕੀਤਾ ਗਿਆ ਸੀ, ਜਿਸ ਨੂੰ ਉਨ੍ਹਾਂ ਦੀ ਧੀ ਡਾ. ਰਾਜਿੰਦਰ ਕੌਰ ਨੇ ਨਿਰੰਤਰ ਜਾਰੀ ਰੱਖਿਆ, ਉਨ੍ਹਾਂ ਤੋਂ ਬਾਅਦ ਗ਼ਿ. ਭਗਤ ਸਿੰਘ, ਸ. ਕੰਵਲਜੀਤ ਸਿੰਘ ਵਿੰਗ ਕਮਾਂਡਰ, ਸ. ਮਨਜੀਤ ਸਿੰਘ, ਸ. ਗੁਰਚਰਨਜੀਤ ਸਿੰਘ ਲਾਂਬਾ ਐਡਵੋਕੇਟ, ਸਮੇਂ-ਸਮੇਂ ਚਲਾਉਂਦੇ ਰਹੇ ਹਨ, ਅੱਜਕੱਲ੍ਹ ਇਹ ਬੰਦ ਹੈ। ਨਈਂ ਲਹਿਰ ਉਰਦੂ ਸਪਤਾਹਿਕ ਸੰਪਾਦਕ ਓਮ ਪ੍ਰਕਾਸ਼ ਸੋਨੀ, ਸੱਚਾ ਆਗੂ ਪੰਦਰਵਾੜਾ ਸੰਪਾਦਕ ਸ. ਭਾਨ ਸਿੰਘ ਖੋਜੀ ਜੋ ਸ. ਗੁਰਦਿਆਲ ਸਿੰਘ ਪੱਤਰਕਾਰ ਦੇ ਪਿਤਾ ਸਨ, ਨਿਰਗੁਣੀਆਰਾ ਮਾਸਿਕ, ਭਾਈ ਵੀਰ ਸਿੰਘ ਵੱਲੋਂ ਗੁਰਮਤਿ ਤੇ ਲਿਖੇ ਟ੍ਰੈਕਟ ਜੋ ਬਾਅਦ ਵਿਚ ਚੀਫ ਖਾਲਸਾ ਦੀਵਾਨ ਵੱਲੋਂ ਖਾਲਸਾ ਟ੍ਰੈਕਟ ਸੁਸਾਇਟੀ ਬਣਾਈ ਗਈ ਤੇ ਇਸ ਸੁਸਾਇਟੀ ਵੱਲੋਂ ਨਿਰਗੁਣੀਆਰਾ ਮਾਸਿਕ ਪੱਤਰ ਪ੍ਰਕਾਸ਼ਤ ਕੀਤਾ ਜਾਂਦਾ ਸੀ। ਭਾਈ ਵੀਰ ਸਿੰਘ ਤੇ ਹੋਰ ਉਘੇ ਧਾਰਮਿਕ ਵਿਦਵਾਨਾਂ ਦੀਆਂ ਲਿਖਤਾਂ ਨੂੰ ਸੰਪਾਦਨ ਕਰਕੇ ਪ੍ਰਕਾਸ਼ਤ ਕੀਤਾ ਜਾਂਦਾ ਰਿਹਾ। ਇਹ ਸਾਦਾ ਜਿਹਾ ਛੱਪਦਾ ਸੀ। ਦੀਵਾਨ ਵੱਲੋਂ ਇਸ ਨੂੰ ਨਵੀਆਂ ਲੀਹਾਂ 'ਤੇ ਚਲਾਉਣ ਲਈ ਉਚੇਚੇ ਤੌਰ 'ਤੇ ਗੁਰਮਤਿ ਦੇ ਉਘੇ ਵਿਦਵਾਨ ਬੇਦੀ ਲਾਲ ਸਿੰਘ ਸਾਹਿਤਕਾਰ ਦੀਆਂ ਸੇਵਾਵਾਂ ਲਈਆਂ ਗਈਆਂ। ਬੇਦੀ ਲਾਲ ਸਿੰਘ ਸਾਹਿਤਕਾਰ ਨੇ ਢਾਈ ਦਹਾਕਿਆਂ ਤੋਂ ਵੱਧ ਇਸ ਨਿਰਗੁਣੀਆਰਾ ਮਾਸਿਕ ਪੱਤਰ ਦੀ ਸੰਪਾਦਨਾ ਕਰ ਨਵੀਂ ਦਿੱਖ ਨਾਲ ਆਮ ਲੋਕਾਂ ਤੱਕ ਇਸ ਪਰਚੇ ਨੂੰ ਪਹੁੰਚਾਇਆ, ਇਸ ਦੇ ਸਪੈਸ਼ਲ ਵਿਸ਼ੇਸ਼ ਅੰਕ ਸ਼ਤਾਬਦੀਆਂ ਸਮਰਪਿਤ ਨਿਕਲੇ। ਫਿਰ ਡਾ. ਕੁਲਵੰਤ ਸਿੰਘ ਨੇ ਕੁੱਝ ਸਮਾਂ ਸੰਪਾਦਕ ਕੀਤਾ। ਬਾਅਦ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਇਸ ਚਾਂਸਲਰ ਡਾ. ਐੱਸ.ਪੀ. ਸਿੰਘ, ਚੀਫ ਖਾਲਸਾ ਦੀਵਾਨ ਦੇ ਮੈਂਬਰ ਬਣੇ, ਤਾਂ ਫਿਰ ਮੈਂਬਰ ਇੰਚਾਰਜ ਤੇ ਮੁੱਖ ਸੰਪਾਦਕ ਵਜੋਂ ਡਾ. ਐੱਸ.ਪੀ. ਸਿੰਘ, ਸੰਪਾਦਕ ਡਾ. ਜਸਬੀਰ ਸਿੰਘ ਸਾਬਰ, ਡਾ. ਹਰਚੰਦ ਸਿੰਘ ਬੇਦੀ ਰਹੇ, ਪ੍ਰਭਾਤ ਫਾਈਨਾਂਸ ਵੱਲੋਂ ਆਰ.ਐੱਸ. ਢਿੱਲੋਂ ਵੱਲੋਂ ਪ੍ਰਭਾਤ ਟਾਇਮਜ਼ ਕੱਢਿਆ ਗਿਆ ਜਿਸ ਦੇ ਸੰਪਾਦਕ ਮੌਂਜਾ ਸਿੰਘ ਹਮਦਰਦ, ਦਿਲਜੀਤ ਸਿੰਘ ਬੇਦੀ ਬਣੇ ਕਈ ਹੋਰ ਸਹਾਇਕ ਸੰਪਾਦਕ ਵੀ ਸਨ। ਕਾਨੂੰਨੀ ਸ਼ਿਕੰਜਾ, ਸੰਪਾਦਕ ਸੁਮਿੱਤਰ ਰਾਏ, ਖ਼ਾਲਸਾ ਸਮਾਚਾਰ ਸਪਤਾਹਿਕ, ਹਾਲ ਬਾਜ਼ਾਰ ਅੰਮ੍ਰਿਤਸਰ, ਸੰਪਾਦਕ ਐੱਸ.ਐੱਸ. ਅਮੋਲ ਤੇ ਸ. ਮਨਜੀਤ ਸਿੰਘ, ਸੰਪਾਦਕ ਵਜੋਂ ਸੇਵਾ ਨਿਭਾਉਂਦੇ ਰਹੇ। ਅੱਜਕੱਲ੍ਹ ਇਹ ਪਰਚਾ ਦਿੱਲੀ ਤੋਂ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਪ੍ਰਕਾਸ਼ਤ ਹੋ ਰਿਹਾ ਹੈ। ਖਾਲਸਾ ਐਡੋਵੇਕਟ ਸਪਤਾਹਿਕ, ਚੀਫ ਖਾਲਸਾ ਦੀਵਾਨ ਦਾ ਧਾਰਮਿਕ ਤੇ ਸਿਆਸੀ ਬੁਲਾਰਾ ਪੇਪਰ ਹੈ, ਇਸ ਦੇ ਸੰਪਾਦਕ ਪ੍ਰੋ: ਮਹਿੰਦਰ ਪਾਲ ਸਿੰਘ, ਪ੍ਰੋ: ਹਰੀ ਸਿੰਘ ਸੰਧੂ, ਬੇਦੀ ਲਾਲ ਸਿੰਘ ਸਾਹਿਤਕਾਰ, ਡਾ. ਐੱਸ.ਪੀ. ਸਿੰਘ, ਡਾ. ਜਸਬੀਰ ਸਿੰਘ ਸਾਬਰ, ਡਾ. ਹਰਚੰਦ ਸਿੰਘ ਬੇਦੀ ਰਹੇ ਹਨ। ਵਰਤਮਾਨ ਸਪਤਾਹਿਕ, ਫਰੰਟੀਏਅਰ ਮੇਲ ਸਪਤਾਹਿਕ। ਅੰਮ੍ਰਿਤਸਰ ਟਾਇਮਜ਼ ਸਪਤਾਹਿਕ ਸੰਪਾਦਕ ਸੁਖਦੇਵ ਸਿੰਘ ਧੁੰਨਾ, ਤਰਨਤਰਨ ਤੋਂ ਕੌਮੀ ਜੀਵਨ ਸਪਤਾਹਿਕ, ਸੰਪਾਦਕ ਰੰਗਾ ਸਿੰਘ ਪਾਂਧੀ, ਫੁੱਲ ਪੱਥਰ ਸਪਤਾਹਿਕ, ਸੰਪਾਦਕ ਸ. ਤਰਲੋਚਨ ਸਿੰਘ। ਸੁਰਤਿ-ਤ੍ਰੈਮਾਸਿਕ ਗੁਰਬੀਰ ਬਰਾੜ, ਆਤਮ ਸਿੰਘ ਰੰਧਾਵਾ, ਅਜੋਕੇ ਸਿਲਾਲੇਖ ਸੰਪਾਦਕ ਡਾ. ਜੋਗਿੰਦਰ ਕੈਰੋਂ, ਸਿਫਤ ਸਲਾਹ ਮਾਸਿਕ ਬੀਬੀ ਕੌਲਾਂ ਜੀ ਭਲਾਈ ਕੇਂਦਰ ਚੈਰੀਟੇਬਲ ਟਰੱਸਟ ਵੱਲੋਂ ਸੰਪਾਦਕ ਭਾਈ ਗੁਰਇਕਬਾਲ ਸਿੰਘ, ਆਤਮ ਰੰਗ, ਖੰਡੇਧਾਰ, ਸੂਰਾ ਮਾਸਿਕ, ਨਿਰੋਲ ਧਾਰਮਿਕ ਪਰਚੇ ਸਨ, ਜੋ ਬੰਦ ਹੋ ਚੁੱਕੇ ਹਨ। ਸਿੰਘ ਸਭਾ ਪੱਤ੍ਰਕਾ ਪਹਿਲਾਂ ਅੰਮ੍ਰਿਤਸਰ ਤੇ ਹੁਣ ਚੰਡੀਗੜ੍ਹ ਤੋਂ ਨਿਕਲ ਰਿਹਾ ਹੈ। ਖਾਲਸਾ ਕਾਲਜ ਵੱਲੋਂ ਦਰਬਾਰ ਮੈਗਜ਼ੀਨ ਅਤੇ ਬੀ.ਬੀ.ਕੇ. ਡੀ.ਏ.ਵੀ. ਕਾਲਜ ਵੱਲੋਂ ਸਾਸੀ, ਇਸੇ ਤਰ੍ਹਾਂ ਸਾਰੇ ਸਕੂਲਾਂ, ਕਾਲਜਾਂ ਵੱਲੋਂ ਵੀ ਸਾਲਾਨਾ ਮੈਗਜ਼ੀਨ ਛਾਪੇ ਜਾ ਰਹੇ ਹਨ। ਜਿਨ੍ਹਾਂ ਵਿਚ ਵਿਦਿਆਰਥੀਆਂ ਦੀਆਂ ਰਚਨਾਵਾਂ ਪ੍ਰਕਾਸ਼ਤ ਹੁੰਦੀਆਂ ਹਨ। ਗੁਲ-ਏ-ਗੁਲਦਸਤਾ ਸਪਤਾਹਿਕ, ਸੰਪਾਦਕ ਗੁਰਦਿਆਲ ਸਿੰਘ ਕੋਟ ਖਾਲਸਾ ਤੋਂ, ਸਿੱਖ ਨਿਊਜ਼ ਸਪਤਾਹਿਕ, ਸੰਪਾਦਕ ਭੁਪਿੰਦਰ ਸਿੰਘ ਜੱਜ, ਪੰਜਾਬ ਬੋਲਿਆ ਸਪਤਾਹਿਕ ਸੰਪਾਦਕ ਮੌਜਾ ਸਿੰਘ ਹਮਦਰਦ, ਰੌਸ਼ਨਾਈ ਸਪਤਾਹਿਕ, ਸੰਪਾਦਕ ਇੰਦਰਜੀਤ ਸਿੰਘ, ਸਹਾਇਕ ਸੰਪਾਦਕ ਸੁਰਜੀਤ ਸਿੰਘ ਰਾਹੀ, ਉਨਤ ਪੰਜਾਬ ਸਪਤਾਹਿਕ, ਸੰਪਾਦਕ ਸ਼ਿੰਗਾਰਾ ਸਿੰਘ ਪਰਵਾਨਾ, ਮਾਨਸਰੋਵਰ ਸਪਤਾਹਿਕ, ਮਾਲਕ ਸੰਪਾਦਕ ਸੰਤੋਖ ਸਿੰਘ ਤਪੱਸਵੀ, ਜਲਤਰੰਗ ਸਪਤਾਹਿਕ ਸੰਪਾਦਕ ਅਵਤਾਰ ਸਿੰਘ ਦੀਪਕ ਤੇ ਅਨਵੰਤ ਕੌਰ।

**ਮਾਸਿਕ ਰਸਾਲੇ**:- ਕੰਵਲ ਮਾਸਿਕ ਨਿਰੋਲ ਸਾਹਿਤਕ, ਸੰਪਾਦਕ ਅਨਵੰਤ ਕੌਰ, ਅੱਖ਼ਰ ਮਾਸਿਕ, ਸੰਪਾਦਕ ਪ੍ਰਮਿੰਦਰਜੀਤ ਇਹ ਪਹਿਲਾਂ ਪ੍ਰੀਤ ਨਗਰ ਤੋਂ ਨਿਕਲਦਾ ਰਿਹਾ ਫਿਰ ਅੰਮ੍ਰਿਤਸਰ ਆ ਗਿਆ ਅੱਜਕੱਲ੍ਹ ਅੱਖਰ ਨੂੰ ਵਿਸ਼ਾਲ ਬਿਆਸ ਵਾਲਾ ਸੰਪਾਦਿਤ ਕਰ ਰਿਹਾ ਹੈ। ਸਾਹਿਤਕਾਰ ਮਾਸਿਕ, ਮਾਲਕ ਸੰਪਾਦਕ ਗੁਰਬਚਨ ਸਿੰਘ ਭੂਈ, ਮਾਨ ਸਰੋਵਰ ਮਾਸਿਕ ਸੰਤੋਖ ਸਿੰਘ ਤਪੱਸਵੀ, ਆਲ ਇੰਡਿਆ ਸਿੱਖ ਸਟੂਡੈਂਟ ਦਾ ਬੁਲਾਰਾ ਪਰਚਾ ਸ਼ਮਸੀਰ-ਏ-ਦਸਤ ਮਾਸਿਕ ਮੁਖ ਸੰਪਾਦਕ ਭਾਈ ਅਮਰੀਕ ਸਿੰਘ, ਸੰਪਾਦਕ ਹਰਮਿੰਦਰ ਸਿੰਘ ਸੰਧੂ। ਰਜਿੰਦਰ ਸਿੰਘ ਮਹਿਤਾ ਭਾਈ ਅਮਰਜੀਤ ਸਿੰਘ ਚਾਵਲਾ ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ ਬੇਦੀ ਬਾਅਦ ਵਿਚ ਡਾ. ਸੁਖਪ੍ਰੀਤ ਸਿੰਘ ਉਦੋਕੇ ਨੇ ਵੀ ਇੱਕ ਦੋ ਅੰਕ ਕੱਢੇ ਹਨ। ਲੋਅ ਮਾਸਿਕ ਮੁੱਖ ਸੰਪਾਦਕ ਅਮਰੀਕ ਸਿੰਘ ਅਮਨ, ਸੰਪਾਦਕ ਪ੍ਰਮਿੰਦਰਜੀਤ, ਫਤਿਹਨਾਮਾ ਮਾਸਿਕ ਸੰਪਾਦਕ ਰਣਜੀਤ ਸਿੰਘ, ਬਲਵਿੰਦਰ ਸਿੰਘ ਕਾਲਾ, ਵੰਗਾਰ ਮਾਸਿਕ ਸੰਪਾਦਕ ਬਲਜੀਤ ਸਿੰਘ ਖਾਲਸਾ, ਸਿੰਘ ਗਰਜ਼ ਮਾਸਿਕ ਬੰਦ ਹੋ ਚੁੱਕਾ ਹੈ। ਪੱਤਰ ਸਮੁਖ ਸੰਪਾਦਕ ਰਾਜਨਦੀਪ ਸਿੰਘ, ਸੰਪਾਦਕ ਚਰਨਜੀਤ ਸਿੰਘ, ਜ਼ਿੰਦਾ ਜ਼ਮੀਰ ਮਾਸਿਕ ਸੰਪਾਦਕ ਗੁਰਨਾਮ ਸਿੰਘ ਬੰਡਾਲਾ, ਕਕਨੂਸ ਮਾਸਿਕ ਇਹ ਨਿਰੋਲ ਸਾਹਿਤਕ ਰਸਾਲਾ ਸੀ ਤੇ ਹੱਥ ਲਿਖਤ ਨਾਲ ਤਿਆਰ ਹੁੰਦਾ ਸੀ, ਸੰਪਾਦਕ ਦਿਲਜੀਤ ਸਿੰਘ ਬੇਦੀ, ਮਨਮੋਹਣ ਸਿੰਘ ਢਿਲੋਂ, ਫਿਲਮੀ ਸੰਸਾਰ ਮਾਸਿਕ ਸੰਪਾਦਕ ਭਾਈ ਚਤਰ ਸਿੰਘ, ਜੀਵਨ ਸਿੰਘ, ਉਰਵਸ਼ੀ ਮਾਸਿਕ ਸੰਪਾਦਕ ਦਵਿੰਦਰ ਸਿੰਘ ਪਾਂਧੀ, ਭਗਤ ਪੂਰਨ ਸਿੰਘ ਵੱਲੋਂ ਚਲਾਏ ਜਾਂਦੇ ਪੱਤਰ, ਪਿੰਗਲਵਾੜਾ ਦਰਪਣ ਮਾਸਿਕ, ਪਿੰਗਲਵਾੜਾ ਕਰੰਟ ਅਫੇਅਰ ਇੰਗਲਿਸ਼, ਜੀਵਨ ਲਹਿਰ। ਸ਼੍ਰੋਮਣੀ ਕਮੇਟੀ ਵੱਲੋਂ ਛੱਪਦੇ ਮਾਸਿਕ ਪੱਤਰ, ਗੁਰਦੁਆਰਾ ਗਜਟ ਮਾਸਿਕ, ਗੁਰਮਤਿ ਪ੍ਰਕਾਸ਼ ਮਾਸਿਕ, ਸ਼੍ਰੋਮਣੀ ਬੁਲੇਟਿਨ ਮਾਸਿਕ, ਸ਼੍ਰੋਮਣੀ ਸੇਵਾ ਸਰਗਰਮੀਆਂ ਮਾਸਿਕ। ਪ੍ਰੀਤ ਨਗਰ ਤੋਂ ਬਾਲ ਸੰਦੇਸ਼ ਮਾਸਿਕ, ਸੰਪਾਦਕ ਹਿਰਦੇਪਾਲ ਸਿੰਘ, ਪ੍ਰੀਤ ਲੜੀ ਮਾਸਿਕ ਸੰਪਾਦਕ ਸ. ਗੁਰਬਖ਼ਸ਼ ਸਿੰਘ, ਸ. ਨਵਤੇਜ ਸਿੰਘ ਸੁਮੀਤ ਸਿੰਘ ਹੁਣ ਸ਼੍ਰੀਮਤੀ ਪੂਨਮ ਸਿੰਘ ਕੱਢ ਰਹੇ ਹਨ। ਲੋਕ ਸਾਹਿਤ ਮਾਸਿਕ ਸ. ਨਾਨਕ ਸਿੰਘ 1959 ਦੇ ਲਗਭਗ ਪ੍ਰੀਤ ਨਗਰ ਤੋਂ ਕੱਢਦੇ ਰਹੇ, ਫਿਰ ਬਾਅਦ ਵਿਚ ਇਸ ਦੇ ਸੰਪਾਦਕ ਕੁਲਵੰਤ ਸਿੰਘ ਸੂਰੀ ਤੇ ਸਹਾਇਕ ਸੰਪਾਦਕ ਸੁਜਾਨ ਸਿੰਘ ਬਣੇ ਤੇ ਇਹ ਭਾਈ ਵੀਰ ਸਿੰਘ ਮਾਰਕਿਟ ਪੁਤਲੀਘਰ ਤੋਂ ਪ੍ਰਕਾਸ਼ਤ ਹੁੰਦਾ ਸੀ, ਮਜ਼ਦੂਰ ਕਿਸਾਨ ਅੰਮ੍ਰਿਤਸਰ ਛਿਮਾਹੀ ਸੰਪਾਦਕ ਰਤਨ ਸਿੰਘ 1931, ਦਰਵੇਸ਼ ਮਾਸਿਕ ਸਾਹਿਤਕ ਸੰਪਾਦਕ ਮੁਖਤਾਰ ਗਿੱਲ, ਰਚਨਾ ਮਾਸਿਕ ਸਾਹਿਤਕ 1972, 73, ਸੰਪਾਦਕ ਮੁਖਤਾਰ ਗਿੱਲ, ਹਰਿਆਵਲ ਦਸਤਾ ਮਾਸਿਕ ਸੰਪਾਦਕ ਬਲਦੇਵ ਸਿੰਘ ਮਾਨ, ਸੁਰਖ਼ ਰੇਖਾ ਮਾਸਿਕ, ਅੰਕੁਰ ਮਾਸਿਕ ਸੰਪਾਦਕ ਐੱਸ. ਪ੍ਰਸ਼ੋਤਮ, ਤਰਕਸ਼ ਮਾਸਿਕ ਸਿਆਸੀ ਪਰਚਾ ਸੀ, ਸੰਪਾਦਕ ਕੁਲਵੰਤ ਸਿੰਘ ਮਾਂਗਟ, ਸਿਆਸਤ ਤੇ ਧਰਮ ਮਾਸਿਕ ਮਾਲਕ ਸੰਪਾਦਕ ਸਤਨਾਮ ਸਿੰਘ ਕੰਡਾ, ਸੰਪਾਦਕ ਦਿਲਜੀਤ ਸਿੰਘ ਬੇਦੀ 1991, 1992, ਰਾਹ ਦਸੇਰਾ ਮਾਸਿਕ ਸੰਪਾਦਕ ਕੁਲਦੀਪ ਸਿੰਘ ਅਰਸ਼ੀ, ਮੁਟਿਆਰ ਮਾਸਿਕ 1971, 1972 ਸੰਪਾਦਕ ਇੰਦਰਜੀਤ ਕੌਰ ਸਿੱਧੂ, ਸੰਪਾਦਕ ਪ੍ਰੀਤਮ ਲੋਹਕਾ ਤੇ ਸਹਾਇਕ, ਸੰਪਾਦਕ ਐੱਸ. ਪ੍ਰਸ਼ੋਤਮ, ਦੀਪਕ ਤ੍ਰੈਮਾਸਿਕ ਸੰਪਾਦਕ ਨਿਸ਼ਾਨ ਸਿੰਘ ਜੌਹਲ, ਰਾਗ ਤ੍ਰੈਮਾਸਿਕ ਸਾਹਿਤਕ ਪਰਚਾ ਹੈ, ਇਸ ਦੇ ਮੁੱਖ ਸੰਪਾਦਕ ਇੰਦਰਜੀਤ ਪੁਰੇਵਾਲ ਤੇ ਸੰਪਾਦਕ ਪਰਮਜੀਤ ਸਿੰਘ ਦਿਓਲ ਹਨ, ਇਹ ਛੱਪਦਾ ਅੰਮ੍ਰਿਤਸਰ ਤੋਂ ਹੈ ਪਰ ਦਫਤਰ ਇਸ ਦਾ ਨਿਊਯਾਰਕ ਯੂ.ਐੱਸ.ਏ. ਵਿਚ ਹੈ। ਪੰਜਾਬ ਮੋਨਿਟਰ ਤ੍ਰੈਮਾਸਿਕ ਸੰਪਾਦਕ ਭਬੀਸ਼ਣ ਸਿੰਘ ਗੁਰਾਇਆ, ਮੇਘਲਾ ਤ੍ਰੈਮਾਸਿਕ ਚੋਗਾਵਾਂ ਤੋਂ ਸੰਪਾਦਕ ਜਤਿੰਦਰ ਔਲਖ, ਸਤਰੰਗੀ ਤ੍ਰੈਮਾਸਿਕ ਸਾਹਿਤਕ ਮੁੱਖ ਸੰਪਾਦਕ ਮਨਮੋਹਣ ਸਿੰਘ ਬਾਸਰਕੇ, ਸੰਪਾਦਕ ਜਸਬੀਰ ਸਿੰਘ ਝਬਾਲ, ਸਹਾਇਕ ਸੰਪਾਦਕ ਜਸਵਿੰਦਰ ਸਿੰਘ ਢਿੱਲੋਂ, ਹਿੰਮਤ ਮਾਸਿਕ ਪੱਤਰ ਗ਼ਿ. ਤਰਲੋਕ ਸਿੰਘ, ਰੋਜ਼ਾਨਾ ਨਿਰਭੈਅ ਅਤੇ ਰੋਜ਼ਾਨਾ ਡਾਕਟਰ ਸੰਪਾਦਕ ਡਾ. ਹਰੀ ਸਿੰਘ ਸਨ, ਕੌਮੀ ਬੁਲਾਰਾ ਸੰਪਾਦਕ ਅਮਰਨਾਥ ਵਰਮਾ, ਅਸ਼ੋਕ ਵਰਮਾ। ਅਣਖੀ ਯੋਧਾ ਮਾਸਿਕ ਸੰਪਾਦਕ ਮਨਪ੍ਰੀਤ ਸਿੰਘ ਜੱਸੀ, ਫਿਲਮੀ ਦੁਨੀਆਂ, ਫਿਲਮੀ ਕਲੀਆਂ, ਚਿੱਤਰਹਾਰ ਵਰਗੇ ਰਸਾਲੇ ਛੱਪਦੇ ਰਹੇ। ਹੁਣ ਵੀ ਅੰਮ੍ਰਿਤਸਰ ਤੋਂ ਪੰਜਾਬੀ ਸਕਰੀਨ ਮਾਸਿਕ ਸ. ਦਲਜੀਤ ਸਿੰਘ ਅਰੋੜਾ ਪਿਛਲੇ 15 ਸਾਲ ਤੋਂ ਚਲਾ ਰਹੇ ਹਨ। ਰੰਗਕਰਮੀ ਮਾਸਿਕ ਸੰਪਾਦਕ ਸਤਨਾਮ ਸਿੰਘ ਮੂਧਲ, ਕੌਮੀ ਸਵਤੰਤਰਤਾ ਪ੍ਰਿਥੀਪਾਲ ਅਠੋਲਾ ਬਾਬਾ ਬਕਾਲਾ ਤੋਂ ਬੰਦ ਹੋ ਚੁੱਕਾ ਹੈ। ਏਕਮ ਤ੍ਰੈਮਾਸਿਕ ਸੰਪਾਦਕ ਅਰਤਿੰਦਰ ਕੌਰ ਸੰਧੂ, ਇਤਿਹਾਸ ਬੋਲਦਾ ਰੰਗਰੇਟੇ ਗੁਰੂ ਕੇ ਬੇਟੇ ਅਮਰੀਕ ਸਿੰਘ, ਸ਼ੇਰ ਗਿੱਲ, ਸੰਪਾਦਕ ਧਰਮਿੰਦਰ ਔਲਖ, ਸਾਹਿਤ ਸਭਾ ਚੋਗਾਵਾਂ ਵੱਲੋਂ ਨਵੀਂ ਰੋਸ਼ਨੀ ਕੱਢਿਆ ਜਾਂਦਾ ਸੀ।

ਜੱਦੋ-ਜਹਿਦ ਸਪਤਾਹਿਕ, ਕੌਮੀ ਟਾਇਮਜ਼ ਸਪਤਾਹਿਕ ਦੋਵੇਂ ਪਰਚਿਆਂ ਦੀ ਸੰਪਾਦਨਾ ਜੋਗਿੰਦਰਪਾਲ ਸਿੰਘ ਕੁੰਦਰਾ ਕਰਦੇ ਸਨ, ਸੰਘਰਸ਼ ਸਪਤਾਹਿਕ ਸੰਪਾਦਕ ਸ. ਮਨਜੀਤ ਸਿੰਘ ਵੇਰਕਾ, ਦਲੇਰ ਖਾਲਸਾ ਸਪਤਾਹਿਕ ਸੰਪਾਦਕ ਅਮਰਜੀਤ ਸਿੰਘ ਭਾਟੀਆ, ਮੀਲ ਪੱਥਰ ਟਾਈਮਜ਼ ਸਪਤਾਹਿਕ ਸੰਪਾਦਕ ਐੱਸ. ਪ੍ਰਸ਼ੋਤਮ, ਸਰਹੱਦੀ ਪੱਤ੍ਰਿਕਾ ਸਪਤਾਹਿਕ ਸੰਪਾਦਕ ਐੱਸ. ਪ੍ਰਸ਼ੋਤਮ, ਨਿਹੰਗ ਸਿੰਘ ਸੰਦੇਸ਼ ਮਾਸਿਕ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਵੱਲੋਂ ਚੱਲਣ ਵਾਲਾ ਪਰਚਾ-ਸੰਪਾਦਕ ਰਛਪਾਲ ਸਿੰਘ ਬੇਦੀ, ਕੈਪਟਨ ਢਿਲੋਂ, 2018 ਤੋਂ ਮੌਜੂਦਾ ਇਸ ਦੇ ਸੰਪਾਦਕ ਦਿਲਜੀਤ ਸਿੰਘ ਬੇਦੀ ਹਨ। ਜੁਝਾਰ ਤ੍ਰੈਮਾਸਿਕ ਬੁਰਜ ਨੱਥੂ ਕੇ ਸੰਪਾਦਕ ਨਰਿੰਦਰਪਾਲ ਸਿੰਘ ਤੇ ਮੁਖਤਾਰ ਗਿੱਲ, ਪੁਲਾਂਘ ਮਾਸਿਕ 1980 ਮੁੱਲ 1 ਰੁਪਏ ਮੁਖ ਸੰਪਾਦਕ ਵਰਿੰਦਰ ਵਾਲੀਆ, ਸਹਾਇਕ ਸੰਪਾਦਕ ਮਨਮੋਹਣ ਸਿੱਧੂ ਮੈਨੇਜਰ ਜਗਦੀਸ਼ ਸਚਦੇਵਾ, ਅਖੰਡ ਜੋਤੀ ਮਾਸਿਕ ਮਾਲਕ ਸੰਤ ਜਸਪਾਲ ਸਿੰਘ, ਸੰਪਾਦਕ ਦਿਲਜੀਤ ਸਿੰਘ ਬੇਦੀ, ਵਿਕਾਸ ਮੰਚ ਵੱਲੋਂ 'ਅੰਮ੍ਰਿਤਸਰ ਪੋਸਟ' ਮਾਸਿਕ ਸੰਪਾਦਕ ਚਰਨਜੀਤ ਸਿੰਘ ਗੁਮਟਾਲਾ, ਪਰਵੀਨ, ਸੰਪਾਦਕ ਸਤਨਾਮ ਸਿੰਘ ਪਾਂਧੀ, ਇਸ ਦੇ ਥੋੜੇ ਹੀ ਅੰਕ ਨਿਕਲੇ ਛੇਤੀ ਹੀ ਬੰਦ ਹੋ ਗਿਆ। ਇਹ ਨਿਰੋਲ ਸਾਹਿਤਕ ਰਸਾਲਾ ਸੀ, ਫਿਰ ਇਹ ਦਲਜੀਤ ਸਿੰਘ ਵੱਲੋਂ ਨਿਕਲਦਾ ਰਿਹਾ ਅੱਜਕੱਲ੍ਹ ਬੰਦ ਹੈ।

ਸ. ਮਨਮੋਹਣ ਸਿੰਘ ਢਿੱਲੋਂ ਨੇ ਜ਼ਿੰਦਗੀ ਦੇ ਆਰ-ਪਾਰ ਕਿਤਾਬ ਵਿਚ ਪਬਲੀਸ਼ਰਾਂ ਬਾਰੇ ਲਿਖਿਆ ਹੈ ਕਿ ਬਹੁਤ ਸਾਰੇ ਪਬਲੀਸ਼ਰ ਪੰਜਾਬੀ ਸਾਹਿਤ ਦੇ ਖੇਤਰ ਵਿਚ ਕੰਮ ਕਰ ਰਹੇ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਪ੍ਰਫੁਲਿਤ ਕਰਨ ਲਈ ਨਿਰੰਤਰ ਸੇਵਾ ਨਿਭਾਈ ਹੈ। ਜਿਨ੍ਹਾਂ ਵਿਚੋਂ ਰਵੀ ਸਾਹਿਤ ਪ੍ਰਕਾਸ਼ਨ, ਵਾਰਿਸ-ਸ਼ਾਹ ਫਾਊਂਡੇਸ਼ਨ, ਚਤਰ ਸਿੰਘ ਜਵਾਹਰ ਸਿੰਘ, ਆਜ਼ਾਦ ਬੁੱਕ ਡਿਪੂ, ਕਸਤੂਰੀ ਲਾਲ ਐਂਡ ਸੰਨਜ਼, ਕੇ.ਜੀ. ਗ੍ਰਾਫਿਕਸ ਖਾਲਸਾ ਕਾਲਜ ਆਦਿ। ਪਰ ਵਿਸ਼ੇਸ਼ ਤੌਰ 'ਤੇ ਇਸ ਵਕਤ ਚਤਰ ਸਿੰਘ ਜੀਵਨ ਸਿੰਘ, ਸਿੰਘ ਬ੍ਰਦਰਜ਼, ਦਾ ਨਾਂ ਹੀ ਮੁੱਖ ਹੈ। ਸਿੰਘ ਬ੍ਰਦਰਜ਼ ਪੰਜਾਬੀ ਪ੍ਰਕਾਸ਼ਨ ਖੇਤਰ 'ਚ ਆਪਣਾ ਇਕ ਵਿਸ਼ੇਸ਼ ਸਨਮਾਨਜਨਕ ਮੁਕਾਮ ਹੈ। ਇਹ ਪ੍ਰਕਾਸ਼ਨ ਦੇਸ਼ ਵੰਡ ਤੋਂ ਪਹਿਲਾਂ 1940 ਵਿਚ (ਅਨਾਰਕਲੀ) ਲਾਹੌਰ ਵਿਚ ਸ੍ਰੀ ਸੇਵਾ ਸਿੰਘ ਨੇ ਆਰੰਭ ਕੀਤਾ ਸੀ। ਦੇਸ਼ ਵੰਡ ਤੋਂ ਬਾਅਦ ਅੰਮ੍ਰਿਤਸਰ ਵਿਚ ਨਵੇਂ ਸਿਰੇ ਤੋਂ ਸਿੰਘ ਬ੍ਰਦਰਜ਼ ਹੋਂਦ ਵਿਚ ਆਇਆ ਸੀ ਅਤੇ ਲੰਮੇ ਸੰਘਰਸ਼ ਤੋਂ ਮਗਰੋਂ ਇਹ ਪ੍ਰਕਾਸ਼ਨ ਅੱਜ ਬੁਲੰਦੀਆਂ 'ਤੇ ਹੈ। ਮਿਆਰੀ ਪੁਸਤਕਾਂ ਦਾ ਪ੍ਰਕਾਸ਼ਨ ਕਰਨਾ ਅਤੇ ਪਾਠਕਾਂ ਤੱਕ ਪੁਚਾਉਣਾ ਇਸ ਸੰਸਥਾ ਦਾ ਉਦੇਸ਼ ਹੈ। ਇਸ ਸੰਸਥਾ ਨੂੰ ਗੁਰਸਾਗਰ ਸਿੰਘ ਅਤੇ ਸ. ਕੁਲਜੀਤ ਸਿੰਘ ਬਾਖ਼ੂਬੀ ਚਲਾ ਰਹੇ ਹਨ। ਭਾਈ ਚਤਰ ਸਿੰਘ ਜੀਵਨ ਸਿੰਘ ਪ੍ਰਕਾਸ਼ਨ ਅਦਾਰਾ ਸੰਨ 1880 'ਚ ਸਥਾਪਿਤ ਹੋਇਆ ਸੀ। ਇਸ ਅਦਾਰੇ ਨੇ ਧਾਰਮਿਕ ਪੁਸਤਕਾਂ, ਪੋਥੀਆਂ, ਸੈਂਚੀਆਂ, ਸਟੀਕ, ਗੁਰੂ ਗ੍ਰੰਥ ਸਾਹਿਬ ਛਾਪਣੇ ਸ਼ੁਰੂ ਕੀਤੇ ਸਨ। ਇਸ ਅਦਾਰੇ ਨੂੰ ਅੱਜਕੱਲ੍ਹ ਸ੍ਰੀ ਹਰਭਜਨ ਸਿੰਘ ਤੇ ਹਰਿੰਦਰ ਸਿੰਘ ਵਿਕੀ ਚਲਾ ਰਹੇ ਹਨ।

**ਲੋਕ ਸਾਹਿਤ ਪ੍ਰਕਾਸ਼ਨ ਅਤੇ ਨਾਨਕ ਸਿੰਘ ਪ੍ਰਕਾਸ਼ਨ**:- ਨਾਵਲਕਾਰ ਸ. ਨਾਨਕ ਸਿੰਘ ਦੀ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਵੱਖਰੀ ਪਛਾਣ 'ਤੇ ਵਿਲੱਖਣ ਥਾਂ ਹੈ। ਉਨ੍ਹਾਂ ਦੇ ਪਰਿਵਾਰ ਵੱਲੋਂ 1959 ਵਿਚ ਸਥਾਪਤ ਕੀਤੇ ਲੋਕ ਸਾਹਿਤ ਪ੍ਰਕਾਸ਼ਨ ਦਾ ਪੰਜਾਬੀ ਪ੍ਰਕਾਸ਼ਨਾ ਦੇ ਖੇਤਰ ਵਿਚ ਅਹਿਮ ਯੋਗਦਾਨ ਰਿਹਾ ਹੈ। ਡਾ. ਕੁਲਬੀਰ ਸਿੰਘ ਸੂਰੀ ਨੇ ਨਾਨਕ ਸਿੰਘ ਪੁਸਤਕਮਾਲਾ ਪ੍ਰਕਾਸ਼ਨ ਸੰਸਥਾ ਅਪ੍ਰੈਲ 1972 'ਚ ਪ੍ਰੀਤਨਗਰ ਤੋਂ ਸ਼ੁਰੂ ਕੀਤੀ ਸੀ। ਫਿਰ ਅੰਮ੍ਰਿਤਸਰ ਸਿਟੀ ਸੈਂਟਰ ਮਾਰਕੀਟ ਤੋਂ ਕਾਰਜ ਕਰਦੇ ਰਹੇ ਹਨ, ਹੁਣ ਇਹ ਪ੍ਰਕਾਸ਼ਨ ਵੀ ਏਥੋਂ ਬੰਦ ਹੋ ਗਿਆ ਹੈ।

ਰਵੀ ਸਾਹਿਤ ਪ੍ਰਕਾਸ਼ਨ ਕਿਸੇ ਜਾਣ-ਪਛਾਣ ਦਾ ਮੁਥਾਜ਼ ਨਹੀਂ ਕਿਉਂਕਿ ਦੇਸ਼-ਵਿਦੇਸ਼ ਦੇ ਲੇਖਕਾਂ ਨਾਲ ਇਸ ਦਾ ਗੂੜ੍ਹਾ ਰਿਸ਼ਤਾ ਰਿਹਾ ਹੈ ਅਤੇ ਅੱਜ ਵੀ ਹੈ। ਸ਼ਹਿਰ ਦੇ ਪ੍ਰਕਾਸ਼ਨ ਅਦਾਰਿਆਂ ਵਿਚ ਵੀ ਰਵੀ ਸਾਹਿਤ ਪ੍ਰਕਾਸ਼ਨ ਦਾ ਆਪਣਾ ਵਿਲੱਖਣ ਸਥਾਨ ਹੈ। ਅੱਜਕੱਲ੍ਹ ਇਸ ਸੰਸਥਾ ਦੇ ਸੰਸਥਾਪਕ ਮੋਹਨ ਸਿੰਘ ਰਾਹੀ ਦਾ ਬੇਟਾ ਰਵੀ ਇਸ ਅਦਾਰੇ ਨੂੰ ਚਲਾ ਰਿਹਾ ਹੈ। ਬਹੁਤ ਸਾਰੇ ਪਬਲੀਸ਼ਰ ਇਸ ਖੇਤਰ ਵਿਚ ਕੰਮ ਕਰ ਰਹੇ ਹਨ, ਜਿਨ੍ਹਾਂ ਨੇ ਪੰਜਾਬੀ ਸਹਿਤ ਨੂੰ ਪ੍ਰਫੁਲਿਤ ਕਰਨ ਲਈ ਨਿਰੰਤਰ ਸੇਵਾ ਨਿਭਾਈ ਹੈ। ਜਿਨ੍ਹਾਂ ਵਿਚੋਂ ਰਵੀ ਸਹਿਤ ਪ੍ਰਕਾਸ਼ਨ, ਵਾਰੇਸ਼ਾਹ ਫਾਊਂਡੇਸ਼ਨ, ਚਤਰ ਸਿੰਘ ਜੀਵਨ ਸਿੰਘ, ਭਾਈ ਜਵਾਹਰ ਸਿੰਘ, ਅਜ਼ਾਦ ਬੁੱਕ ਡਿਪੂ, ਕਸਤੂਰੀ ਲਾਲ ਐਂਡ ਸੰਨਜ਼, ਕੇ.ਐੱਸ. ਗ੍ਰਾਫਿਕਸ ਆਦਿ।



# 'ਦਿਲਾਂ ਦੀ ਜੂਹ'

## ਕਾਂਡ 16

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA






ਅੱਜ ਰਾਤ ਗੁਰਮੀਤ ਹੋਰਾਂ ਦੀ ਦਿੱਲੀ ਤੋਂ ਫ਼ਲਾਈਟ ਸੀ। ਗੁਰਮੀਤ ਕੌਰ ਸਵੇਰੇ-ਸਵੇਰੇ ਜੁਆਕਾਂ ਨੂੰ ਉਠਾ ਰਹੀ ਸੀ। ਪਰ ਜੁਆਕ ਘੇਸਲ਼ ਜਿਹੀ ਮਾਰੀ ਪਏ ਸਨ।

-"ਉਠੋ ਪੁੱਤ..! ਜਲਦੀ ਕਰੋ..!" ਗੁਰਮੀਤ ਕੌਰ ਨੇ ਸਵੇਰੇ ਤਿੰਨ ਵਜੇ ਹੀ ਰਾਮ ਦੁਹਾਈ ਮਚਾਉਣੀ ਸ਼ੁਰੂ ਕਰ ਦਿੱਤੀ ਸੀ। ਪਰ ਬੱਚੇ ਅਜੇ ਵੀ ਸੁੱਤੇ ਹੋਏ ਸਨ, ਜਦਕਿ ਉਨ੍ਹਾਂ ਨੇ ਦਿੱਲੀ ਜਾ ਕੇ ਫ਼ਲਾਈਟ ਫ਼ੜਨੀ ਸੀ। ਫ਼ਲਾਈਟ ਰਾਤ ਦੇ ਨੌਂ ਵਜੇ ਉਡਣੀ ਸੀ ਅਤੇ ਦਿੱਲੀ ਪਹੁੰਚਣਾ ਗੁਰਮੀਤ ਕੌਰ ਲਈ ਇੱਕ ਪਹਾੜ ਜਿੱਡੀ ਮੁਸੀਬਤ ਸੀ। ਉਸ ਦੀ ਧੀ ਸੋਲ਼ਾਂ ਸਾਲ ਦੀ ਅਤੇ ਮੁੰਡਾ ਦਸ ਸਾਲ ਦਾ ਸੀ। ਉਮਰੋਂ ਗੁਰਮੀਤ ਕੌਰ ਆਪ ਸੈਂਤੀ ਸਾਲ ਦੀ ਸੀ। ਪਰ ਦੇਖਣ ਵਾਲ਼ਾ ਉਸ ਨੂੰ ਤੀਹਾਂ ਤੋਂ ਵੱਧ ਨਾ ਦੱਸਦਾ। ਵੀਹ ਸਾਲ ਦੀ ਉਮਰ ਵਿਚ ਗੁਰਮੀਤ ਕੌਰ ਵਿਆਹ ਕਰਵਾ ਕੇ ਪਤੀ ਨਾਲ਼ ਕੈਨੇਡਾ ਚਲੀ ਗਈ ਸੀ। ਸੈਂਤੀਆਂ ਸਾਲਾਂ ਨੂੰ ਢੁੱਕੀ ਗੁਰਮੀਤ ਕੌਰ ਦੀ ਜੁਆਨੀ ਅਜੇ ਵੀ ਦੁਹਾਈ ਦਿੰਦੀ ਸੀ। ਬਲਾਉਰੀ ਅੱਖਾਂ ਅਜੇ ਵੀ ਲੋਹੜਾ ਮਾਰਦੀਆਂ ਸਨ। ਗੱਲ੍ਹਾਂ ਦੀ ਲਾਲੀ 'ਚੋਂ ਸੂਰਜ ਦੀ ਲਾਲੀ ਦੀ ਭਾਅ ਮਾਰਦੀ ਸੀ ਅਤੇ ਹਿੱਕ ਦਾ ਜ਼ੋਰ ਅਜੇ ਵੀ ਧੂਤਕੜਾ ਪਾਉਂਦਾ ਸੀ।

-"ਕਿੱਡੇ ਲਾਪ੍ਰਵਾਹ ਨੇ ਇਹ ਜੁਆਕ..! ਉਠ ਗੀਤ..! ਤੂੰ ਉਠ ਕੇ ਨਹਾ ਪੁੱਤ, ਡਰਾਈਵਰ ਆਉਣ ਵਾਲ਼ੈ..! ਤੇਰਾ ਚਾਚਾ ਨਹਾਈ ਜਾਂਦੈ, ਚੱਲ, ਉਠ ਨਹਾ ਉਠ ਕੇ ਮੇਰੀ ਧੀ..!" ਗੁਰਮੀਤ ਕੌਰ ਨੇ ਧੀ ਨੂੰ ਹਲੂਣਿਆਂ ਤਾਂ ਕੁੜੀ ਅੱਖਾਂ ਮਲ਼ਦੀ ਉਠ ਖੜ੍ਹੀ ਹੋਈ।

ਮੁੰਡਾ ਅਜੇ ਵੀ ਨਿੱਕੇ-ਨਿੱਕੇ ਘੁਰਾੜ੍ਹੇ ਮਾਰੀ ਜਾ ਰਿਹਾ ਸੀ।

-"ਉਠੇ ਨੀ ਅਜੇ..?" ਗੁਰਮੀਤ ਕੌਰ ਦਾ ਚਚੇਰਾ ਦਿਉਰ ਬੱਗਾ ਨਹਾ ਕੇ ਤੌਲੀਏ ਨਾਲ਼ ਸਿਰ ਰਗੜਦਾ ਬੋਲਿਆ।

-"ਗੀਤ ਉਠੀ ਐ..! ਬਰੱਸ਼ ਕਰਨ ਗਈ ਐ, ਜੋਬਨ ਅਜੇ ਪਿਐ..!"

-"ਉਹਨੂੰ ਉਠਾ ਭਾਬੀ..! ਡਰਾਈਵਰ ਆਉਣ ਵਾਲ਼ਾ ਐ, ਲੇਟ ਹੋ ਜਾਵਾਂਗੇ..!"

-"ਗੀਤ ਨੂੰ ਨਹਾ ਲੈਣ ਦੇ..! ਉਠਾ ਦਿੰਨੀ ਐਂ..!" ਗੁਰਮੀਤ ਕੌਰ ਵੱਡੇ ਅਟੈਚੀ ਨਾਲ਼ ਖੌਝਦੀ ਬੋਲੀ। ਉਸ ਤੋਂ ਅਟੈਚੀ ਬੰਦ ਨਹੀਂ ਹੋ ਰਿਹਾ ਸੀ।

-"ਇਹਨੂੰ ਮੈਂ ਬੰਦ ਕਰਦੈਂ, ਤੂੰ ਜੋਬਨ ਨੂੰ ਜਗਾ..!"

ਬੱਗੇ ਨੇ ਬੜੇ ਆਰਾਮ ਨਾਲ਼ ਅਟੈਚੀ ਬੰਦ ਕਰ ਦਿੱਤਾ।

-"ਲੈ ਦੱਸ, ਮੈਨੂੰ ਘੰਟਾ ਹੋ ਗਿਆ ਮੱਥਾ ਮਾਰਦੀ ਨੂੰ, ਤੂੰ ਮਿੰਟ ਨੀ ਲਾਇਆ..!"

-"ਤੂੰ ਹੀ ਨੀ ਨੱਕ 'ਤੇ ਮੱਖੀ ਬਹਿਣ ਦਿੰਦੀ, ਕੰਮ ਤਾਂ ਤੇਰੇ ਹੋਰ ਵੀ ਬਥੇਰ੍ਹੇ ਸਿੱਧ ਕਰ ਦੇਈਏ..!" ਬੱਗਾ ਕਿਸੇ "ਹੋਰ" ਪਾਸੇ ਇਸ਼ਾਰਾ ਕਰ ਗਿਆ।

-"ਵੇ ਤੂੰ ਮੈਥੋਂ ਕਿਤੇ ਖੌਂਸੜੇ ਨਾ ਖਾ ਲਈਂ..!" ਉਹ ਜੋਬਨ ਨੂੰ ਜਗਾਉਣ ਤੁਰ ਗਈ। ਗੁਸਲਖਾਨੇ ਵਿਚੋਂ ਗੀਤ ਨੇ ਹਾਲ ਦੁਹਾਈ ਮਚਾਉਣੀ ਸ਼ੁਰੂ ਕਰ ਦਿੱਤੀ।

-"ਨ੍ਹੀ ਤੈਨੂੰ ਹੁਣ ਕੀ ਹੋ ਗਿਆ, ਅੰਮਾਂ..?" ਖਿਝੀ ਗੁਰਮੀਤ ਕੌਰ ਨੇ ਅਵਾਜ਼ ਦਿੱਤੀ।

-"ਮੰਮ..! ਇੱਥੇ ਕੋਈ ਤੌਲੀਆ ਹੈਨ੍ਹੀ..! ਮੈਨੂੰ ਜਲਦੀ ਤੌਲੀਆ ਦਿਓ, ਠੰਢ ਲੱਗਦੀ ਆ ਮੈਨੂੰ..!"

-"ਕਿੰਨਾਂ ਦੁਖੀ ਕੀਤੈ ਇਨ੍ਹਾਂ ਜੁਆਕਾਂ ਨੇ..! ਬਈ ਤੌਲੀਆ ਤੂੰ ਲੈ ਕੇ ਵੜ ਬਾਥਰੂਮ 'ਚ..!" ਗੁਰਮੀਤ ਕੌਰ ਨੇ ਤੌਲੀਆ ਗੀਤ ਨੂੰ ਫ਼ੜਾ ਦਿੱਤਾ।

ਦਰਵਾਜ਼ੇ 'ਤੇ ਹਾਰਨ ਵੱਜਿਆ।

-"ਲੈ...! ਡਰਾਈਵਰ ਤਾਂ ਆ ਵੀ ਵੱਜਿਆ..! ਜੁਆਕ ਅਜੇ ਤੱਕ ਨੀ ਤਿਆਰ ਹੋਏ..!" ਗੁਰਮੀਤ ਕੌਰ ਦੁਖੀਆਂ ਵਾਂਗ ਬੋਲੀ।

-"ਉਹਨੂੰ ਮੈਂ ਚਾਹ ਪਾਣੀ ਪਿਆਉਨੈਂ, ਤੂੰ ਜੋਬਨ ਨੂੰ ਉਠਾ..! ਗੀਤ ਨਹਾ ਲਈ..!"

ਗੁਰਮੀਤ ਨੇ ਫ਼ੇਰ ਜੋਬਨ ਨੂੰ ਉਠਾਉਣਾ ਸ਼ੁਰੂ ਕਰ ਦਿੱਤਾ। ਜਦ ਉਹ ਨਾ ਜਾਗਿਆ, ਤਾਂ ਗੁਰਮੀਤ ਕੌਰ ਨੇ ਉਸ ਦੇ ਸਿਰ ਹੇਠ ਹੱਥ ਦੇ ਕੇ ਉਸ ਨੂੰ ਬੈਠਾ ਕਰ ਦਿੱਤਾ। ਪਰ ਉਹ ਊਂਘਦਾ, ਬੈਠਾ ਹੀ ਬੋਤੇ ਦੇ ਬੁੱਲ੍ਹ ਵਾਂਗੂੰ ਲੁੜਕਦਾ ਜਿਹਾ ਜਾ ਰਿਹਾ ਸੀ।

-"ਮੰਮ..!"

-"ਹਾਂ...?"

-"ਹੇਅਰ ਡਰਾਇਰ ਕਿੱਥੇ ਐ...?"

-"ਮੇਰੇ ਸਿਰ 'ਚ..! ਲੱਭ ਲੈ ਐਹਥੋਂ..! ਹੇਅਰ ਡਰਾਇਰ ਮੇਰੇ ਗੀਝੇ 'ਚ ਪਾਇਐ..?"

-"ਵੱਟ ਗੀਝਾ...!"

-"ਕਿੰਨਾਂ ਦੁਖੀ ਕੀਤੈ ਇਸ ਕੁੜੀ ਨੇ..! ਨ੍ਹੀ ਆਹ ਪਿਐ ਅੰਨ੍ਹੀਏਂ..!" ਉਸ ਨੇ ਇੱਕ ਖੂੰਜੇ ਹੱਥ ਕਰਦਿਆਂ ਦੱਸਿਆ।

ਬੱਗੇ ਦੀ ਮਾਂ ਚਾਹ ਲੈ ਕੇ ਆ ਗਈ।

-"ਖਿਝ ਨਾ ਗੁਰਮੀਤ..! ਲੈ, ਚਾਹ ਪੀ ਲੈ...!" ਉਸ ਨੇ ਗਿਲਾਸ ਅੱਗੇ ਕਰਦਿਆਂ ਕਿਹਾ।

-"ਚਾਚੀ, ਗੋਲ਼ੀ ਮਾਰ ਚਾਹ ਨੂੰ..! ਮੈਥੋਂ ਖਸਮਾਂ ਨੂੰ ਖਾਣੇ ਆਹ ਨੀ ਲੋਟ ਆਉਂਦੇ..! ਇੱਕ ਆਹ ਨੀ ਉਠਦਾ, ਜਾਨ ਖਾਣਾਂ..! ਰਾਤ ਨੂੰ ਸੌਂਦੇ ਨੀ, ਸਵੇਰੇ ਉਠਦੇ ਨੀ, ਰਾਤ ਮੈਂ ਬਥੇਰਾ ਪੁੜਪੁੜੀਆਂ ਦਾ ਭੇੜ੍ਹ ਕੀਤਾ, ਬਈ ਸੌਂ ਜੋ, ਸੌਂ ਜੋ..! ਆਬਦਾ ਈ ਛਿੱਛ-ਪੱਤ ਸੁਣੀਂ ਜਾਣਗੇ ਔਤਾਂ ਦੇ ਜਾਣੇ, ਹੁਣ ਉਠਦਾ ਨੀ...!" ਗੁਰਮੀਤ ਗਿਆਰਾਂ ਸਾਲ ਦੀ ਹੋ ਕੇ ਇੰਗਲੈਂਡ ਗਈ ਸੀ, ਜਿਸ ਕਰਕੇ ਪੰਜਾਬੀ ਪੇਂਡੂ ਬੁੜ੍ਹੀਆਂ ਵਾਲ਼ੀ ਬੋਲਦੀ ਸੀ।

-"ਜਦੋਂ ਲੰਮਾਂ ਸਫ਼ਰ ਕਰਨਾ ਹੋਵੇ, ਖਿਝੀਦਾ ਨੀ ਹੁੰਦਾ ਪੁੱਤ, ਰੱਬ ਦਾ ਨਾਂ ਲਈਦਾ ਹੁੰਦੈ, ਲੈ ਚਾਹ ਪੀ..!"

ਗੁਰਮੀਤ ਨੇ ਚਾਹ ਦਾ ਗਿਲਾਸ ਫ਼ੜ ਲਿਆ।

ਗਰਮ ਗਿਲਾਸ ਨੇ ਉਸ ਦੇ ਹੱਥ ਲੂਹ ਦਿੱਤੇ।

-"ਚਾਚੀ, ਕੋਈ ਕੱਪ ਹੈਨ੍ਹੀ ਸੀ...? ਬਦਲੇ ਤੂੰ ਲੈਨੀ ਐਂ, ਤੱਤਾ ਗਿਲਾਸ ਲਿਆ ਫ਼ੜਾਇਆ, ਹੱਥ ਤਾਂ ਇਹਨੂੰ ਲੱਗਦਾ ਨੀ..!"

-"ਖਪ ਨਾ ਪੁੱਤ..! ਮੈਂ ਇੱਕ ਹੋਰ ਗਿਲਾਸ ਲਿਆ ਕੇ ਚਾਹ ਠੰਢੀ ਕਰ ਦਿੰਨੀ ਐਂ..! ਕੱਪ ਦੇ ਵਿਚ ਵੀ ਚਾਹ ਦਾ ਕੋਈ ਸੁਆਦ ਆਉਂਦੈ..? ਚਾਹ ਦਾ ਸੁਆਦ ਤਾਂ ਬਾਟੀ 'ਚ, ਤੇ ਜਾਂ ਫ਼ੇਰ ਗਿਲਾਸ 'ਚ ਈ ਆਉਂਦੈ..!"

-"ਚਾਚੀ, ਤੂੰ ਆਬਦੀਆਂ ਬਠਿੰਡੇ ਆਲ਼ੀਆਂ ਗੱਲਾਂ ਨਾ ਕਰਿਆ ਕਰ..!"

-"ਹੋਰ ਕਿਹੜੀਆਂ ਕਰਾਂ ਪੁੱਤ..? ਬਠਿੰਡੇ ਮੇਰੇ ਪੇਕੇ ਐ..!" ਅੰਦਰੋਂ ਖਿਝੀ ਚਾਚੀ ਗਿਲਾਸ ਲੈਣ ਚਲੀ ਗਈ। ...ਅਸਲ ਵਿਚ ਚਾਚੀ ਵੀ ਗੁਰਮੀਤ ਅਤੇ ਉਸ ਦੇ ਬੱਚਿਆਂ ਦੀ ਸੇਵਾ ਪੁੰਨ ਵਜੋਂ ਨਹੀਂ ਕਰਦੀ ਸੀ। ਗੁਰਮੀਤ ਦੇ ਸਹੁਰਿਆਂ ਦੀ, ਸਾਹਣ ਦੀ ਹਿੱਕ ਵਰਗੀ ਦੋ ਏਕੜ ਜ਼ਮੀਨ ਅਜੇ ਵੀ ਸਾਂਝੀ ਅਤੇ ਰੌਲ਼ੇ ਵਾਲ਼ੀ ਤੁਰੀ ਆਉਂਦੀ ਸੀ। ਚਾਚੀ ਸੋਚਦੀ ਸੀ ਕੀ ਐ "ਪੂਛ-ਪੂਛ" ਕਰਨ ਨਾਲ਼ ਗੁਰਮੀਤ ਉਹ ਦੋ ਏਕੜ ਜ਼ਮੀਨ ਸਾਨੂੰ ਛੁਡਵਾ ਦੇਵੇ...? ਸਹੁਰਿਆਂ ਵੱਲੋਂ ਲੱਗਦੀ ਚਾਚੀ ਦਾ ਮੁੰਡਾ ਬੱਗਾ ਵੀ ਇਸੇ ਜ਼ਮੀਨ ਕਰਕੇ ਹੀ ਗੁਰਮੀਤ ਦੇ ਅੱਗੇ-ਪਿੱਛੇ ਪੂਛ ਮਾਰਦਾ, "ਭਾਬੀ-ਭਾਬੀ" ਕਰਦਾ ਫ਼ਿਰਦਾ ਸੀ। ਪਰ ਗੁਰਮੀਤ ਚਾਚੀ ਨੂੰ ਆਪਣੀ ਸਕੀ ਮਾਂ ਤੋਂ ਵੀ ਵੱਧ ਮੋਹ ਕਰਦੀ ਸੀ। ਗੁਰਮੀਤ ਦੇ ਮਨ ਵਿਚ ਕੋਈ ਵਲ਼-ਫ਼ੇਰ ਨਹੀਂ ਸੀ ਅਤੇ ਨਾ ਹੀ ਉਸ ਨੂੰ ਚਾਚੀ ਦੇ ਦਿਲ ਦੀ ਗੱਲ ਦਾ ਪਤਾ ਸੀ।

ਜਦ ਬੱਗੇ ਨੇ ਡਰਾਈਵਰ ਨੂੰ ਜਾ ਕੇ ਚਾਹ ਦਾ ਗਿਲਾਸ ਫ਼ੜਾਇਆ, ਤਾਂ ਡਰਾਈਵਰ ਨੇ ਹੋਰ ਹੀ ਭਾਖਿਆ ਦਿੱਤੀ।

-"ਹਰਿਆਣੇ ਦੇ ਜਾਟਾਂ ਦਾ ਜਾਟ ਅੰਦੋਲਨ ਚੱਲ ਰਿਹੈ, ਕਹਿੰਦੇ ਉਨ੍ਹਾਂ ਨੇ ਸੜਕਾਂ 'ਤੇ ਜਾਮ ਲਾ ਰੱਖਿਐ ਤੇ ਰੇਲਵੇ ਲਾਈਨਾਂ ਉਖਾੜ ਦਿੱਤੀਆਂ..!" ਡਰਾਈਵਰ ਨੇ ਅਜੀਬ ਅਕਾਸ਼ਬਾਣੀ ਕੀਤੀ ਸੀ।

-"ਐਹੋ ਜੇ ਰਾਮ ਰੌਲ਼ੇ ਤਾਂ ਚੱਲਦੇ ਈ ਰਹਿੰਦੇ ਐ, ਬਾਈ..! ਬਾਹਰ ਦੀਆਂ ਫ਼ਲਾਈਟਾਂ ਲੈਣ ਆਲ਼ਿਆਂ ਨੂੰ ਲੋਕ ਥੋੜ੍ਹੋ ਰੋਕਣਗੇ..? ਫ਼ੇਰ ਵੀ ਆਬਦੇ ਦੇਸ਼ ਦੇ ਲੋਕ ਐ, ਐਨੀ ਗੱਲ ਵੀ ਨੀ ਸਮਝਣਗੇ ਬਈ ਅਗਲਿਆਂ ਨੇ ਫ਼ਲਾਈਟ ਲੈਣੀ ਐਂ..?" ਬੱਗੇ ਨੇ ਆਪਣੇ ਮਨ ਦੀ ਗੱਲ ਆਖ ਸੁਣਾਈ।

ਡਰਾਈਵਰ ਵੀ ਗੱਲ ਮੰਨ, ਸੁਖ਼ਾਲ਼ਾ ਜਿਹਾ ਹੋ ਕੇ ਚਾਹ ਪੀਣ ਲੱਗ ਪਿਆ।

ਜੋਬਨ ਊਂਘਦਾ, ਪੈਰ ਜਿਹੇ ਘੜ੍ਹੀਸਦਾ ਗੁਸਲਖਾਨੇ ਨੂੰ ਜਾ ਰਿਹਾ ਸੀ।

"ਸਤਿਨਾਮ.... ਸ੍ਰੀ ਵਾਹਿਗੁਰੂ ਸਾਹਿਬ ਜੀ...! ਡੰਡਾਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।। ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ...।। ...ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ।। ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ।।" ਜਦ ਪਾਠੀ ਦੀ ਉਂਘ ਲੱਦੀ, ਪਰ ਮਿੱਠੀ ਅਤੇ ਸੁਰੀਲੀ ਆਵਾਜ਼ ਗੁਰਦੁਆਰੇ ਦੇ ਸਪੀਕਰ ਵਿਚੋਂ ਗੁਰਮੀਤ ਕੌਰ ਦੀ ਕੰਨੀਂ ਪਈ, ਤਾਂ ਉਹ ਹੋਰ ਖਿਝ ਗਈ।

-"ਲੈ...! ਪਾਠੀ ਸਿੰਘ ਵੀ ਬੋਲ ਪਿਆ..! ਲੱਗਦੈ ਇਹ ਦਿਨ ਚੜ੍ਹਾਉਣਗੇ ਐਥੇ..!" ਉਹ ਗੁਸਲਖਾਨੇ ਵੱਲ ਨੂੰ ਤੁਰ ਪਈ।

ਜੋਬਨ ਨਹਾਈ ਜਾ ਰਿਹਾ ਸੀ।

-"ਜੋਬਨ...!"

-"ਯੈੱਸ ਮੰਮ..?"

-"ਫ਼ਿਨੀਸ਼ ਸਨ...??"

-"ਨੀਅਰਲੀ ਮੰਮ..!"

-"ਓ. ਕੇ...!"

-"ਮੰਮ...!"

-"ਯੈੱਸ ਸਨ...?"

-"ਟਾਵਲ ਪਲੀਜ਼..!"

-"ਹਰੀ ਅੱਪ ਸਨ..!" ਤੌਲੀਆ ਫ਼ੜਾਉਂਦੀ ਗੁਰਮੀਤ ਬੋਲੀ।

-"..........।" ਜੋਬਨ ਨਾ ਬੋਲਿਆ। ਪਰ ਤੌਲੀਆ ਲਪੇਟ ਬਾਹਰ ਆ ਗਿਆ।

-"ਆਈ ਐੱਮ ਡਨ, ਮੰਮ..!"

-"ਵੇ ਤੈਨੂੰ ਠੰਢ ਲੱਗ ਜਾਊਗੀ ਜੋਬਨ ਪੁੱਤ..! ਤੂੰ ਤਾਂ ਨਾਂਗੇ ਸਾਧੂਆਂ ਮਾਂਗੂੰ ਤੁਰਿਆ ਫ਼ਿਰਦੈਂ, ਪਾ ਕੁਛ, ਠਾਰੀ ਐ..!" ਚਾਚੀ ਨੇ ਫ਼ਿਕਰਮੰਦ ਹੋਣ ਦਾ ਵਿਖਾਵਾ ਜਿਹਾ ਕੀਤਾ।

-"ਹੁਣ ਇਹ ਰਜਾਈ ਲੈ ਕੇ ਕੱਪੜੇ ਪਾਊਗਾ ਚਾਚੀ..?"

-"ਮੈਂ ਅੰਗੀਠੀ ਜਗਾਈ ਐ ਪੁੱਤ, ਉਹ ਲੈ ਕੇ ਆਉਨੀ ਐਂ..!" ਚਾਚੀ "ਭਿੰਨ-ਭਿੰਨ" ਕਰਦੀ ਅੰਦਰ ਨੂੰ ਤੁਰ ਗਈ।

-"ਲੈ ਅੰਗੀਠੀ ਕੋਲ਼ ਹੋ ਕੇ ਲੀੜੇ ਪਾ ਲੈ ਪੁੱਤ..!" ਉਹ ਜਗਦੀ ਅੰਗੀਠੀ ਲੈ ਕੇ ਆ ਗਈ।

ਨਿੱਘ ਵਿਚ ਜੋਬਨ ਕੱਪੜੇ ਪਾਉਣ ਲੱਗ ਪਿਆ।

-"ਜਲਦੀ ਕਰੋ, ਭਾਬੋ..! ਡਰਾਈਵਰ ਕਹਿੰਦਾ ਹਰਿਆਣੇ ਵਾਲ਼ੇ ਜਾਟਾਂ ਨੇ ਕੋਈ ਅੰਦੋਲਨ ਸ਼ੁਰੂ ਕੀਤਾ ਹੋਇਐ, ਤੇ ਉਹ ਸੜਕਾਂ ਰੋਕੀ ਬੈਠੇ ਐ..!" ਬੱਗੇ ਨੇ ਦੱਸਿਆ।

-"ਬਾਘੁਰੂ..!" ਚਾਚੀ ਹਾਉਕਾ ਲੈਣ ਵਾਲ਼ਿਆਂ ਵਾਂਗ ਬੋਲੀ, "ਵਿਹਲੀ ਜਨਤਾ ਨੂੰ ਵੀ ਕੋਈ ਕੰਮ ਨੀ..! ਜਦੋਂ ਹੋਰ ਨੀ ਕੁਛ ਸੁਝਦਾ, ਸੜਕਾਂ ਆ ਰੋਕਦੇ ਐ ਖਸਮਾਂ ਨੂੰ ਖਾਣੇ..! ਅਖੇ ਵਿਹਲਾ ਬਾਣੀਆਂ ਕੀ ਕੰਮ ਕਰੇ, ਐਧਰਲੇ ਵੱਟੇ ਔਧਰ ਧਰੇ..!" ਚਾਚੀ ਨੇ ਭੜ੍ਹਾਸ ਕੱਢੀ।

-"ਕਹਿੰਦੇ ਉਨ੍ਹਾਂ ਨੇ ਤਾਂ ਰੇਲਾਂ ਦੀਆਂ ਪਟੜੀਆਂ ਵੀ ਪੱਟਤੀਆਂ...!"

-"ਲੈ ਫ਼ੂਟ..! ਕਰਲੋ ਗੱਲ..! ਨ੍ਹੀ ਮੈਂ ਮਰ'ਜਾਂ..! ਕੀ ਬਣੂੰਗਾ ਦੁਨੀਆਂ ਦਾ..? ਬਈ ਥੇਹ ਹੋਣਿਓਂ, ਤੁਸੀਂ ਆਬਦੇ ਮੁਲਕ ਦਾ ਈ ਨਕਛਾਨ ਕਰਦੇ ਓਂ, ਕਿਸੇ ਦਾ ਕੀ ਜਾਂਦੈ..? ਪਟੜੀਆਂ ਪਾਕਿਸਤਾਨ ਦੀਆਂ ਥੋੜ੍ਹੋ ਐ...?"

ਸਾਰੇ ਚੁੱਪ ਹੋ ਗਏ।

-"ਊਂ ਜਾਣ ਆਉਣ ਆਲ਼ਿਆਂ ਨੂੰ ਤਾਂ ਨੀ ਕੋਈ ਖ਼ਤਰਾ, ਪੁੱਤ..?" ਚਾਚੀ ਨੇ ਡਰਾਈਵਰ ਨੂੰ ਜਾ ਪੁੱਛਿਆ।

-"ਰੱਬ ਜਾਣੇ ਬੇਬੇ..!" ਡਰਾਈਵਰ ਬੋਲਿਆ, "ਸੁਣੀਆਂ ਸੁਣਾਈਆਂ ਗੱਲਾਂ ਮੈਂ ਕਰਦੈਂ..!"

-"ਲੋਕ ਗੱਲ ਬਣਾ ਵੀ ਵੱਡੀ ਲੈਂਦੇ ਐ, ਪੁੱਤ..!"

-"ਐਨਾਂ ਵੀ ਹਨ੍ਹੇਰ ਨੀ ਮੱਚਿਆ ਬੇਬੇ..! ਤੂੰ ਨਾ ਐਵੇਂ ਫ਼ਿਕਰ 'ਚ ਸੁੱਕ..!" ਬੱਗੇ ਨੇ ਕਿਹਾ।

-"ਵੇ ਕਿਉਂ ਨਾ ਸੁੱਕਾਂ ਪੁੱਤ ਮੇਰਿਆ..? ਆਹ ਰਤੀ-ਭਰ ਜੁਆਕ ਥੋਡੇ ਨਾਲ਼ ਐ, ਚਿੰਤਾ ਤਾਂ ਹੋ ਈ ਜਾਂਦੀ ਐ..!" ਬੇਬੇ ਵਾਕਿਆ ਹੀ ਫ਼ਿਕਰ ਦੀ ਮੂਰਤ ਬਣੀਂ ਖੜ੍ਹੀ ਸੀ।

-"ਚਲੋ ਭਾਬੀ..! ਤੁਰੋ ਹੁਣ..!" ਬੱਗੇ ਅਤੇ ਡਰਾਈਵਰ ਨੇ ਅਟੈਚੀਆਂ ਨੂੰ ਹੱਥ ਪਾ ਲਿਆ।

-"ਮੈਂ ਜੁਆਕਾਂ ਵਾਸਤੇ ਆਲੂ ਤੇ ਮੂਲ਼ੀਆਂ ਵਾਲ਼ੇ ਪਰਾਉਂਠੇ ਬਣਾਏ ਸੀ, ਨਾਲ਼ ਲੈ'ਜੋ ਪੁੱਤ, ਕਿੱਥੇ ਖੜ੍ਹ-ਖੜ੍ਹ ਖਾਂਦੇ ਫ਼ਿਰੋਂਗੇ..?" ਬੇਬੇ ਵੱਡਾ ਸਾਰਾ ਟਿਫ਼ਨ ਲਈ ਖੜ੍ਹੀ ਸੀ।

ਡਰਾਈਵਰ ਬੇਬੇ ਦੀ ਗੱਲ ਸੁਣ ਕੇ ਹੱਸ ਪਿਆ।

-"ਨ੍ਹਾਂ ਤੂੰ ਕਿਉਂ ਹੱਸਿਆ ਭਾਈ..?" ਬੇਬੇ ਨੂੰ ਹਾਸਾ ਮੇਚ ਨਹੀਂ ਆਇਆ ਸੀ।

-"ਕਨੇਡਾ 'ਚ ਜੰਮੇਂ ਪਲ਼ੇ ਜੁਆਕ ਤੇਰੇ ਆਲੂਆਂ ਆਲ਼ੇ ਪਰਾਉਂਠੇ ਖਾਣਗੇ, ਬੇਬੇ..?"

-"ਲੈ ਫ਼ੂਟ..! ਵੇ ਪਰਾਉਂਠੇ ਇਨ੍ਹਾਂ ਨੂੰ ਦੰਦੀ ਵੱਢਦੇ ਐ..?"

-"ਇਹ ਤਾਂ 'ਮੈਗਡੋਨਾ' ਖਾਣ ਆਲ਼ੇ ਐ, ਬੇਬੇ..! ਤੇਰੇ ਪਰਾਉਂਠੇ ਕਿੱਥੋਂ ਖਾਣਗੇ..?" ਡਰਾਈਵਰ ਹੱਸ ਪਿਆ। ਪਰ ਬੇਬੇ ਨੇ ਟਿਫ਼ਨ ਗੁਰਮੀਤ ਦੇ ਹੱਥ ਦੇ ਦਿੱਤਾ।

ਜਦ ਚਾਚੀ ਨੇ ਬੱਚਿਆਂ ਅਤੇ ਗੁਰਮੀਤ ਨੂੰ ਸ਼ਗਨ ਦਿੱਤਾ, ਤਾਂ ਗੁਰਮੀਤ ਡੁਸਕ ਪਈ।

-"ਦਿਲ ਥੋੜ੍ਹਾ ਨਾ ਕਰ ਪੁੱਤ..!" ਚਾਚੀ ਨੇ ਵੀ ਅੱਖਾਂ ਭਰਨ ਦਾ ਢੌਂਗ ਜਿਹਾ ਕੀਤਾ।

-"ਜਾਣ ਵੇਲੇ ਮੈਨੂੰ ਵੱਡੇ ਬਾਪੂ ਜੀ ਯਾਦ ਆ ਜਾਂਦੇ ਐ, ਚਾਚੀ..! ਕਿੰਨਾਂ ਮੋਹ ਕਰਦੇ ਸੀ ਸਾਰਿਆਂ ਨੂੰ, ਉਨ੍ਹਾਂ ਬਿਨਾਂ ਘਰ ਸੁੰਨਾਂ ਜਿਆ ਲੱਗਦੈ..!"

-"ਬੰਦਿਆਂ ਦੀ ਘਾਟ ਤਾਂ ਹਮੇਸ਼ਾ ਈ ਰੜਕਦੀ ਰਹਿੰਦੀ ਐ, ਪੁੱਤ..!"

....ਕੀ ਹੇਜ ਮਾਰ ਗਿਆ ਇਹਨੂੰ ਬੁੜ੍ਹੇ ਦਾ..! ਕਿਵੇਂ ਚੱਚਰ ਕਰਦੀ ਐ..! ਚਾਚੀ ਮਨ ਅੰਦਰ ਕੁੜ੍ਹ ਉਠੀ। ...ਜੇ ਉਹ ਕਿਸੇ ਕਰਮ ਦਾ ਹੁੰਦਾ, ਮੈਂ ਤੇਰੀਆਂ ਤੇ ਤੇਰੇ ਜੁਆਕਾਂ ਦੀਆਂ ਲਾਲ਼ਾਂ ਕਾਹਨੂੰ ਚੱਟਦੀ..? ਸਾਡੇ ਨਾਂ ਕਰ ਜਾਂਦਾ ਪੈਲ਼ੀ, ਤੇ ਅਸੀਂ ਬਾਗੋ-ਬਾਗ ਸੀ, ਖਸਮਾਂ ਨੂੰ ਖਾਣਾ ਦੋ ਕਿੱਲੇ ਸਾਂਝੀ ਜ਼ਮੀਨ ਛੱਡ ਕੇ ਸਾਡੇ ਗਲ਼ ਸਿਆਪੇ ਪਾ ਗਿਆ..! ਪਰ ਕੋਈ ਨਾ ਗੁਰਮੀਤ ਕੁਰੇ, ਮੈਂ ਵੀ ਸੱਤਾਂ ਪੱਤਣਾਂ ਦੀ ਤਾਰੂ ਐਂ, ਪੈਲ਼ੀ ਮੈਂ ਵੀ ਨੀ ਛੱਡਦੀ, ਚਾਹੇ ਮੈਨੂੰ ਕੋਈ ਕਾਰਾ ਕਰਨਾ ਪਵੇ..! ਮੈਂ ਤਾਂ ਲਾ ਦਿਊਂ ਅਸਮਾਨ ਨੂੰ ਟਾਕੀ..! ਉਹ ਅੰਦਰੇ ਅੰਦਰ ਸੋਚ ਰਹੀ ਸੀ।

-"ਜਿਉਂਦਿਆਂ ਦੀ ਸੁੱਖ ਮਨਾਈਦੀ ਹੁੰਦੀ ਐ ਪੁੱਤ..! ਤੁਰ ਗਿਆਂ ਦਾ ਬਾਹਲ਼ਾ ਝੋਰਾ ਨੀ ਕਰੀਦਾ..!"

-"ਬੱਗੇ ਦਾ ਵਿਆਹ ਕਰ ਲੈ ਚਾਚੀ..! ਨੂੰਹ ਨਾਲ਼ ਪਰਚੀ ਰਿਹਾ ਕਰੇਂਗੀ..!" ਗੁਰਮੀਤ ਨੇ ਮਾਹੌਲ ਨੂੰ ਸਾਂਅਵਾਂ ਬਣਾਉਣ ਲਈ ਆਖਿਆ।

-"ਤੂੰ ਬਾਹਰ ਈ ਕੋਈ ਕੁੜੀ ਦੇਖ ਪੁੱਤ..! ਐਥੇ ਤਾਂ ਧੱਕੇ ਐ..! ਨਾਲ਼ੇ ਨਵੀਂ ਪੀੜ੍ਹੀ ਐਥੇ ਤਾਂ ਨਸ਼ੇ ਈ ਬਲਾਈ ਭੈੜ੍ਹੇ ਜੇ ਖਾਈ ਜਾਂਦੀ ਐ, ਮੈਨੂੰ ਤਾਂ ਦੇਖ ਦੇਖ ਡਰ ਲੱਗਦਾ ਰਹਿੰਦੈ..!"

-"ਦੇਖ ਲਊਂਗੀ ਚਾਚੀ..! ਤੂੰ ਚਿੰਤਾ ਨਾ ਕਰਿਆ ਕਰ..!"

-"ਅੱਜਕੱਲ੍ਹ ਦੇ ਅਲ਼ੱਥ ਮੁੰਡੇ ਤਾਂ ਭਾਈ ਉਹ ਖਾਂਦੇ ਐ, ਜੀਹਨੂੰ ਕੀ ਕਹਿੰਦੇ ਐ ਅੱਗ ਲੱਗੜੇ ਨੂੰ, ਚਿੱਟਾ..!"

-"ਚਿੱਟੇ ਨੇ ਤਾਂ ਪੰਜਾਬ ਮਾਰ'ਤਾ ਬੇਬੇ..!" ਡਰਾਈਵਰ ਬੋਲਿਆ।

-"ਅੱਗ ਲੱਗੜਾ ਕਦੇ ਨੀ ਸੀ ਸੁਣਿਆ..! ਤੇਰੇ ਬਾਪੂ ਜੀ ਵਰਗੇ ਕਦੇ ਕਦਾਈਂ ਹਾੜ੍ਹੀ ਸਾਉਣੀ, ਜਾਂ ਕਿਸੇ ਵਿਆਹ ਸਾਹੇ 'ਤੇ ਘੁੱਟ ਦਾਰੂ ਦੀ ਪੀ ਲੈਂਦੇ ਸੀ..! ਆਹ ਗੋਲ਼ੀ ਪੈਣੇ ਚਿੱਟੇ ਕਾਲ਼ੇ ਪਤਾ ਨੀ ਕਿੱਥੋਂ ਆ ਗਏ..!"

-"ਸਮੇਂ ਬਦਲ ਗਏ, ਬੇਬੇ..!" ਡਰਾਈਵਰ ਬੋਲਿਆ।

-"ਵੇ ਸੱਤਾਂ ਚੁੱਲ੍ਹਿਆਂ ਦੀ ਸੁਆਹ ਬਦਲ ਗਏ...! ਐਹੋ ਜੇ ਔਂਤਰੇ ਸਮਿਆਂ ਤੋਂ ਵੀ ਕੀ ਕਾਢਾ ਕਢਵਾਉਣੈ, ਜਿਹੜੇ ਘਰਾਂ 'ਚ ਤਬਾਹੀ ਮਚਾਉਣ..? ਆਹ ਅੱਗ ਲੱਗੜੇ ਚਿੱਟੇ ਨੇ ਤਾਂ ਘਰਾਂ ਦੇ ਘਰ ਖਾਲੀ ਕਰਤੇ, ਚਾਰ-ਚਾਰ ਪੁੱਤਾਂ ਦੀਆਂ ਮਾਂਵਾਂ ਵਿਹਲੀਆਂ ਹੋਈਆਂ ਬੈਠੀਐਂ, ਜਿਹੜੇ ਘਰੀਂ ਕੰਨ ਪਾਈ ਨੀ ਸੀ ਸੁਣਦੀ, ਹੁਣ ਉਲੂ ਬੋਲਦੇ ਐ, ਪੁੱਤ...!"

ਚਾਚੀ ਗੱਡੀ 'ਚ ਬੈਠੀ ਗੁਰਮੀਤ ਦੇ ਨੇੜੇ ਹੋ ਗਈ।

-"ਸੱਚ ਮੈਂ ਇੱਕ ਗੱਲ ਭੁੱਲ'ਗੀ ਸੀ ਪੁੱਤ ਗੁਰਮੀਤ...! ਸ਼ੇਰ ਸਿਉਂ ਨਾਲ਼ ਆਪਣੀ ਸਾਂਝੀ ਪੈਲ਼ੀ ਬਾਰੇ ਗੱਲ ਜ਼ਰੂਰ ਕਰੀਂ, ਪੁੱਤ..! ਆਹ ਬੱਗਾ ਵੀ ਥੋਡਾ ਈ ਐ, ਬਿਗਾਨਾ ਥੋੜ੍ਹੋ ਐ..? ਨਾਲ਼ੇ ਥੋਡੇ ਕੋਲ਼ੇ ਕੀ ਘਾਟਾ ਐ, ਸਭ ਕੁਛ ਤਾਂ ਪ੍ਰਮਾਤਮਾ ਨੇ ਬਗਸ਼ਿਐ..! ਜੇ ਬੱਗਾ ਥੋਡੇ ਕੋਲ਼ੇ ਚਲਿਆ ਜਾਵੇ, ਫ਼ੇਰ ਭਾਈ ਪੈਲ਼ੀਆਂ ਅਸੀਂ ਵੀ ਕੀ ਸਿਰ 'ਚ ਮਾਰਨੀਐਂ..? ਥੋਡੇ ਕੋਲ਼ੇ ਜਾ ਕੇ ਆਬਦਾ ਮੌਜਾਂ ਕਰੂ, ਬੁੱਲੇ ਵੱਢੂ..! ਇੱਕ ਤਾਂ ਨੂੰਹੇਂ ਦੇਖ ਕੁੜੀ ਇਹਦੇ ਵਾਸਤੇ, ਤੇ ਦੂਜਾ ਆਪਣੀ ਪੈਲ਼ੀ ਆਲ਼ਾ ਝੰਜਟ ਨਬੇੜ ਦੇ ਮੇਰੀ ਧੀ, ਤੇਰੇ ਸਭ ਹੱਥ ਵੱਸ ਐ..! ਤੇਰੀ ਗੱਲ ਸਾਰੇ ਮੰਨਦੇ ਐ..!"

-"ਜਾ ਕੇ ਕਰਦੀ ਐਂ ਗੱਲ, ਚਾਚੀ..!"

-"ਬੱਗੇ ਆਲ਼ਾ ਕੰਮ ਵੀ ਯਾਦ ਰੱਖੀਂ, ਓਹ ਜਾਣੇ, ਚਾਹੇ ਕੋਈ ਛੱਡੀ ਛੁਡਾਈ ਈ ਹੱਥ ਲੱਗ'ਜੇ..! ਆਪਣਾ ਮੁੰਡਾ ਰੋਟੀ ਪੈਜੂ..! ਸਾਰਾ ਕਸੂਰ ਛੱਡੀਆਂ ਛੁਡਾਈਆਂ 'ਚ ਵੀ ਨੀ ਹੁੰਦਾ, ਛੱਡਣ ਆਲ਼ਿਆਂ 'ਚ ਵੀ ਬਥੇਰੇ ਕਾਣ ਹੁੰਦੇ ਐ, ਪਰ ਆਪਣੀ ਦੁਨੀਆਂ ਕਾਣੀਂ ਐਂ, ਕਾਣ ਦੇਖਦੀ ਨੀ, ਤੀਮੀਂ ਮਾਨੀਂ ਨੂੰ ਈ ਮਾੜੀ ਆਖੀ ਜਾਣਗੇ, ਤੂੰ ਮੇਰੇ ਅੱਲੋਂ ਚਾਹੇ ਕੋਈ ਛੱਡੀ ਛੁਡਾਈ ਦੇਖ ਲਈਂ...!"

-"ਫ਼ਿਕਰ ਨਾ ਕਰ ਚਾਚੀ..!"

-"ਚਲੋ ਤੁਰੋ ਪੁੱਤ..! ਬੋਲੋ ਵਾਹਿਗੁਰੂ..! ਗੱਲਾਂ ਤਾਂ ਮੁੱਕਣੀਆਂ ਈ ਨੀ..! ਚਲੋ, ਲਓ ਰੱਬ ਦਾ ਨਾਂ..!"

ਗੁਰਮੀਤ ਕੌਰ ਫ਼ਿਰ ਚਾਚੀ ਨੂੰ ਜੱਫ਼ੀ ਪਾ ਕੇ ਫ਼ਿੱਸ ਪਈ।

ਉਸ ਦਾ ਮਨ ਚੋਈ ਜਾ ਰਿਹਾ ਸੀ।

-"ਚਲੋ..! ਲੇਟ ਨਾ ਹੋਵੋ, ਪੁੱਤ..!" ਚਾਚੀ ਵੀ ਫ਼ੋਕੀਆਂ ਅੱਖਾਂ ਪੂੰਝਦੀ ਕਹਿ ਰਹੀ ਸੀ।

ਭਰੇ ਮਨ ਕਾਰਨ ਗੁਰਮੀਤ ਤੋਂ ਬੋਲਿਆ ਨਹੀਂ ਜਾ ਰਿਹਾ ਸੀ।

ਬੱਚੇ ਪਿੱਛੇ ਥੱਕਿਆਂ ਵਾਂਗ ਪਏ ਸਨ। ਉਨ੍ਹਾਂ ਦੇ ਮਨ 'ਤੇ ਕੋਈ ਬਹੁਤਾ ਅਸਰ ਨਹੀਂ ਸੀ।

ਬੱਗਾ ਅੱਗੇ ਡਰਾਈਵਰ ਦੇ ਬਰਾਬਰ ਬੈਠਾ ਸੀ।

ਤੁਰਨ ਲੱਗੀ ਗੱਡੀ ਦੇ ਟਾਇਰਾਂ 'ਤੇ ਚਾਚੀ ਨੇ ਗੜਵੀ ਨਾਲ਼ ਪਾਣੀ ਡੋਲ੍ਹਿਆ।

ਗੱਡੀ ਤੁਰ ਗਈ।

ਚਾਚੀ ਨੇ ਧਰਤੀ ਨੂੰ ਸਿੱਜਦਾ ਕੀਤਾ।

...ਕਿੰਨੇ ਅਲ਼ੱਥ ਜੁਆਕ ਐ..! ਜਿੰਨੇ ਦਿਨ ਰਹੇ ਐ, ਲਹੂ ਪੀਣਾਂ ਕਰੀ ਰੱਖਿਐ...! ਚਾਚੀ ਨੇ ਮਨ ਅੰਦਰੋਂ ਭਾਂਬੜ ਛੱਡਿਆ। ....ਤੂੰ ਮੇਰੇ ਬੱਗੇ ਨੂੰ ਰਿਸ਼ਤਾ ਕਰਵਾ ਕੇ ਕੈਨੇਡਾ ਲਿਜਾ, ਤੇ ਸਾਂਝੀ ਜ਼ਮੀਨ ਵਾਲ਼ਾ ਕੰਮ ਕਰ ਸਿੱਧਾ, ਜੇ ਥੋਡੇ ਨੱਕ 'ਚ ਨਕੇਲ ਨਾ ਪਾਅਤੀ ਜੀਓ ਜੀਅ ਦੇ..! ਚਾਚੀ ਲਾਂਬੂੰ ਛੱਡਦੀ ਅੰਦਰ ਚਲੀ ਗਈ।

ਗੁਰਦੁਆਰੇ ਦਾ ਸਪੀਕਰ ਅਜੇ ਵੀ ਪਾਠ ਕਰਨ ਵਿਚ ਮਘਨ ਸੀ।

ਪਰ ਚਾਚੀ ਦਾ ਮਨ ਅਸ਼ਾਂਤ ਸੀ। ...ਦਿਨ ਚੜ੍ਹੇ ਗੁਰਦੁਆਰੇ ਜਾ ਕੇ, ਮੱਥਾ ਟੇਕ ਕੇ ਆਊਂਗੀ, ਸਾਰੇ ਕਾਰਜ ਸਿੱਧੇ ਹੋ ਜਾਣਗੇ। ਚਾਚੀ ਨੇ ਸੋਚਿਆ।

ਸੋਚਾਂ ਦੀ ਘੋੜ-ਦੌੜ ਵਿਚ ਗ੍ਰਸੀ ਚਾਚੀ ਅੰਗੀਠੀ ਕੋਲ਼ ਪਏ ਬੈੱਡ ਕੋਲ਼ ਰਜਾਈ ਲੈ ਕੇ ਬੈਠ ਗਈ।

ਸੜਕਾਂ ਦਾ ਸੀਨਾਂ ਲਤੜਦੀ ਗੱਡੀ ਧੁੰਦ ਦਾ ਸੀਨਾਂ ਚੀਰਦੀ ਜਾ ਰਹੀ ਸੀ।

-"ਕੱਲ੍ਹ ਧੁੰਦ ਬਹੁਤ ਸੀ ਬਾਈ ਜੀ..! ਮੈਂ ਦਰਬਾਰ ਸਾਹਿਬ ਲੈ ਕੇ ਗਿਆ ਸੀ ਇੱਕ ਸਵਾਰੀ ਨੂੰ, ਜਾਣੀਂਦੀ ਹੱਥ ਨੂੰ ਹੱਥ ਮਾਰਿਆ ਨੀ ਸੀ ਦਿਸਦਾ..!"

-"ਚਾਹ ਆਪਾਂ ਜੀਂਦ ਕੋਲ ਅੱਪੜ ਕੇ ਈ ਪੀਵਾਂਗੇ..!"

-"ਆਪਾਂ ਹੁਕਮ ਦੇ ਭੱਬੂ ਆਂ ਬਾਈ..! ਜਿੱਥੇ ਹੁਕਮ ਕਰੋਂਗੇ, ਬਰੇਕ ਮਾਰ ਦਿਆਂਗੇ, ਆਪਾਂ ਤਾਂ ਨਿੱਤ ਦੇ ਮੁਸਾਫ਼ਿਰ ਆਂ ਬਾਈ ਜੀ..! ਨਿੱਤ ਸੜਕਾਂ 'ਤੇ ਰਸਤਿਆਂ ਨਾਲ਼ ਯਾਰੀ ਐ..!"

-"ਜਿੱਥੇ ਧੁੰਦ ਜ਼ਿਆਦਾ ਆ ਜਾਂਦੀ ਐ, ਓਥੇ ਹੌਲ਼ੀ ਕਰ ਲਿਆ ਕਰ..! ਬੱਸਾਂ ਆਲ਼ੇ ਤਾਂ ਕੁਛ ਕਸਰ ਛੱਡ ਈ ਦਿੰਦੇ ਐ, ਆਹ ਟਰੱਕਾਂ ਆਲ਼ੇ ਤਾਂ ਪਤੰਦਰ ਕੌਡੇ ਆਲ਼ੀ ਥਾਂ 'ਤੇ ਮਾਰਨ ਤੱਕ ਜਾਂਦੇ ਐ..!"

-"ਬੱਸਾਂ ਆਲ਼ੇ ਕਾਹਨੂੰ ਘੱਟ ਐ..? ਦੇਖਿਆ ਨੀ ਸੀ..? ਮੰਤਰੀ ਜੀ ਦੀ ਬੱਸ ਨੇ ਸੜਕ 'ਤੇ ਕੁੜੀ ਸ਼ਰੇਆਮ ਕੁਚਲ'ਤੀ ਸੀ..! ਤੇ ਫ਼ੇਰ ਪੈਸੇ ਦੇ ਕੇ ਵਾਰਿਸ ਮੁਕਰਾ ਵੀ ਲਏ, ਵਿਚਾਰੀ ਕੁੜੀ ਦੀ ਮੌਤ ਘੱਟੇ ਰੋਲ'ਤੀ..!"

-"ਪੈਸਾ ਤੇ ਦਬਕਾ ਵੱਡਿਆਂ-ਵੱਡਿਆਂ ਦੀ ਬੋਲਤੀ ਬੰਦ ਕਰ ਦਿੰਦੈ..!"

-"ਯਾਰ ਗਰੀਬ ਨੇ ਵਿਚਾਰੇ ਨੇ ਪੱਚੀ-ਤੀਹ ਲੱਖ ਸਾਰੀ ਉਮਰ ਨੀ ਦੇਖਿਆ ਹੁੰਦਾ...! ਅਗਲਿਆਂ ਨੇ ਸੋਚਿਆ ਬਈ ਮਰਨ ਆਲ਼ੀ ਤਾਂ ਗਈ ਮਰ, ਹੁਣ ਲਾਹਾ ਤਾਂ ਲੈ ਲਓ..! ਜਾਂਦੇ ਚੋਰ ਦੀ ਲੰਗੋਟੀ ਈ ਸਹੀ..!"

-"ਉਹ ਤਾਂ ਗੱਲ ਈ ਮੀਡੀਆ ਤੇ ਵਿਰੋਧੀ ਧਿਰ ਹੱਥ ਆ ਗਈ, ਨਹੀਂ ਤਾਂ ਅਗਲੇ ਰਾਤੋ ਰਾਤ ਗੱਲ ਨੂੰ ਉੜਦੂ ਲਾ ਦਿੰਦੇ..! ਗੱਲ ਦੱਬਣ ਲਈ ਅਗਲਿਆਂ ਦੇ ਹਮਾਇਤੀ ਤਾਂ ਮਾਨਸ-ਬੂ - ਮਾਨਸ-ਬੂ ਕਰਦੇ ਫ਼ਿਰਦੇ ਸੀ..!"

-"ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦੈ, ਬਾਈ..! ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ਼ ਪਤਾਸੇ ਪੀਵੇ..!"

-"ਜਦੋਂ ਅਗਲਿਆਂ ਨੂੰ ਤੀਹ ਲੱਖ ਦਾ ਲਾਲਚ ਦਿੱਤਾ, ਅਗਲਿਆਂ ਦੇ ਤੌਰ ਈ ਬਦਲ ਗਏ..!"

-"ਤੌਰ..? ਜਦੋਂ ਅਗਲਿਆਂ ਨੇ ਤੀਹ ਲੱਖ ਦੀ ਬਾਤ ਪਾਈ, ਅਗਲੇ ਮੀਡੀਆ ਨੂੰ ਈ ਕੌੜਨ ਲੱਗ ਪਏ, ਜਿਨ੍ਹਾਂ ਨੇ ਮਾਲਕਾਂ ਦੀ ਧਰਨ ਹਿਲਾਈ ਸੀ..!"

-"ਕਹਾਵਤ ਨੀ ਸੁਣੀ..? ਕੋਠਾ ਉਸਰਿਆ ਤੇ ਤਰਖਾਣ ਵਿੱਸਰਿਆ..! ਮੀਡੀਆ ਤੋਂ ਅਗਲਿਆਂ ਨੇ ਕੀ ਕਰਵਾਉਣਾ ਸੀ..? ਅਗਲਿਆਂ ਨੇ ਕਿਹਾ ਹੋਣੈਂ, ਬਈ ਮੀਡੀਆ ਨਾਲ਼ ਗੱਲ ਨਾ ਕਰਿਓ, ਨਹੀਂ ਪੈਸੇ ਵੀ ਨੀ ਮਿਲਣੇ..! ਅਗਲੇ ਅੱਖਾਂ ਫ਼ੇਰ ਗਏ..!"

-"ਉਨ੍ਹਾਂ ਨੇ ਮੀਡੀਆ ਤੋਂ ਫ਼ੇਰ ਲੈਣਾ ਵੀ ਕੀ ਸੀ..? ਕੰਮ ਤਾਂ ਨਿਕਲ਼ ਗਿਆ ਸੀ..!"

-"ਊਂ ਜੇ ਮੀਡੀਆ ਰੌਲ਼ਾ ਨਾ ਪਾਉਂਦਾ, ਮਾਲਕ ਅਗਲੇ ਗਰੀਬ ਨੂੰ ਡੱਕਾ ਦਬਾਲ਼ ਨੀਂ ਸੀ..!"

-"ਅਗਲੇ ਵੱਡਿਆਂ-ਵੱਡਿਆਂ ਨੂੰ ਨੀ ਕੁਛ ਗੌਲ਼ਦੇ, ਗਰੀਬ ਆਦਮੀ ਤਾਂ ਉਨ੍ਹਾਂ ਦੇ ਯਾਦ ਈ ਕੀ ਐ..? ਨਾਲ਼ੇ ਗਰੀਬ ਬੰਦੇ ਨੇ ਉਨ੍ਹਾਂ ਦਾ ਕੀ ਵਿਗਾੜ ਲੈਣਾ ਸੀ..?"

-"ਲੈ ਬਾਈ ਟਰੈਫ਼ਿਕ ਏਰੀਆ ਆਪਾਂ ਲੰਘ ਆਏ ਐਂ..! ਹੁਣ ਟਰੈਫ਼ਿਕ ਦਾ ਡਰ ਕੋਈ ਨੀ..! ਹੁਣ ਦੇਖ ਬਰਨੋਂ ਉਡਦੀ..!" ਡਰਾਈਵਰ ਬੋਲਿਆ।

-"ਅਰਾਮ ਨਾਲ਼ ਈ ਚੱਲੀਂ..! ਬਹੁਤ ਟੈਮ ਐ ਆਪਣੇ ਕੋਲ਼ੇ..!"

ਜਰਨੈਲੀ ਸੜਕ ਨਾਲ਼ ਕਲੋਲਾਂ ਕਰਦੀ ਗੱਡੀ ਵਾਟ ਨੂੰ ਟਿੱਚਰਾਂ ਕਰ ਰਹੀ ਸੀ।

ਬੱਚੇ ਅਤੇ ਗੁਰਮੀਤ ਪਿੱਛੇ ਬੇਫ਼ਿਕਰੀ ਨਾਲ਼ ਸੁੱਤੇ ਹੋਏ ਸਨ।

-"ਘੰਟੇ ਕੁ ਨੂੰ ਆਪਾਂ ਜੀਂਦ ਦੇ ਨੇੜੇ ਪਹੁੰਚ ਜਾਣੈਂ, ਬਾਈ..!"

ਚੜ੍ਹਦੀ ਵਾਲ਼ੇ ਪਾਸੇ ਸੂਰਜ ਨੇ ਪ੍ਰਕਿਰਤੀ ਨੂੰ "ਝਾਤ" ਕਿਹਾ ਸੀ। ਜਦ ਪਹਿਲੀ ਕਿਰਨ ਨੇ ਧਰਤੀ ਨੂੰ ਸਿੱਜਦਾ ਕੀਤਾ ਤਾਂ ਕਣਕਾਂ ਦੇ ਪੱਤਿਆਂ 'ਤੇ ਪਈ ਤਰੇਲ਼ ਦੇ ਤੁਪਕੇ ਮੋਤੀਆਂ ਵਾਂਗ ਡਲਕੇ ਸਨ। ਧਰਤੀ ਜਿਵੇਂ ਇੱਕ ਦਮ ਸੁਨਿਹਰੀ ਹੋ, ਲਿਸ਼ਕੋਰ ਮਾਰਨ ਲੱਗ ਪਈ ਸੀ। ਦੂਰ-ਦੂਰ ਖੇਤਾਂ ਵਿਚ ਹਰੇਵਾਈ ਪਸਰੀ ਪਈ ਸੀ। ਗੁਰਮੀਤ ਨੇ ਇਸ ਦਿਲਕਸ਼ ਨਜ਼ਾਰੇ ਨੂੰ ਦੇਖਣਾ ਨਹੀਂ, ਇੱਕ ਤਰ੍ਹਾਂ ਅੱਖਾਂ ਨਾਲ਼ ਪੀਣਾਂ ਸ਼ੁਰੂ ਕਰ ਦਿੱਤਾ। ਕਾਦਰ ਦੀ ਕੁਦਰਤ ਦੀ ਉਹ ਕਾਇਲ ਹੋਈ ਬੈਠੀ ਪਤਾ ਨਹੀਂ ਕੀ-ਕੀ ਸੋਚ ਰਹੀ ਸੀ। ਅਜੇ ਉਹ ਜੀਂਦ ਤੋਂ ਕਾਫ਼ੀ ਉਰ੍ਹੇ ਸਨ ਕਿ ਸਮਾਨ ਨਾਲ਼ ਲੱਦੇ ਟਰੱਕਾਂ ਦੀ ਇੱਕ ਲੰਮੀ ਲਾਈਨ ਲੱਗੀ ਹੋਈ ਸੀ।

-"ਆਹ ਕੀ ਹੋਇਆ ਪਿਐ..? ਇਹ ਟਰੱਕ ਕਿਉਂ ਰੋਕੀ ਖੜ੍ਹੇ ਐ..?" ਬੱਗੇ ਨੇ ਚਿੰਤਾ ਜਿਹੀ ਜ਼ਾਹਿਰ ਕੀਤੀ।

-"ਅੱਗੇ ਡੀ.ਟੀ.ਓ. ਨੇ ਨਾਕਾ ਲਾਇਆ ਹੋਣੈਂ..! ਜੇ ਇਹ ਸੜਕ ਤੋਂ ਦੋ ਟਾਇਰ ਥੱਲੇ ਲਾਹ ਕੇ ਗੱਡੀ ਰੋਕ ਲੈਣ, ਕਾਨੂੰਨੀ ਤੌਰ 'ਤੇ ਇਨ੍ਹਾਂ ਨੂੰ ਚੈੱਕ ਨੀ ਕਰ ਸਕਦੇ..!"

-"ਅੱਛਾ ਜੀ..!"

ਅਜੇ ਗੱਲਾਂ ਕਰਦੇ ਉਹ ਜੀਂਦ ਦੇ ਨਜ਼ਦੀਕ ਹੀ ਪਹੁੰਚੇ ਸਨ ਕਿ ਇੱਕ ਦਮ ਗਰਦੋਗੋਰ ਉਠੀ। ਅੰਦੋਲਨਕਾਰੀ ਸੜਕ 'ਤੇ ਡਾਂਗਾਂ ਸੋਟੀਆਂ ਅਤੇ ਹੋਰ ਮਾਰੂ ਹਥਿਆਰ ਲਈ ਘੁੰਮ ਰਹੇ ਸਨ। ਪਰ ਬੱਗੇ ਹੋਰਾਂ ਦੇ ਮਨ ਵਿਚ ਕੋਈ ਡਰ ਜਾਂ ਸਹਿਮ ਨਹੀਂ ਸੀ। ਉਨ੍ਹਾਂ ਦੀ ਕਿਹੜਾ ਕਿਸੇ ਨਾਲ਼ ਕੋਈ ਦੁਸ਼ਮਣੀ ਸੀ..?

ਅੱਗੇ ਗਏ ਤਾਂ ਅੱਧੀ ਕੁ ਦਰਜਣ ਆਦਮੀਆਂ ਨੇ ਉਨ੍ਹਾਂ ਨੂੰ ਡਾਂਗਾਂ ਦਿਖਾ ਕੇ ਰੋਕ ਲਿਆ।

ਗੱਡੀ ਰੁਕ ਗਈ।

-"ਕਹਾਂ ਜਾ ਰਹੇ ਹੋ..?" ਇੱਕ ਮੋਟੇ ਬੋਦੇ ਵਾਲ਼ੇ ਨੇ ਉਨ੍ਹਾਂ ਨੂੰ ਕਿਸੇ ਪੁਲਿਸ ਅਫ਼ਸਰ ਵਾਂਗ ਪੁੱਛਿਆ। ਉਸ ਦੀ ਨਜ਼ਰ ਗੱਡੀ ਦੀ ਛੱਤ 'ਤੇ ਰੱਖੇ ਅਟੈਚੀਆਂ ਉਪਰ ਵਾਰ-ਵਾਰ ਜਾਂਦੀ ਸੀ। ਉਸ ਦੀਆਂ ਭੁੱਖੀਆਂ ਜਿਹੀਆਂ ਅੱਖਾਂ ਗੁਰਮੀਤ ਦੇ ਸਰੀਰ ਦੀ ਤਲਾਸ਼ੀ ਲੈ ਰਹੀਆਂ ਸਨ।

-"ਦਿੱਲੀ ਜਾ ਰਹੇ ਹੈਂ ਜਨਾਬ..! ਫ਼ਲਾਈਟ ਲੇਨੀ ਹੈ ਕੈਨੇਡਾ ਕੀ..!"

ਉਹ ਚੁੱਪ-ਚਾਪ ਪਿੱਛੇ ਹਟ ਗਿਆ। ਮਾਰਿਆ ਲਾਂਗੜ ਉਪਰ ਚੁੱਕ ਕੇ ਉਸ ਨੇ ਆਪਣੇ ਦੂਜੇ ਸਾਥੀ ਵੱਲ ਵਿਸ਼ੇਸ਼ ਅੱਖ ਨਾਲ਼ ਤੱਕਿਆ ਸੀ।

ਗੱਡੀ ਮੁੜ ਤੁਰ ਪਈ।

ਬੱਚੇ ਅਜੇ ਵੀ ਸੁੱਤੇ ਹੋਏ ਸਨ।

ਪਰ ਬੋਦੇ ਵਾਲ਼ੇ ਦੀ ਕਟਾਰ ਤੱਕਣੀਂ ਤੋਂ ਡਰਦੀ ਗੁਰਮੀਤ ਦੀ ਜਾਨ ਮੁੱਠੀ ਵਿਚ ਆ ਗਈ ਸੀ। ਉਸ ਦੀਆਂ ਭੁੱਖੀਆਂ ਜਿਹੀਆਂ ਨਜ਼ਰਾਂ ਨੇ ਗੁਰਮੀਤ ਦਾ ਕਾਲ਼ਜਾ ਕੱਢ ਲਿਆ ਸੀ।

-"ਲੈ..! ਸਾਲ਼ੇ ਇਹੀ ਜੱਜ ਬਣੇ ਫ਼ਿਰਦੇ ਐ..! ਅਫ਼ਸਰਾਂ ਮਾਂਗੂੰ ਰੋਅਬ ਮਾਰਦੇ ਐ..!"

-"ਅਗਲਿਆਂ ਦੇ ਸੂਬੇ 'ਚੋਂ ਲੰਘ ਕੇ ਚੱਲੇ ਐਂ ਬਾਈ..! ਅਗਲਿਆਂ ਦਾ ਹੱਕ ਵੀ ਬਣਦੈ..!" ਡਰਾਈਵਰ ਮਜ਼ਾਕ ਕਰ ਕੇ ਹੱਸ ਪਿਆ।

-"ਅੱਗੇ ਪੰਜਾਬੀਆਂ ਦੀ ਦਿੱਲੀ ਦੁਸ਼ਮਣ ਬਣੀ ਹੋਈ ਸੀ, ਹੁਣ ਹਰਿਆਣੇ ਆਲ਼ੇ ਭਰਾ ਪਤਾ ਨੀ ਕਿਹੜਾ ਵੈਰ ਕੱਢਣ ਲੱਗ ਪਏ..?"

-"ਇਨ੍ਹਾਂ ਦੀ ਦਹਿਸ਼ਤ ਕਰ ਕੇ ਦੇਖ ਲੈ ਕੋਈ ਗੱਡੀ ਨੀ ਦਿਸਦੀ ਸੜਕ 'ਤੇ..!" ਦੂਰ-ਦੂਰ ਤੱਕ ਸੁੰਨ ਸਰਾਂ ਸੜਕ ਦੇਖ ਕੇ ਡਰਾਈਵਰ ਬੋਲਿਆ।

ਅਜੇ ਉਹ ਦੋ ਕੁ ਕਿਲੋਮੀਟਰ ਹੀ ਗਏ ਹੋਣਗੇ ਕਿ ਉਨ੍ਹਾਂ ਦੇ ਅੱਗੇ ਸੱਤ-ਅੱਠ ਮੋਟਰ ਸਾਈਕਲ ਲੱਗ ਗਏ। ਹਰ ਇੱਕ ਮੋਟਰ ਸਾਈਕਲ 'ਤੇ ਦੋ-ਦੋ, ਤਿੰਨ-ਤਿੰਨ ਬੰਦੇ ਸਵਾਰ ਸਨ। ਉਨ੍ਹਾਂ ਦੇ ਹੱਥਾਂ ਵਿਚ ਦਾਤਰ ਅਤੇ ਦਾਹ ਵਰਗੇ ਮਾਰੂ ਹਥਿਆਰ ਸਨ। ਬਦਨੀਤ ਜਿਹੇ ਬੰਦੇ ਮੁੜ-ਮੁੜ ਪਿੱਛੇ ਦੇਖਦੇ ਸਨ। ਅੱਗੇ ਜਾ ਕੇ ਉਜਾੜ ਜਿਹੀ ਜਗਾਹ 'ਤੇ ਮੋਟਰ ਸਾਈਕਲ ਰੁਕ ਗਏ। ਮੋਟਰ ਸਾਈਕਲ ਸੜਕ ਦੇ ਬਿਲਕੁਲ ਵਿਚਕਾਰ ਰੁਕੇ ਸਨ, ਜਿਸ ਕਰ ਕੇ ਬੱਗੇ ਹੋਰਾਂ ਦੀ ਗੱਡੀ ਨੂੰ ਮਜਬੂਰਨ ਰੁਕਣਾ ਪਿਆ।

ਕਰੂਪ ਜਿਹੇ ਬੰਦਿਆਂ ਨੇ ਗੱਡੀ ਦਾ ਘੇਰਾ ਘੱਤ ਲਿਆ।

-"ਨੀਚੇ ਆਓ...!" ਡਰਾਈਵਰ ਨੂੰ ਅਬਦਾਲੀ ਹੁਕਮ ਹੋ ਗਿਆ।

-"...................।" ਡਰਿਆ ਡਰਾਈਵਰ ਵਾੜ ਵਿਚ ਫ਼ਸੇ ਬਿੱਲੇ ਵਾਂਗ ਝਾਕ ਰਿਹਾ ਸੀ।

-"ਕਿਆ ਕਾਮ ਹੈ..?" ਘਬਰਾਏ ਡਰਾਈਵਰ ਨੇ ਬੱਸ ਇਤਨਾ ਹੀ ਪੁੱਛਿਆ। "ਕਿਆ ਕਾਮ ਹੈ" ਪੁੱਛਣ ਦੇ ਗੁਨਾਹ ਬਦਲੇ ਉਸ ਨੂੰ ਬਾਰੀ ਖੋਲ੍ਹ ਕੇ ਬਾਹਰ ਕੱਢ ਲਿਆ ਅਤੇ ਬੇਰਹਿਮੀ ਨਾਲ਼ ਕੁੱਟਣਾ ਸ਼ੁਰੂ ਕਰ ਦਿੱਤਾ। ਡਰਾਈਵਰ ਦੀਆਂ ਚੀਕਾਂ ਅੰਬਰ ਕੰਬਾਉਣ ਲੱਗ ਪਈਆਂ। ਉਸ ਦੇ ਸਿਰ ਵਿਚ ਭਾਂਤ-ਭਾਂਤ ਦੇ ਹਥਿਆਰਾਂ ਦੇ ਵਾਰ ਹੋ ਰਹੇ ਸਨ।

ਡਰਾਈਵਰ ਲਹੂ-ਲੁਹਾਣ ਹੋ ਗਿਆ ਸੀ।

ਹਿਰਦੇਵੇਧਕ ਦ੍ਰਿਸ਼ ਦੇਖ ਕੇ ਸਾਰਿਆਂ ਦੇ ਸਾਹ ਮਗਜ਼ ਨੂੰ ਚੜ੍ਹ ਗਏ।

ਗੀਤ ਅਤੇ ਜੋਬਨ ਡਰਾਈਵਰ ਨੂੰ ਖ਼ੂਨੋ-ਖ਼ੂਨ ਦੇਖ ਕੇ ਚੀਕਾਂ ਮਾਰਨ ਲੱਗ ਪਏ। ਪਰ ਬੱਗਾ ਪੱਥਰ ਬਣਿਆਂ ਸੀਟ 'ਤੇ ਹੀ ਬੈਠਾ ਸੀ। ਉਸ ਨੂੰ ਸੁੱਝ ਨਹੀਂ ਰਿਹਾ ਸੀ ਕਿ ਉਹ ਕੀ ਕਰੇ..? ਪੰਦਰਾਂ ਘਾਤਕ ਬੰਦਿਆਂ ਅੱਗੇ ਉਸ ਇਕੱਲੇ ਦਾ ਕੀ ਵੱਟਿਆ ਜਾਣਾ ਸੀ..? ਪਰ ਫ਼ੇਰ ਵੀ ਉਹ ਹੌਂਸਲਾ ਜਿਹਾ ਕਰ ਕੇ ਉੱਤਰਨ ਲੱਗਿਆ, ਤਾਂ ਗੁਰਮੀਤ ਨੇ ਰੋਕ ਦਿੱਤਾ।

-"ਤੂੰ ਨਾ ਉੱਤਰੀਂ..! ਡਰਾਈਵਰ ਦਾ ਹਾਲ ਦੇਖ..!" ਕੰਬੀ ਜਾ ਰਹੀ ਗੁਰਮੀਤ ਨੇ ਉਸ ਨੂੰ ਵਰਜਿਆ, "ਇਹ ਆਪਣੇ ਹੱਕਾਂ ਲਈ ਲੜਨ ਵਾਲ਼ੇ ਅੰਦੋਲਨਕਾਰੀ ਨਹੀਂ, ਹਾਲਾਤਾਂ ਦਾ ਫ਼ਾਇਦਾ ਲੈਣ ਵਾਲ਼ੇ ਅਪਰਾਧਿਕ ਲੋਕ ਐ..! ਇਨ੍ਹਾਂ ਬੁੱਚੜਾਂ ਨੇ ਤੇਰੇ 'ਤੇ ਵੀ ਤਰਸ ਨੀ ਕਰਨਾ..! ਇਹ ਅੰਦੋਲਨਕਾਰੀਆਂ ਦੇ ਵਿਚ ਵੜੇ ਕਰਿਮੀਨਲ ਮਾਈਂਡਿਡ ਬੰਦੇ ਐ..!"

ਅਜੇ ਗੁਰਮੀਤ ਨੇ ਇਨਾ ਹੀ ਕਿਹਾ ਸੀ ਕਿ ਚਾਰ ਬੰਦੇ ਬੱਗੇ ਵਾਲ਼ੀ ਬਾਰੀ ਨੂੰ ਆ ਚਿੰਬੜੇ। ਬੱਗਾ ਬਾਰੀ ਖੋਲ੍ਹ ਕੇ ਭੱਜ ਤੁਰਿਆ। ਨੰਗੇ ਹਥਿਆਰ ਲਹਿਰਾਉਂਦੇ ਤਿੰਨ ਬੰਦੇ ਉਸ ਦੇ ਪਿੱਛੇ ਦੌੜ ਤੁਰੇ। ਬੱਗੇ ਦਾ ਹਸ਼ਰ ਸੋਚ ਗੁਰਮੀਤ ਹਨ੍ਹੇਰੀ ਵਾਂਗ ਬਾਰੀ ਖੋਲ੍ਹ ਕੇ ਬਾਹਰ ਨਿਕਲ਼ੀ।

-"ਹਾੜ੍ਹੇ-ਹਾੜ੍ਹੇ ਵੀਰਾ..! ਅਸੀਂ ਤੁਹਾਡਾ ਕੁਛ ਨੀ ਵਿਗਾੜਿਆ..! ਸਾਡੇ 'ਤੇ ਰਹਿਮ ਕਰੋ..!" ਉਹ ਸੜਕ ਦੇ ਵਿਚਕਾਰ ਗੋਡਣੀਆਂ ਪਰਨੇ ਹੋਈ, ਹੱਥ ਜੋੜੀ ਤਰਲੇ ਕਰ ਰਹੀ ਸੀ।

-"ਅਰ੍ਹੇ ਵਿਸਾਲ...!" ਇੱਕ ਬੈਂਗਣੀ ਰੰਗਾ ਕਰੂਪ ਜਿਹਾ ਬੋਲਿਆ।

-"ਹੂੰ...!"

-"ਅਰ੍ਹੇ ਸਸੁਰੀ ਰਾਂਡ ਤੋ ਦੇਖ..! ਕਿਆ ਰੰਗ ਰੂਪ ਹੈ ਦਾਰੀ ਕਾ, ਹੁਸਨ ਕੀ ਪਰੀ ਹੀ ਤੋ ਲਗਤੀ ਹੈ..!" ਉਹ ਲਾਂਗੜ ਚੁੱਕਦਾ ਗੁਰਮੀਤ ਕੋਲ਼ ਹੋ ਕੇ ਬੈਠ ਗਿਆ, "ਕਿਆ ਨਾਮ ਹੈ ਤੇਰਾ ਬਿੱਲੋ ਰਾਨੀ..?"

-"..................।" ਗੁਰਮੀਤ ਦਾ ਦਿਲ ਧੜਕ ਨਹੀਂ, ਫ਼ਟ ਰਿਹਾ ਸੀ।

ਉਹ ਘਬਰਾਈ ਉਠ ਕੇ ਪਿੱਛੇ ਗੱਡੀ ਨਾਲ਼ ਲੱਗ ਗਈ।

-"ਕਹਾਂ ਭਾਗੇਗੀ...? ਬੋਲ..? ਕਹਾਂ ਭਾਗੇਗੀ, ਹੈਂਅ..??" ਉਸ ਨੇ ਗੁਰਮੀਤ ਦੇ ਚੁਪੇੜ ਮਾਰੀ ਤਾਂ ਬੱਚੇ ਮਾਂ ਦੀ ਹਾਲਤ ਦੇਖ ਕੇ ਬਾਹਰ ਆ ਗਏ। ਉਹ ਚੰਘਿਆੜ੍ਹਾਂ ਮਾਰ ਰਹੇ ਸਨ।

-"ਅਰ੍ਹੇ ਅਰ੍ਹੇ ਅਰ੍ਹੇ...! ਇੱਧਰ ਭੀ ਦੇਖ...! ਡਰਾਈ ਫ਼ਰੂਟ ਤੋ ਇੱਧਰ ਹੈ..!" ਇੱਕ ਜਿੰਨ ਵਰਗਾ ਗੀਤ ਵੱਲ ਦੇਖ ਕੇ ਬੋਲਿਆ।

-"ਇਸ ਕੋ ਕੁਛ ਮੱਤ ਕਹਿਨਾ ਪਲੀਜ਼..! ਅਭੀ ਬੱਚੀ ਹੈ..! ਮੈਂ ਆਪ ਕੇ ਪਾਓਂ ਪੜਤੀ ਹੂੰ..! ਪਲੀਜ਼...!!" ਗੁਰਮੀਤ ਨੇ ਫ਼ਰਿਆਦ ਵਿਚ ਉਸ ਦੇ ਪੈਰ ਫ਼ੜ ਲਏ। ਪਰ ਕਿਸੇ ਨੇ ਗੁਰਮੀਤ ਦੀ ਫ਼ਰਿਆਦ ਕਿਸੇ ਨੇ ਨਾ ਸੁਣੀ। ਬਘਿਆੜ੍ਹ ਦੇ ਬੱਕਰੀ ਦਾ ਬੱਚਾ ਚੁੱਕਣ ਵਾਂਗ ਇੱਕ ਚੰਡਾਲ ਗੀਤ ਨੂੰ ਫ਼ਸਲਾਂ ਵਿਚ ਨੂੰ ਧੂਹ ਤੁਰਿਆ। ਗੀਤ ਉਸ ਨੇ ਇੱਕ ਤਰ੍ਹਾਂ ਨਾਲ਼ ਕੁੱਛੜ ਚੁੱਕੀ ਹੋਈ ਸੀ। ਗੀਤ ਹੱਥ ਪੈਰ ਮਾਰ ਰਹੀ ਸੀ, ਪਰ ਸ਼ੇਰ ਦੇ ਪੰਜੇ 'ਚੋਂ ਮਿਰਗਣੀ ਕਿਵੇਂ ਬਚਦੀ..? ਗੁਰਮੀਤ ਉਨ੍ਹਾਂ ਦੇ ਪਿੱਛੇ ਭੱਜਣ ਲੱਗੀ ਤਾਂ ਸ਼ਿਕੰਜੇ ਵਰਗੇ ਹੱਥਾਂ ਵਿਚ ਆ ਗਈ। ਗੁਰਮੀਤ ਨੂੰ ਆਪਣਾ ਘੱਟ, ਪਰ ਹੁਣ ਗੀਤ ਦਾ ਫ਼ਿਕਰ ਜ਼ਿਆਦਾ ਸੀ। ਜਦ ਗੀਤ ਦੀ ਕੱਟੀਦੇ ਬੱਕਰੇ ਵਾਂਗ ਚੰਘਿਆੜ੍ਹ ਨਿਕਲ਼ੀ, ਤਾਂ ਗੁਰਮੀਤ ਦੀ ਦਿਲ ਕੰਬਾਊ ਚੀਕ ਵੀ ਚੁੱਪ ਅਸਮਾਨ ਪਾੜ ਗਈ।

ਹਵਾ ਵੈਣ ਪਾਉਂਦੀ ਵਗ ਰਹੀ ਸੀ।

ਸ਼ਾਮ ਤੱਕ ਗੁਰਮੀਤ ਅਤੇ ਗੀਤ ਨੂੰ 'ਹਲਾਲ' ਕੀਤਾ ਜਾਂਦਾ ਰਿਹਾ।

ਚੰਡਾਲ ਚੌਂਕੜੀ ਆਪੋ-ਆਪਣੀਆਂ ਵਾਰੀਆਂ ਬਦਲਦੀ ਰਹੀ।

ਰੋ-ਰੋ ਅਤੇ ਚੀਕ-ਚੀਕ ਕੇ ਨਿਆਣੀ ਗੀਤ ਦੀ ਘਿੱਗੀ ਬੱਝ ਗਈ ਸੀ।

ਗੁਰਮੀਤ ਦਾ ਵੀ ਚੀਕ ਚਿਹਾੜ੍ਹੇ ਨਾਲ਼ ਬੁਰਾ ਹਾਲ ਸੀ। ਉਹ ਗੀਤ ਦੀ ਹਾਲਤ ਬਾਰੇ ਸੋਚ-ਸੋਚ ਕੇ ਬੌਂਦਲ਼ ਗਈ ਸੀ।

ਜਦ ਗੁਰਮੀਤ ਦਾ ਛੁਟਕਾਰਾ ਹੋਇਆ, ਤਾਂ ਉਹ ਮਾਸੂਮ ਗੀਤ ਦੀ ਭਾਲ਼ ਵਿਚ ਸਿਰਤੋੜ ਭੱਜਦੀ, ਫ਼ਸਲੀਂ ਵੜ ਗਈ। ਉਸ ਦੀ ਇੱਕ ਚੀਕ ਹੋਰ ਨਿਕਲ਼ੀ, ਜਦ ਉਸ ਨੇ ਗੀਤ ਦੀ 'ਬਿਕਰਾਲ਼' ਹਾਲਤ ਦੇਖੀ। ਗੀਤ ਖ਼ੂਨ ਦੇ ਛੱਪੜ ਵਿਚ ਲੱਥ ਪੱਥ ਪਈ ਸੀ ਅਤੇ ਉਸ ਦੀਆਂ ਅੱਖਾਂ ਅੱਧੀਆਂ ਖੁੱਲ੍ਹੀਆਂ ਸਨ। ਉਹ ਧਾਹ ਮਾਰ ਕੇ ਗੀਤ ਦੇ ਉਪਰ ਡਿੱਗ ਪਈ। ਫ਼ਿਰ ਉਸ ਨੂੰ ਪਤਾ ਨਹੀਂ ਕੀ ਸੁੱਝਿਆ, ਉਹ ਕਮਲ਼ਿਆਂ ਵਾਂਗ ਘੜ੍ਹੀਸ ਕੇ ਗੀਤ ਨੂੰ ਸੜਕ 'ਤੇ ਲੈ ਆਈ।

ਜੋਬਨ ਅਰਧ ਪਾਗਲ ਹੋਇਆ ਗੱਡੀ ਦੇ ਟਾਇਰ ਨਾਲ਼ ਢੋਅ ਲਾਈ, ਮੱਖੀ ਵਾਂਗ ਬੈਠਾ ਸੀ। ਉਸ ਨੇ ਮਾਂ ਦੀ ਹੁੰਦੀ ਦੁਰਗਤੀ ਅੱਖੀਂ ਦੇਖ ਲਈ ਸੀ। ਵਾਰ-ਵਾਰ ਬੰਦੇ ਬਦਲਦੇ ਪ੍ਰਤੱਖ ਦੇਖੇ ਸਨ, ਇਸ ਲਈ ਉਹ 'ਸਿਲ-ਪੱਥਰ' ਹੋ ਗਿਆ ਸੀ। ਉਸ ਨੇ ਜੋਬਨ ਨੂੰ ਚੁੱਕ ਕੇ ਹਿੱਕ ਨਾਲ਼ ਲਾ ਲਿਆ ਅਤੇ ਗੀਤ ਨੂੰ ਧੂਹ ਕੇ ਗੱਡੀ ਵਿਚ ਸੁੱਟਿਆ। ਪਤਾ ਨਹੀਂ ਇਤਨਾ ਤਾਣ ਉਸ ਵਿਚ ਕਿੱਥੋਂ ਆ ਗਿਆ ਸੀ..? ਫ਼ਿਰ ਉਸ ਨੇ ਅਤੀਅੰਤ ਫ਼ੱਟੜ ਡਰਾਈਵਰ ਨੂੰ ਪਾਣੀ ਪਿਆਇਆ। ਪਾਣੀ ਪੀਣ ਨਾਲ਼ ਡਰਾਈਵਰ ਵੀ ਕੁਝ ਸੁਰਤ ਫ਼ੜ ਗਿਆ। ਸਾਰਿਆਂ ਨੇ ਰਲ਼ ਮਿਲ਼ ਕੇ ਬੱਗੇ ਨੂੰ ਲੱਭਿਆ। ਉਹ ਵੀ ਕਮਾਦ ਦੇ ਇੱਕ ਖੂੰਜੇ ਨੀਮ ਬੇਹੋਸ਼ੀ ਦੀ ਹਾਲਤ ਵਿਚ ਪਿਆ ਮਿਲ਼ਿਆ ਸੀ।

ਇੱਕ ਫ਼ੌਲਾਦੀ ਚੁੱਪ ਧਾਰੀ ਸਾਰੇ ਗੱਡੀ ਕੋਲ਼ ਆ ਗਏ।

-"ਅਟੈਚੀ ਲਾਹ ਕੇ ਲੈ ਗਏ ਸਾਲ਼ੇ ਬੁੱਚੜ..!" ਡਰਾਈਵਰ ਨੇ ਆਖਿਆ।

-"ਪਾਸਪੋਰਟਾਂ ਤੇ ਟਿਕਟਾਂ ਵਾਲ਼ਾ ਬੈਗ ਹੈਗਾ..?"

-"ਉਹ ਮੈਂ ਸੀਟ ਥੱਲੇ ਰੱਖ'ਤਾ ਸੀ, ਉਹ ਹੈਗਾ..!"

-"ਚਲੋ ਕਿਸੇ ਹਸਪਤਾਲ਼ ਚੱਲੋ...!" ਬੱਗੇ ਨੇ ਕਿਹਾ।

ਜਿਵੇਂ ਸਾਰੇ ਇੱਕ ਦੂਸਰੇ ਲਈ ਓਪਰੇ ਸਨ। ਕੋਈ ਕਿਸੇ ਨਾਲ਼ ਗੱਲ ਨਹੀਂ ਕਰ ਰਿਹਾ ਸੀ। ਕੋਈ ਕਿਸੇ ਦਾ ਹਾਲ ਨਹੀਂ ਪੁੱਛ ਰਿਹਾ ਸੀ। ਸਭ ਨੂੰ ਇੱਕ-ਦੂਜੇ ਦੀ 'ਹੋਣੀ' ਦਾ ਪ੍ਰਤੱਖ ਪਤਾ ਸੀ। ਕੋਈ ਕਿਸੇ ਨਾਲ਼ ਅੱਖ ਨਹੀਂ ਮਿਲ਼ਾ ਰਿਹਾ ਸੀ। ਗੁਰਮੀਤ ਦਾ ਜੱਗ-ਜਹਾਨ ਉੱਜੜ ਗਿਆ ਸੀ। ਉਸ ਨਾਲ਼ ਹੁੰਦੀ 'ਖੇਹ-ਖ਼ਰਾਬੀ' ਉਸ ਦੇ ਪੁੱਤਰ ਨੇ ਅੱਖੀਂ ਦੇਖ ਲਈ ਸੀ ਅਤੇ ਉਸ ਦੀ ਮਾਸੂਮ ਧੀ ਨਾਲ਼ ਅੱਧੀ ਦਰਜਣ ਬੰਦਿਆਂ ਨੇ ਬੜੀ ਬੇਰਹਿਮੀ ਨਾਲ਼ ਖੇਹ ਖਾਧੀ ਸੀ। ਗੁਰਮੀਤ ਨੂੰ ਧਰਤੀ ਵਿਹਲ ਨਹੀਂ ਦੇ ਰਹੀ ਸੀ। ਉਹ ਸੋਚ ਰਹੀ ਸੀ ਕਿ ਉਹ ਰਾਕਟ ਬਣ ਗੱਡੀ ਦੀ ਛੱਤ ਪਾੜ ਕੇ ਅਸਮਾਨ ਚੜ੍ਹ ਜਾਵੇ ਅਤੇ ਮੁੜ ਕਦੇ ਵੀ ਇਸ ਧਰਤੀ 'ਤੇ ਵਾਪਸ ਨਾ ਮੁੜੇ। ਉਹ ਹੂੰਗਾ ਮਾਰਦੀ ਧੀ ਦਾ ਸਿਰ ਬੁੱਕਲ਼ ਵਿਚ ਲਈ ਬੈਠੀ ਸੀ। ਇੱਕ ਪਾਸੇ ਸੁੱਸਰੀ ਬਣਿਆਂ ਜੋਬਨ ਲੱਤਾਂ ਪਸਾਰੀ, ਲਿਟਿਆ ਪਿਆ ਸੀ। ਉਹ ਗੂੰਗਾ-ਬੋਲ਼ਾ ਹੀ ਤਾਂ ਹੋ ਗਿਆ ਸੀ। ਉਸ ਨੇ ਕਦੇ ਸੁਪਨੇ ਵਿਚ ਵੀ ਚਿਤਵਿਆ ਨਹੀਂ ਸੀ ਕਿ ਆਦਮੀ ਇਤਨਾ ਬੇਕਿਰਕ, ਨਿਰਦਈ ਅਤੇ ਭਿਆਨਕ ਵੀ ਹੋ ਸਕਦਾ ਹੈ..? ਜਿਸ ਕਿਸੇ ਨਾਲ਼ ਕੋਈ ਦੁਸ਼ਮਣੀ ਵੀ ਨਾ ਹੋਵੇ, ਉਸ ਨਾਲ਼ ਇਤਨਾ ਬੁੱਚੜਪੁਣਾ ਵੀ ਕਰ ਸਕਦਾ ਸੀ..? ਇਤਨੀ ਵਹਿਸ਼ਤ ਨਾਲ਼ ਪੇਸ਼ ਆ ਸਕਦਾ ਸੀ..? ਇਹ ਗੱਲਾਂ ਉਸ ਦੀ ਸੋਚ ਤੋਂ ਪਰ੍ਹੇ ਸਨ। ਆਪਣੀ ਮਾਂ ਨਾਲ਼ ਹੁੰਦਾ ਕੁਕਰਮ ਉਹ ਖ਼ੁਦ ਦੇਖਦਾ ਰਿਹਾ ਸੀ, ਪਰ ਕੋਈ ਹੀਲ-ਹੁੱਜਤ ਜਾਂ ਹਿੰਮਤ-ਹੀਲਾ ਨਾ ਕਰ ਸਕਿਆ। ਇਹ ਉਸ ਲਈ ਡੁੱਬ ਮਰਨ ਵਾਲ਼ੀ ਗੱਲ ਹੋਈ ਪਈ ਸੀ। ਮਾਸੂਮ ਗੀਤ ਦਾ ਚਿਹਰਾ ਹੱਡ ਵਾਂਗ ਬੱਗਾ ਹੋਇਆ ਪਿਆ ਸੀ।

-"ਬੱਗਿਆ..!" ਗੁਰਮੀਤ ਨੇ ਅਵਾਜ਼ ਮਾਰੀ। ਕਬਰ ਵਿਚੋਂ ਜਿਵੇਂ ਕੋਈ ਮੁਰਦਾ ਬੋਲਿਆ ਸੀ।

-"ਹਾਂ...!" ਬੱਗੇ ਵਿਚ ਹਿੰਮਤ ਨਹੀਂ ਸੀ ਕਿ ਵੱਡੀ ਭਰਜਾਈ ਨਾਲ਼ ਨਜ਼ਰਾਂ ਮਿਲ਼ਾ ਸਕੇ। ਉਸ ਦੀਆਂ ਸੱਟਾਂ ਨਾਲ਼ੋਂ ਉਸ ਦਾ ਦਿਲ ਜ਼ਿਆਦਾ ਚਸਕ ਰਿਹਾ ਸੀ।

-"ਵੇ ਮੈਂ ਤਾਂ ਗੀਤ ਨੂੰ ਪਾਣੀ ਤੱਕ ਨੀ ਪਿਆਇਆ..!"

-"..............!"

-"ਲਿਆ ਫ਼ੜਾ ਬੋਤਲ ਪਾਣੀ ਆਲ਼ੀ, ਇਹਨੂੰ ਪਾਣੀ ਤਾਂ ਪਿਆਵਾਂ ਡੁੱਬੜੀ ਨੂੰ..! ਇਹ ਤਾਂ ਤਿਹਾਈ ਹੋਊ ਵਿਚਾਰੀ..!"

ਚੁੱਪ ਚਾਪ ਡਰਾਈਵਰ ਨੇ ਪਾਣੀ ਵਾਲ਼ੀ ਬੋਤਲ ਫ਼ੜਾ ਦਿੱਤੀ।

ਬੱਗਾ ਪਿੱਛੇ ਤੱਕਣ ਦੀ ਦਲੇਰੀ ਨਹੀਂ ਕਰ ਸਕਿਆ ਸੀ।

ਉਸ ਨੂੰ ਡੁੱਬ ਮਰਨ ਜਿੰਨੀ ਨਮੋਸ਼ੀ ਸੀ।

ਕੋਈ ਕਿਸੇ ਦੀ ਸੱਟ ਫ਼ੇਟ ਬਾਰੇ ਵੀ ਗੱਲ ਸਾਂਝੀ ਨਹੀਂ ਕਰ ਰਿਹਾ ਸੀ। ਉਨ੍ਹਾਂ ਨਾਲ਼ ਕਾਂਡ ਹੀ ਇਤਨਾ ਭਿਅੰਕਰ ਵਾਪਰ ਗਿਆ ਸੀ ਕਿ ਸ਼ਰਮ ਨਾਲ਼ ਉਨ੍ਹਾਂ ਦੀਆਂ ਗਰਦਨਾਂ ਝੁਕੀਆਂ ਹੋਈਆਂ ਸਨ। ਚੋਰ ਦੀ ਮਾਂ, ਕੋਠੀ 'ਚ ਮੂੰਹ ਵਾਲ਼ੀ ਗੱਲ ਹੋਈ ਪਈ ਸੀ।

ਗੁਰਮੀਤ ਨੇ ਗੀਤ ਨੂੰ ਪਾਣੀਂ ਪਿਆਇਆ। ਪਾਣੀ ਅੱਧਾ ਕੁ ਅੰਦਰ ਲੰਘ ਗਿਆ ਅਤੇ ਅੱਧਾ ਕੁ ਬਰਾਛਾਂ ਰਾਹੀਂ ਬਾਹਰ ਡੁੱਲ੍ਹ ਗਿਆ। ਗੁਰਮੀਤ ਵੈਣ ਪਾ ਕੇ ਉਚੀ-ਉਚੀ ਰੋਣਾਂ ਚਾਹੁੰਦੀ ਸੀ। ਪਰ ਸਬਰ ਦੀ ਘੁੱਟ ਭਰੀ ਬੈਠੀ, ਚੁੱਪ ਸੀ। ਤਬਾਹੀਨੁਮਾਂ ਚੁੱਪ!

ਸੁੰਨ-ਸਾਨ ਸੜਕਾਂ ਦੇ ਆਸ-ਪਾਸ ਇਮਾਰਤਾਂ ਸੜ ਰਹੀਆਂ ਸਨ।

ਕਾਲ਼ਾ ਗਾੜ੍ਹਾ ਧੂੰਆਂ ਨਿਕਲ਼ ਰਿਹਾ ਸੀ।

ਕਿਤੇ-ਕਿਤੇ ਪੁਲਿਸ ਨਜ਼ਰ ਪੈਂਦੀ ਸੀ।

-ਚੱਲਦਾ

# "ਚਾਲੀ ਸਾਲ ਪਹਿਲਾਂ 1984 (84) ਦੀ' ਚੀਸ'...

## 'ਇੱਕ ਖਿਡਾਰੀ (ਅਥਲੀਟ) ਦੀ ਹੱਡ ਬੀਤੀ'

ਫਕੀਰ ਸਿੰਘ ਮੱਲ੍ਹੀ
ਸੈਕਰਾਮੈਂਟੋ
916-530-8467
ਪੰਜਾਬ ਮੇਲ USA



ਅੱਜ ਤੋਂ ਚਾਲੀ ਸਾਲ ਪਹਿਲਾਂ ਭਾਰਤੀ ਨਿਜ਼ਾਮ ਦੀ ਤੱਤਕਾਲੀ ਕਾਂਗਰਸ ਸਰਕਾਰ ਨੇ ਪੰਜਾਬ ਹੀ ਨਹੀਂ, ਸਗੋਂ ਸਮੁੱਚੇ ਸਿੱਖ ਜਗਤ ਦੇ ਧਾਰਮਿਕ ਜਜ਼ਬਾਤਾਂ ਨੂੰ ਬੜੀ ਬੇਕਿਰਕੀ ਨਾਲ ਝੰਜੋੜਿਆ। ਇਸ ਸਮੁੱਚੇ ਵਰਤਾਰੇ ਵਿਚ ਕਾਂਗਰਸ ਤੋਂ ਇਲਾਵਾ ਅਜੋਕੇ ਭਾਜਪਾਈਆਂ ਦਾ ਵੀ ਦੋਸ਼ ਸੀ। ਉਸ ਵੇਲੇ ਮੇਰੀ ਚੜ੍ਹਦੀ ਜਵਾਨੀ ਉਮਰ ਸਾਢੇ ਸਤਾਰਾਂ ਸਾਲ ਸੀ। ਮੁੱਛ ਫੁੱਟ ਤੇ ਚੜ੍ਹਦੀ ਜਵਾਨੀ ਦੇ ਏਸ ਦੌਰ ਵਿਚ ਅੰਤਾਂ ਦਾ ਜੋਸ਼ ਸੀ। ਦੱਸਵੀਂ ਤੋਂ ਬਾਅਦ ਹਾਇਰ ਸਕੈਂਡਰੀ ਲਈ (ਸ਼ਹਿਰ) ਕਪੂਰਥਲੇ ਦਾਖਲਾ ਲੈ ਲਿਆ। 1983 (83) ਦੇ ਸਾਲ ਖੇਡ ਖੇਤਰ ਵਿਚ ਸਰੀਰ ਨੂੰ ਐਥਲੈਟਿਕਸ ਈਵੇਂਟ ਵਾਸਤੇ ਉੱਚ ਪ੍ਰਾਪਤੀਆਂ ਕਰਨ ਲਈ ਵੱਡਾ ਉਤਸ਼ਾਹ ਪੈਦਾ ਹੋਇਆ। ਇਸੇ ਕਰਕੇ ਸਖਤ ਮਿਹਨਤ ਕਰਦਿਆਂ ਜ਼ਿਲ੍ਹਾ ਕਪੂਰਥਲਾ ਵੱਲੋਂ ਪੰਜਾਬ (Inter District) ਪੱਧਰ ਤੱਕ ਭਾਗ ਲੈ ਲਿਆ ਸੀ ਪਰ ਉਸ ਮੁਕਾਬਲਿਆਂ ਵਿਚ ਕੋਈ ਵੱਡੀ ਪ੍ਰਾਪਤੀ ਨਾ ਹੋਈ ਪਰ ਉੱਥੇ ਖਿਡਾਰੀਆਂ (ਅਥਲੀਟਾਂ) ਦੀਆਂ ਉੱਚ ਪ੍ਰਾਪਤੀਆਂ ਨੂੰ ਵੇਖ ਮੇਰੇ ਮੰਨ ਵਿਚ ਵੀ ਅੱਗੋਂ ਸਕੂਲ ਮੁਕਾਬਲਿਆਂ ਵਿਚ ਹੀ ਰਹਿ ਕਰ ਨੈਸ਼ਨਲ ਪੱਧਰ (Inter State) ਵਿਚ ਵੱਡੀ ਪ੍ਰਾਪਤੀ ਦੀ ਲਾਲਸਾ ਪੈਦਾ ਹੋਈ। ਜਿਸ ਕਰਕੇ ਮੈਂ ਹਾਇਰ ਸਕੈਂਡਰੀ ਦੇ ਪੇਪਰ ਛੱਡ (Drop) ਦਿੱਤੇ। ਪਿੰਡ ਰਹਿੰਦਿਆਂ ਬੜੀ ਸਖਤ ਮਿਹਨਤ (ਰੇਤਲੇ ਟਿੱਬਿਆਂ) ਵਿਚ ਦੌੜ (ਰਨਿੰਗ) ਨੇ ਮਿਡਲ ਦਰਜੇ ਦੀਆਂ ਦੌੜਾਂ 400 ਤੇ 800 ਮੀ. ਲਈ ਪ੍ਰਪੱਕ ਕਰ ਦਿੱਤਾ। ਜੋ ਪੰਜਾਬ ਪੱਧਰ ਦੇ ਅਥਲੀਟ ਵਿਚ ਹੋਣੀ ਚਾਹੀਦੀ ਹੈ। ਸਪੋਰਟਸ ਸਕੂਲ ਜਲੰਧਰ (ਪੰਜਾਬ ਦਾ ਇੱਕੋ ਇੱਕ ਸਪੋਰਟਸ ਸੰਸਥਾ) ਜਿੱਥੇ ਦਾਖਲਾ ਲੈਣਾ ਬੜਾ ਔਖਾ ਹੁੰਦਾ ਸੀ, ਵਿਚ ਦਾਖਲਾ ਲੈ ਲਿਆ। ਹੋਸਟਲ ਵਿਚ ਰਹਿੰਦਿਆਂ ਅਪ੍ਰੈਲ ਤੋਂ ਹੀ ਸਖ਼ਤ ਮਿਹਨਤ ਸ਼ੁਰੂ ਹੋ ਜਾਂਦੀ ਹੈ। ਇਨ੍ਹਾਂ ਉੱਚ ਪੱਧਰ ਦੇ ਖਿਡਾਰੀਆਂ ਲਈ ਹਰ ਸਾਲ (Summer Coaching Camp) ਜੋ ਹਰ ਖੇਡ ਦੇ ਖਿਡਾਰੀਆਂ ਲਈ 10 ਦਿਨਾਂ ਦਾ ਚੰਗੀ ਸਰੀਰਿਕ ਸੁਢੋਲਤਾ ਲਈ ਹਰ ਸਾਲ ਜੂਨ ਮਹੀਨੇ ਵਿਚ ਸ਼੍ਰੀ ਨਗਰ (ਕਸ਼ਮੀਰ) ਲੱਗਿਆ ਕਰਦਾ ਸੀ, ਲਈ ਟ੍ਰਾਇਲ (ਚੋਣ) ਹੋ ਗਏ ਸਨ। ਜਿਸ ਵਿਚ ਮੈਂ ਵੀ ਪੰਜਾਬ ਦੇ ਚੰਗੇ ਖਿਡਾਰੀਆਂ ਵਿਚ ਨਾਮ ਦਰਜ ਕਰਾ ਲਿਆ। ਮਈ (84) ਦੇ ਸ਼ੁਰੂ ਤੋਂ ਹੀ ਪੰਜਾਬ ਵਿਚ ਹਾਲਾਤ ਬਹੁਤ ਮਾੜੇ ਹੋ ਰਹੇ ਸਨ। ਭਾਰਤੀ ਫੌਜ ਤੇ ਸੀ.ਆਰ.ਪੀ.ਐੱਫ. ਵਲੋਂ ਸਿੱਖਾਂ ਲਈ ਮਾੜੇ ਵਤੀਰਿਆਂ ਨਾਲ ਸਿੱਖ ਕੌਮ ਵਿਚ ਵੱਡਾ ਰੋਸ ਪੈਦਾ ਹੋ ਰਿਹਾ ਸੀ। ਇਹ ਉਹ ਸਮਾਂ ਸੀ, ਜਦੋਂ ਸਿੱਖਾਂ ਨੂੰ ਬਹੁਤ ਬਦਨਾਮ ਕੀਤਾ ਜਾ ਰਿਹਾ ਸੀ। ਇਸ ਦਾ ਅਸਰ ਸਾਡੇ ਖੇਡ ਅਭਿਆਸ ਅਕਸਰ ਕਰਾਸ ਕੰਟਰੀ ਲਾਉਂਦਿਆਂ ਤੇ ਸੁੰਨੇ ਥਾਵਾਂ ਰੇਤਲੇ ਟਿਬਿੱਆਂ ਵਿਚ ਮਿਹਨਤ ਕਰਦੇ ਅਕਸਰ ਪਿਆ। ਇਨ੍ਹਾਂ ਅੜਚਣਾਂ ਅਤੇ ਦਖਲ ਅੰਦਾਜ਼ੀ ਕਾਰਣ ਜੋ ਮਾਨਸਿਕ ਤੇ ਸਰੀਰਿਕ ਤਨਾਓ ਬਣਿਆ ਰਿਹਾ, ਉਸ ਨੇ ਭਾਵੁਕ ਮਾਨਸਿਕ ਤੌਰ ਲਈ ਬੜਾ ਪ੍ਰਭਾਵਿਤ ਕੀਤਾ। ਕਈ ਵਾਰੀ ਤਾਂ ਸੜਕ ਦੀ ਪਟੜੀ ਉੱਤੇ ਦੌੜਦਿਆਂ ਖ਼ਦਸ਼ਾ ਇਹ ਵੀ ਰਹਿੰਦਾ ਸੀ ਕਿ ਕਿਤੇ ਕੋਈ ਸੁਰੱਖਿਆ ਦਸਤਾ ਪਿੱਛੋਂ ਗੋਲੀ ਹੀ ਨਾ ਮਾਰ ਦੇਵੇ। ਉਦੋਂ ਇਹ ਸਭ ਜਾਇਜ਼ ਸੀ। ਉਸੇ ਦੌਰ ਵੇਲੇ ਬੱਸਾਂ, ਰੇਲਾਂ ਵਿਚ ਵਿਸ਼ੇਸ਼ ਤੌਰ 'ਤੇ ਅੰਮ੍ਰਿਤਧਾਰੀ (ਸਿੱਖਾਂ) ਦੀ ਤਲਾਸ਼ੀ ਲਏ ਜਾਣ ਵੇਲੇ ਫੌਜ ਦੀ ਬਦਸਲੂਕੀ ਨਾਲ ਪੈਦਾ ਹੋਈ ਤਲਖਕਲਾਮੀ ਹੁੰਦੀ ਮੈਂ ਅਕਸਰ ਵੇਖੀ। ਜਦੋਂ ਕਦੇ ਜਲੰਧਰੋਂ ਪਿੰਡ ਜਾਂ ਪਿੰਡੋ ਜਲੰਧਰ ਆਇਆ-ਜਾਇਆ ਕਰੀਦਾ ਸੀ। ਹਰ ਸਾਲ ਦੀ ਤਰ੍ਹਾਂ ਇੱਕ ਜੂਨ (84) ਤੋਂ ਸਾਡਾ ਕੈਂਪ ਸ਼੍ਰੀਨਗਰ ਸ਼ੁਰੂ ਹੋਣਾ ਸੀ। ਤੀਹ (30) ਮਈ ਨੂੰ ਸਵੇਰੇ ਸਾਡੇ ਅੱਧੇ ਗਰੁੱਪ ਦੇ ਖਿਡਾਰੀਆਂ ਨੂੰ ਬੱਸਾਂ ਵਿਚ ਬਿਠਾ ਕੇ ਜੰਮੂ ਲਈ ਤੋਰ ਦਿੱਤਾ। ਪਰ ਸਾਨੂੰ ਦੁਪਹਿਰੋਂ ਬਾਅਦ ਮਾਧੋਪੁਰ ਕਸ਼ਮੀਰ ਦਾ ਬਾਰਡਰ ਪਾਰ ਕਰਦਿਆਂ ਹੀ ਰੋਕ ਲਿਆ ਗਿਆ। ਉਸ ਵੇਲੇ ਪੰਜਾਬ ਦੇ ਮਾੜੇ ਹਾਲਾਤਾਂ ਨੂੰ ਮਹਿਸੂਸ ਕਰਦਿਆਂ ਸਾਰੇ ਨੌਜਵਾਨਾਂ ਵਿਚ ਵੱਡਾ ਸਹਿਮ ਸੀ। ਉੱਥੇ ਤਾਇਨਾਤ ਫੌਜੀ ਜਵਾਨ ਸਾਨੂੰ ਸਾਰਿਆਂ ਨੂੰ ਬੜੀ ਗਹਿਰੀ ਤੇਜ਼ੀ (ਸ਼ੱਕੀ) ਨਜ਼ਰ ਨਾਲ ਵੇਖ ਰਹੇ ਸਨ। ਸਾਰੇ ਨੌਜਵਾਨ ਖਿਡਾਰੀਆਂ ਨੂੰ ਵੇਖ ਕੇ ਇੱਕ ਦੇ ਫੌਜੀ ਦੇ ਮੂੰਹੋਂ ਤਾਂ ਉਗਰਵਾਦੀ ਸ਼ਬਦ ਵੀ ਸੁਣਿਆਂ। ਉਸ ਦੇ ਕਹਿਣ ਮੁਤਾਬਕ ਪੰਜਾਬ



ਦੇ ਅੱਤਵਾਦੀਆਂ ਨੂੰ ਭਜਾ ਕੇ ਕਸ਼ਮੀਰ ਪਹੁੰਚਾਇਆ ਜਾ ਰਿਹਾ ਹੈ। ਸਾਰੀ ਰਾਤ ਉੱਥੇ ਖੜ੍ਹੇ ਰਹਿਣ ਤੋਂ ਬਾਅਦ ਸਵੇਰੇ ਚੰਡੀਗੜ੍ਹ ਵਿਚ ਸਿੱਖਿਆ ਵਿਭਾਗ ਨਾਲ ਗੱਲ ਹੋਈ, ਜਿੱਥੋਂ ਸਾਰੇ ਗਰੁੱਪ ਨੂੰ ਸਾਕਾ ਨੀਲਾ ਤਾਰਾ ਦੀ ਭਿਆਨਕਤਾ ਦੇ ਮੱਦੇਨਜ਼ਰ ਸਭ ਨੂੰ ਵਾਪਸ ਜਲੰਧਰ ਸਪੋਰਟਸ ਸਕੂਲ ਦੇ ਹੋਸਟਲ ਸਾਂਝੇ ਸਥਾਨ ਉੱਪਰ ਪਹੁੰਚਾਉਣ ਦਾ ਹੁਕਮ ਹੋ ਗਿਆ। ਕੁੜੀਆਂ ਦੇ ਗਰੁੱਪ ਨੂੰ ਜਲੰਧਰ ਦੇ ਨਹਿਰੂ ਗਾਰਡਨ ਸਰਕਾਰੀ ਸਕੂਲ ਹੋਸਟਲ ਵਿਚ ਭੇਜ ਦਿੱਤਾ। 31 ਮਈ ਸ਼ਾਮ ਤੋਂ ਸਾਰੇ ਪੰਜਾਬ ਵਿਚ ਸਖਤ ਕਰਫਿਊ ਲੱਗ ਗਿਆ ਸੀ। ਪਰ ਅਸੀਂ ਭਾਰਤੀ ਫੌਜ ਦੀਆਂ ਸੰਗੀਨਾਂ ਦੇ ਹੇਠ ਸ਼ਾਮ ਨੂੰ ਜਲੰਧਰ ਪਹੁੰਚ ਗਏ। ਦੂਸਰੇ ਗਰੁੱਪ ਦੇ ਖਿਡਾਰੀਆਂ ਨੂੰ ਤੀਹ ਮਈ ਨੂੰ ਹੀ ਪਿੰਡਾਂ ਨੂੰ ਘਰੋਂ-ਘਰੀ ਤੋਰ ਦਿੱਤਾ ਸੀ। ਸਾਡਾ ਚਾਲੀ ਖਿਡਾਰੀਆਂ ਦਾ ਗਰੁੱਪ ਹੀ ਉੱਥੇ ਸਪੋਰਟਸ ਸਕੂਲ ਵਿਚ ਹੀ ਫਸ ਗਿਆ। ਅਗਲੇ ਦਿਨ ਤੋਂ ਹੀ ਵੱਡੀਆਂ ਅਫਵਾਹਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਸਰਕਾਰੀ ਸੰਸਥਾਵਾਂ ਉੱਪਰ ਆਰਮੀ (ਫੌਜ) ਰਿਹਾਇਸ਼ ਕਰਕੇ ਸਾਡੇ ਸਕੂਲ ਤੇ ਕਾਲਜ ਦੀਆਂ ਗਰਾਂਉਂਡਾਂ ਵਿਚ ਇਨ੍ਹਾਂ ਨੇ ਬੰਕਰ ਬਣਾ ਲਏ ਸਨ। ਸਾਡੇ ਚਾਰ ਸੌ (400) ਮੀਟਰ ਟਰੈਕ ਵਿਚ ਤੋਪਾਂ ਬੀੜ ਦਿੱਤੀਆਂ ਗਈਆਂ। ਕਿਸੇ ਵੀ ਕਿਸੇ ਨੌਜਵਾਨ ਅਥਲੀਟ ਨੂੰ ਬਾਹਰ ਨਿਕਲਣ ਦਾ ਹੁਕਮ ਨਹੀਂ ਸੀ। ਅੱਤ ਦੀ ਗਰਮੀ ਅਤੇ ਡਰ, ਭੈਅ ਕਰਕੇ ਅਸੀਂ ਸਾਰੇ ਨੌਜਵਾਨ ਖਿਡਾਰੀਆਂ ਨੇ ਅੰਦਰੋਂ ਅੰਦਰ (ਭਾਰ ਚੁੱਕ) ਜਾਂ ਥੋੜੀ ਰਨਿੰਗ ਕਰਕੇ ਹੀ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਵੱਡੇ ਸਹਿਮ ਦੇ ਚੱਲਦਿਆਂ ਮੈਸ (ਭੋਜਨ ਕਮਰੇ) ਵਿਚ ਸਿਰਫ ਇੱਕੋ ਵੇਲੇ ਹੀ ਰੋਟੀ ਪੱਕਦੀ ਸੀ। ਉਸ ਸਮੇਂ ਦੇ ਅਧੂਰੇ ਸੰਚਾਰ ਦੇ ਸਾਧਨਾਂ ਕਰਕੇ ਭਿਆਨਕ ਖ਼ਬਰਾਂ ਆਉਣੀਆਂ ਸ਼ੁਰੂ ਹੋ ਗਈਆਂ। 4 ਜੂਨ ਤੱਕ ਅਕਾਲ ਤਖਤ ਉੱਪਰ ਵੱਡੇ ਐਕਸ਼ਨ ਦੀ ਖ਼ਬਰ ਨੇ ਸਭ ਨੂੰ ਭੈਅ-ਭੀਤ ਕਰ ਦਿੱਤਾ ਸੀ। ਉਸ ਦਿਨ ਬਹੁਤ ਸਾਰਿਆਂ ਇੱਕ ਵੇਲੇ ਦੀ ਰੋਟੀ ਵੀ ਨਾ ਖਾਧੀ। ਅੰਦਰੋਂ-ਅੰਦਰੀਂ ਭੜਕੇ ਨੌਜਵਾਨ ਵੱਡੀ ਬਗਾਵਤ ਕਰਨ ਲਈ ਖੂੰਖਾਰ ਹੋ ਰਹੇ ਸਨ ਪਰ ਸਾਡੇ ਹੋਸਟਲ ਵਾਰਡਨ ਦੇ ਸ਼ਾਂਤ ਸੰਦੇਸ਼ ਨੇ ਸਭ ਨੂੰ ਠੰਡੇ ਕਰ ਦਿੱਤਾ। 12 ਜੂਨ ਨੂੰ ਜਦੋਂ ਮੈਸ ਵਿਚਲਾ ਖਾਣ ਪਦਾਰਥ ਵੀ ਮੁੱਕਣਾ ਸ਼ੁਰੂ ਹੋ ਗਿਆ ਸੀ। ਤਾਂ 14 ਜੂਨ ਨੂੰ ਮੇਰੀ ਸੋਚ ਦੇ ਦੋ ਹੋਰ ਜਵਾਨ ਖਿਡਾਰੀਆਂ ਜੋ ਮੇਰੇ ਜਮਾਤੀ ਸਨ, ਨੇ ਮੇਰੇ ਨਾਲ ਮੇਰੇ ਪਿੰਡ ਜਾਣ ਦਾ ਫੈਸਲਾ ਕਰ ਲਿਆ। ਪਿੰਡ ਤੱਕ ਪਹੁੰਚਣ ਦੇ ਕੱਚੇ ਰਾਹਾਂ ਤੋਂ ਮੈਂ ਜਾਣੂੰ ਸਾਂ। ਰਾਹੋਂ-ਕੁਰਾਹੇ ਪਿੰਡਾਂ ਦੇ ਬਾਹਰੋਂ-ਬਾਹਰ ਇਹ ਰਸਤਾ ਬੜਾ ਖ਼ਤਰਨਾਕ ਸੀ। ਗਰਮੀ ਵੀ ਅੱਤ ਦੀ ਸੀ। ਜਦੋ ਕਾਂ ਦੀਆਂ ਅੱਖਾਂ ਵੀ ਬਾਹਰ ਆਉਂਦੀਆਂ ਸਨ। ਮੇਰਾ ਪਿੰਡ ਜੋ ਏਥੋਂ 17 ਕਿਲੋਮੀਟਰ ਦੱਖਣ-ਦੱਖਣ ਵੱਲ ਸੀ। ਉਂਜ ਹੁਣ ਮਹੌਲ ਥੋੜਾ ਠੰਡ ਵੀ ਹੋ ਗਿਆ ਸੀ। ਅਸੀਂ ਤਿੰਨ ਮੁੰਡਿਆਂ ਨੇ ਹੋਸਟਲ ਸੁਪਰਡੈਂਟ ਸਾਹਿਬ ਨੂੰ ਲਿਖਤੀ ਬੇਨਤੀ ਪੱਤਰ (ਅਰਜ਼ੀਆਂ) ਦੇ ਕਰ ਝੋਲੇ ਚੁੱਕ ਪਿੰਡ ਵੱਲ ਚਾਲੇ ਪਾ ਲਏ। ਜਲੰਧਰ ਦੇ ਧੁਰ ਪੱਛਮ ਵਿਚ ਇਸ ਇਲਾਕੇ ਤੋਂ ਬਸਤੀਆਂ ਦੀਆਂ ਗਲੀਆਂ ਨਿਕਲਦੇ ਹੋਏ ਅਸੀਂ ਪਿੰਡ ਖੇਤਰਾਂ ਵਿਚ ਆ ਗਏ। ਮੁੱਖ ਸੜਕਾਂ ਤੋਂ ਹਟਦੇ ਹੋਏ ਕੱਚੇ ਰਾਹਾਂ, ਬੰਨ੍ਹੇ ਵੱਟਾਂ ਤੇ ਵਾਣ੍ਹਾਂ ਵਿਚੋਂ ਵੀ ਨਿਕਲਣਾ ਪਿਆ। ਉਨ੍ਹਾਂ ਵੇਲਿਆਂ ਵਿਚ ਸਾਡੇ ਇਲਾਕੇ ਵਿਚ ਰੇਤਲੇ ਟਿੱਬੇ ਬਹੁਤ ਹੁੰਦੇ ਸਨ। ਇਹ ਟਿੱਬੇ ਦਿਨ ਵੇਲੇ ਬਹੁਤ ਤਪ ਜਾਂਦੇ ਸਨ, ਜਿਸ ਨਾਲ ਗਰਮੀ ਵੀ ਬੇਅੰਤ ਹੋ ਜਾਂਦੀ ਸੀ। ਦੱਬ, ਕ੍ਹਾਈ ਤੇ ਸਰਕੜੇ ਨਾਲ ਭਰੇ ਇਨ੍ਹਾਂ ਰਾਂਹਾਂ ਤੋਂ ਗੁਜ਼ਰਦਿਆਂ ਸਾਡੇ ਸਪੋਰਟਸ ਬੂਟ (ਟੱਲੀ ਵਾਲੇ) ਵੀ ਪਾਟਣੇ ਸ਼ੁਰੂ ਹੋ ਗਏ। ਕਈ ਥਾਂਈਂ ਅਸੀਂ ਦੂਰ ਸੜਕ ਉੱਪਰ ਜਾਂਦੀ ਫੌਜ ਦੀ ਗੱਡੀ ਵੇਖ ਕੇ ਮੋਢਿਆਂ ਉਪਰ ਕਹੀਆਂ ਚੁੱਕ ਖੇਤ ਕਾਮਿਆਂ ਦਾ ਭੁਲੇਖਾ ਵੀ ਪਾ ਲੈਂਦੇ ਸੀ। ਕਿਤੇ ਅਸਲੀ ਖੇਤ ਕਾਮਿਆਂ ਨੇ ਸਾਨੂੰ ਫੌਜ ਤੋਂ ਭਗੌੜੇ (ਬਾਗੀ) ਧਰਮੀ ਫੌਜੀ ਵੀ ਸਮਝਿਆ ਪਰ ਸਾਰੇ ਲੋਕਾਂ ਵਿਚ ਭੈਅ ਸੀ। ਉਨ੍ਹਾਂ ਦਿਨ੍ਹਾਂ ਵਿਚ ਵਿਸ਼ੇਸ਼ ਮਾਝੇ ਵਾਲੇ ਪਾਸੇ ਤੋਂ ਪਿੰਡੋ ਪਿੰਡਾਂ ਵਿਚੋਂ ਲੋਕ ਆਪ ਮੁਹਾਰੇ ਅੰਮ੍ਰਿਤਸਰ (ਹਰਿਮੰਦਰ ਸਾਹਿਬ) ਵੱਲ ਕੂਚ ਕਰ ਰਹੇ ਸਨ। ਸਾਡੇ ਇੱਕ ਸਾਥੀ ਨੇ ਵੀ ਅਜਿਹਾ ਕਰਨ ਲਈ ਸਲਾਹ ਦਿੱਤੀ ਪਰ ਅਸੀਂ ਦੋ ਇਸ ਦੇ ਉਲਟ ਸੀ, ਤਾਂ ਸਿੱਧੇ ਘਰ ਜਾਣ ਦੀ ਸਲਾਹ ਹੀ ਪੱਕੀ ਰਹੀ। ਉਸ ਸਾਲ ਸਾਨੂੰ ਕਿਤੇ ਵੀ ਪਾਣੀ (ਠੰਡੇ ਜਲ) ਦੀ ਛਬੀਲ ਵੀ ਨਾ ਦਿਸੀ। ਤੁਰਦਿਆਂ ਇਕ ਵਾਰੀ ਸਾਨੂੰ ਦੂਰ ਅੱਗ ਦੇ ਭਾਂਬੜ ਦਿਖਾਈ ਦਿੱਤੇ, ਜੋ ਗਰਮੀ ਕਾਰਣ ਸੁੱਕੇ ਨਾੜ ਜਾਂ ਕਾਈ ਨੂੰ ਲੱਗੇ ਸਨ। ਇਸ ਦ੍ਰਿਸ਼ ਰਾਹੀਂ ਸਾਨੂੰ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਵਿਖਾਈ ਦਿੱਤਾ। ਸਾਡੇ ਵਿਚ ਭੈਅ ਹੋਰ ਵੱਧ ਗਿਆ ਪਰ ਚਿੱਟੇ ਦਿਨ ਨੇ ਸਾਨੂੰ ਡੋਲਣ ਨਹੀਂ ਦਿੱਤਾ। ਬੰਬੀਆਂ (ਚਬਿੱਚਿਆਂ) ਤੋਂ ਮੈਲਾ-ਕੁਚੈਲਾ ਪਾਣੀ ਜੋ ਕਈ ਦਿਨਾਂ ਦਾ ਖੜ੍ਹਿਆ ਸੀ, ਪੀ ਕਰ ਰਾਹੋਂ-ਕੁਰਾਹੇ ਦੱਬ, ਸਰਕੜੇ ਮਿੱਧਦੇ ਥੱਕੇ ਟੁੱਟੇ ਪਰ ਅਥਲੀਟ ਹੋਣ ਕਰਕੇ ਪ੍ਰਵਾਹ ਨਹੀਂ ਕੀਤੀ, ਆਪਣੇ ਪਿੰਡ ਨੇੜੇ ਆ ਕੇ ਸੜਕ ਦਾ ਰਾਹ ਫੜਿਆ। ਇਥੋਂ ਅਸੀਂ ਇਕੱਲੇ-ਇਕੱਲੇ ਹੋ ਗਏ, ਤਾਂ ਕਿ ਮੁੱਖ ਸੜਕ ਤੋਂ ਗੁਜ਼ਰਦੀ ਕੋਈ ਫੌਜ ਜਾਂ ਪੁਲਿਸ ਦੀ ਗੱਡੀ ਅੱਤਵਾਦੀ ਸਮਝ ਕੋਝਾ (ਮਾੜਾ) ਕਾਰਾ ਨਾਂ ਕਰ ਦੇਵੇ। ਪਿੰਡ (ਘਰ) ਪਹੁੰਚੇ, ਤਾਂ ਸੂਰਜ ਦੀ ਟਿੱਕੀ ਥੋੜੀ ਦਿਸ ਰਹੀ ਸੀ, ਭਾਵ ਸ਼ਾਮ ਪੈ ਗਈ। ਏਹੀ ਚੜ੍ਹਦੇ ਸੂਰਜ ਨੂੰ ਵੇਖਦਿਆਂ ਮੇਰੀ ਮਾਂ ਨੂੰ ਹਰ ਦਿਨ ਉਮੀਦ ਰਹਿੰਦੀ ਸੀ ਕਿ ਉਸ ਦਾ ਪੁੱਤਰ ਜ਼ਰੂਰ ਕਿਤੇ ਸੁਰੱਖਿਅਤ ਥਾਂ ਸ਼੍ਰੀ





ਨਗਰ (ਕਸ਼ਮੀਰ) ਹੋਵੇਗਾ। ਉਸ ਵਕਤ ਅਸੀਂ ਬੜੇ ਭਾਵੁਕ ਤੇ ਜਜ਼ਬਾਤੀ ਰੌਅ ਵਿਚ ਭਾਵਪੂਰਵਕ ਸਥਿਤੀ ਦੇ ਹੁੰਦਿਆਂ ਸਾਰੇ ਘਰਦਿਆਂ ਨੂੰ ਮਿਲੇ ਉਨ੍ਹਾਂ ਨੂੰ ਇਵੇਂ ਮਹਿਸੂਸ ਹੋ ਰਿਹਾ ਸੀ, ਜਿਵੇਂ ਉਨ੍ਹਾਂ ਦੇ ਪੁੱਤ ਕੋਈ ਵੱਡੀ ਜੰਗ ਜਿੱਤ ਕਰ ਆਏ ਹੋਣ। ਘਰ ਪਰਿਵਾਰ ਮੁਤਾਬਿਕ ਅਸੀਂ ਕਸ਼ਮੀਰ ਘਾਟੀ ਦੇ ਸੁਖਾਂਵੇ ਮਾਹੌਲ ਵਿਚ ਖੇਡ ਅਭਿਆਸ ਕਰ ਰਹੇ ਸਾਂ ਪਰ ਸਾਡੇ ਵੱਲੋਂ ਸਾਰੀ ਵਿੱਥਿਆ ਦੱਸਣ ਤੋਂ ਬਾਅਦ ਉਨ੍ਹਾਂ ਨੂੰ ਵੱਡੀ ਹੈਰਾਨੀ ਹੋਈ। ਕੁਦਰਤ ਦੇ ਸੁਖਾਂਵੇਂ ਮਹੌਲ ਸਹਾਰੇ ਉਨ੍ਹਾਂ ਰੱਬ ਦਾ ਲੱਖ-ਲੱਖ ਸ਼ੁਕਰਾਨਾ ਕੀਤਾ। ਕਈ ਦਿਨਾਂ ਤੋਂ ਘਰ ਵਿਚ ਰਹਿੰਦਿਆਂ ਅਸੀਂ ਨੌਜਵਾਨ ਤਿੰਨੋਂ ਤੇ ਚੌਥਾ ਮੇਰੇ ਤਾਏ ਦਾ ਪੁੱਤ ਅਥਲੀਟ (ਚਾਰ ਜਣੇ) ਨੇ ਬਾਹਰ ਮਿਹਨਤ ਕਰਨ ਦੀ ਵਿਉਂਤ ਬਣਾ ਲਈ, ਘਰ ਪਰਿਵਾਰ ਤੋਂ ਮਨਜ਼ੂਰੀ ਲੈ ਕਰ, ਰੇਤਲੇ ਟਿੱਬਿਆਂ ਵਿਚ ਪ੍ਰੈਕਟਿਸ ਕਰਦੇ ਰਹੇ। ਇੱਕ ਦਿਨ ਸੜਕੀ ਰਸਤੇ ਰਾਂਹੀਂ ਸਾਡੇ ਪਿੰਡ ਤੋਂ ਕਪੂਰਥਲੇ ਵੱਲ ਸੜਕੀ ਰਾਹ ਉੱਪਰ ਕਰਾਸ ਕੰਟਰੀ (ਲੰਬੀ ਦੌੜ) ਲਾਉਣ ਦਾ ਮੰਨ ਬਣਾ ਲਿਆ। ਘਰਾਂ ਤੋਂ ਕੱਛੇ-ਬੁਨੈਣਾ ਪਹਿਨ ਕੇ ਪਿੰਡੋ ਨਿਕਲਦਿਆਂ ਦੀ ਸੰਗ ਸ਼ਰਮ ਨੇ ਬਾਹਰ ਵਾਰ ਕੱਪੜੇ ਉਤਾਰ ਸਪੋਰਟਸ ਕਿੱਟ ਰਾਂਹੀਂ ਦੌੜ ਲਾਉਣ ਦੀ ਵਿਉਂਤ ਬਣਾਈ। ਸਾਲ ਦੇ ਸਭ ਤੋਂ ਵੱਡੇ ਇਹ ਜੂਨ ਮਹੀਨੇ ਦੇ ਦਿਨ ਬੜੇ ਤਪਸ਼ ਵਾਲੇ ਸਨ। ਬਾਹਰ-ਵਾਰ ਸੁੰਨੀ ਥਾਂਈਂ ਇਕ ਦੂਸਰੇ ਪਿੰਡ ਦੀ ਬੰਬੀ (ਮੋਟਰ) ਨੇੜੇ ਪੱਧਰੇ ਹੀ ਕੁੜਤੇ-ਪਜਾਮੇ ਉਤਾਰ ਕੇ ਥੋੜਾ ਗਰਮ ਹੁੰਦੇ ਹੋਲੀ-ਹੋਲੀ ਕਪੂਰਥਲੇ ਵੱਲ ਕੂਚ ਕਰ ਦਿੱਤਾ। ਸਾਡੇ ਕੱਪੜੇ ਤਿੰਨ ਢੇਰੀਆਂ ਦੇ ਰੂਪ ਵਿਚ ਪੱਧਰੇ ਦੂਰੋਂ ਹੀ ਵਿਖਾਈ ਦੇ ਰਹੇ ਸਨ। ਸੜਕ ਉੱਤੇ ਆਵਾਜਾਈ ਬਹੁਤ ਘੱਟ ਸੀ ਪਰ ਕਦੇ-ਕਦੇ ਪੁਲਿਸ ਤੇ ਫੌਜ ਦੀ ਗੱਡੀ ਆ-ਜਾ ਰਹੀ ਸੀ ਪਰ ਦੌੜ ਲਾਉਂਦਿਆਂ ਸਾਨੂੰ ਕਿਸੇ ਨਹੀਂ ਰੋਕਿਆ। ਥੋੜਾ ਸ਼ਾਮ ਦੇ ਢਲਦਿਆਂ ਜਦੋਂ ਉਸ ਬੰਬੀ ਦੇ ਮਾਲਕ ਨੇ ਆਪਣੇ ਖੇਤਾਂ ਵੱਲ ਗੇੜਾ ਮਾਰਿਆ, ਤਾਂ ਸੁੰਨੇ ਕੱਪੜਿਆਂ ਨੂੰ ਵੇਖ ਉਸ ਦੇ ਹੋਸ਼ ਉੱਡ ਗਏ। ਉਸ ਨੂੰ ਜਾਪਿਆਂ ਏਥੇ ਕੋਈ ਵੱਡਾ ਕਾਰਾ ਭਾਵ ਕਤਲੋ-ਗਾਰਤ ਹੋ ਗਈ ਹੈ ਕਿਉਂਕਿ ਉਸ ਵੇਲੇ ਮਹੌਲ ਹੀ ਭੈਅ ਤੇ ਬੜਾ ਡਰਾਉਣਾ ਸੀ। ਉਸ ਭੱਦਰ ਪੁਰਸ਼ ਨੇ ਸਾਡੇ 'ਤੇ ਆਪਣੇ ਪਿੰਡ ਦੋਹਾਂ ਪਿੰਡਾਂ ਵਿਚ ਦੋਹਾਈ ਦੇ ਦਿੱਤੀ। ਪੁਲਿਸ ਤੇ ਸੀ.ਆਰ.ਪੀ.ਐੱਫ. ਦੇ ਜਵਾਨ ਵੀ ਵੱਡੀ ਤਦਾਦ ਵਿਚ ਉੱਥੇ ਪਹੁੰਚ ਗਏ। ਇਹ ਉਨ੍ਹਾਂ (ਸੁਰੱਖਿਆ ਦਸਤਿਆਂ) ਨੂੰ ਵੱਡੀ ਪ੍ਰਾਪਤੀ ਦਿਸ ਰਹੀ ਸੀ। ਉਹ ਵਾਰ-ਵਾਰ ਬੰਬੀ ਦੀ ਖੂਹੀ ਵਿਚ ਵੇਖ ਰਹੇ ਸਨ ਪਰ ਸ਼ਾਮ ਹੁੰਦਿਆਂ ਤੇ ਸਾਰੇ ਡਰ ਰਹੇ ਸਨ। ਏਨੇ ਵਿਚ ਹੀ ਹਨ੍ਹੇਰਾ ਹੋਣ ਤੋਂ ਕੁਝ ਸਮਾਂ ਪਹਿਲਾਂ ਅਸੀਂ ਚਾਰੇ ਦੌੜਾਕ ਲਗਭਗ ਸੋਲਾਂ ਕਿਲੋਮੀਟਰ ਦੌੜ ਦੀ ਪ੍ਰੈਕਟਿਸ ਪੂਰੀ ਕਰਦੇ ਡਿੱਗਦੇ-ਢਹਿੰਦੇ, ਸ਼ਾਮ ਵੇਲੇ ਅੱਤ ਦੀ ਗਰਮੀ ਵਿਚ ਮੁੜਕੇ ਨਾਲ ਨੁਚੱੜੇ ਹੋਏ ਉੱਥੇ ਪਹੁੰਚੇ, ਤਾਂ ਪੁਲਿਸ ਤੇ ਸੀ.ਆਰ.ਪੀ.ਐੱਫ. ਸਾਡੇ ਵੱਲ ਬਦੂਕਾਂ ਸਿੱਧੀਆਂ ਕਰ ਦਿੱਤੀਆਂ। ਜਿਸ ਵਰਤਾਰੇ ਨੇ ਸਾਨੂੰ ਇਕ ਦਮ ਅਤਿ ਦੀ ਗਰਮੀ ਵਿਚ ਵੀ ਠੰਡਿਆਂ ਕਰ ਦਿੱਤਾ। ਅਸੀਂ ਹੈਰਾਨ ਸੀ ਕਿ ਇਹ ਸਭ ਹੋ ਕੀ ਰਿਹਾ ਹੈ। ਪੁਲਿਸ ਨੇ ਬੰਬੀ (ਮੋਟਰ) ਦੇ ਆਲੇ ਦੁਆਲੇ ਤੇ ਖੇਤਾਂ ਵੱਲ ਘੇਰਾ ਪਾ ਲਿਆ ਸੀ ਪਰ ਜਦੋਂ ਪਿੰਡ ਤੇ ਇਲਾਕੇ ਦੇ ਪਤਵੰਤੇ ਲੋਕਾਂ ਨੂੰ ਵੇਖਿਆ, ਤਾਂ ਅਸੀਂ ਸੁਰੱਖਿਅਤ ਮਹਿਸੂਸ ਕਰ ਰਹੇ ਸੀ। ਡਰ ਤੇ ਸਹਿਮ ਦੇ ਇਸ ਮਹੌਲ ਵਿਚ ਪੁਲਿਸ ਤੇ ਸੀ.ਆਰ.ਪੀ.ਐੱਫ. ਨੂੰ ਇਕ ਵੱਡੀ ਕਾਰਵਾਈ ਨਾਲ ਅਹਿਮ ਪ੍ਰਾਪਤੀ ਹੁੰਦੀ ਵਿਖਾਈ ਦੇ ਰਹੀ ਸੀ। ਕਿਉਂਕਿ ਉਨ੍ਹਾਂ ਦਿਨ੍ਹਾਂ ਵਿਚ ਹਰ ਸਿੱਖ ਨੌਜਵਾਨ ਅੱਤਵਾਦੀ ਵਿਖਾਈ ਦੇ ਰਿਹਾ ਸੀ ਪਰ ਲੋਕਾਂ ਵੱਲੋਂ ਵੀ ਇਹ ਖ਼ਦਸ਼ਾ ਵੀ ਸੀ ਕਿ ਕਿਤੇ ਵੱਡਾ ਅੱਤਵਾਦੀ ਮੁਕਾਬਲਾ ਨਾ ਬਣਾ ਦਿੱਤਾ ਜਾਵੇ ਕਿਉਂਕਿ ਮੇਰੇ ਨਾਲ ਦੋ ਨੌਜਵਾਨ ਮੁੰਡੇ ਬਾਹਰਲੇ ਇਲਾਕੇ ਦੇ ਸਨ। ਮੇਰੇ ਤਾਏ ਦੇ ਪੁੱਤ ਦਾ ਸਾਡੇ ਪਿੰਡ ਦਾ ਸਰਪੰਚ ਹੋਣਾ ਸਾਡੇ ਲਈ ਬਹੁਤ ਚੰਗਾ ਸਾਬਤ ਹੋਇਆ। ਪਿੰਡ ਦੇ ਪਤਵੰਤਿਆਂ ਅਤੇ ਸਾਡੇ ਸਰਪੰਚ ਨੇ ਬੜੀ ਦਲੀਲਮਈ ਗੱਲਾਂ ਕੀਤੀਆਂ, ਜਿਸ ਕਰਕੇ ਇਲਾਕੇ ਦੇ ਪਤਵੰਤੇ ਲੋਕਾਂ ਦੀ ਮੌਜੂਦਗੀ ਕਰਕੇ ਸਾਡੇ ਉਪਰ ਸੰਭਾਵਿਤ ਵੱਡੀ ਕਾਰਵਾਈ ਹੁਣ ਟਲਦੀ ਨਜ਼ਰ ਆ ਰਹੀ ਸੀ। ਖੋਜੀ ਕੁੱਤਿਆਂ ਦੀ ਸੁੰਘ ਨੇ ਸਾਡੇ ਕੱਪੜਿਆਂ ਨੂੰ ਨਿਰ-ਵਿਸਫੋਟਕ ਪਦਾਰਥ ਹੋਣ ਦਾ ਪ੍ਰਮਾਣ ਦਿੱਤਾ, ਤਾਂ ਡਰ, ਸਹਿਮ ਦੇ ਚੱਲਦਿਆਂ ਅਸੀਂ ਮੁੜਕੇ ਨਾਲ ਨੁਚੱੜੇ ਛੇਤੀ-ਛੇਤੀ ਆਪੋ-ਆਪਣੇ ਕੱਪੜੇ ਪਾ ਲਏ। ਦੋਹਾਂ ਪਿੰਡਾਂ ਦੇ ਸਰਪੰਚਾਂ ਨੇ ਲਿਖਤੀ ਬਿਆਨ ਦਿੱਤੇ ਤੇ ਅਸੀਂ ਡਰ, ਸਹਿਮ ਦੇ ਮਹੌਲ ਵਿਚ ਘਰ ਪਹੁੰਚੇ, ਤਾਂ ਘਰਦਿਆਂ ਨੇ ਫੇਰ ਇੱਕ ਵਾਰੀ ਸੁੱਖ ਦਾ ਸਾਹ ਲਿਆ। ਮਹੌਲ ਥੋੜਾ ਠੀਕ ਹੋਣ ਉਪਰੰਤ ਵੀਹ (20) ਜੂਨ ਤੱਕ ਬੱਸ ਆਵਾਜਾਈ ਸ਼ੁਰੂ ਹੋ ਗਈ ਸੀ। ਇਨ੍ਹਾਂ ਦਿਨ੍ਹਾਂ ਵਿਚ ਹੀ ਮੇਰੇ ਇਹ ਦੋ ਸਾਥੀਆਂ, ਇੱਕ ਨੂੰ ਮਾਝੇ ਤੇ ਦੂਸਰੇ ਨੂੰ ਮਾਲਵੇ ਵੱਲ ਆਪੋ ਆਪਣੇ ਪਿੰਡਾਂ (ਘਰਾਂ) ਵੱਲ ਤੋਰਿਆ। ਮੈਨੂੰ ਯਾਦ ਹੈ ਕਿ ਦੋਹਾਂ ਨੂੰ ਬੱਸ ਦੀ ਛੱਤ ਉੱਤੇ ਚੜ੍ਹ ਕੇ ਜਾਣਾ ਪਿਆ ਸੀ ਕਿਉਂਕਿ ਕਈ ਦਿਨ੍ਹਾਂ ਬਾਅਦ ਸੜਕੀ ਆਵਾਜਾਈ ਬਹਾਲ ਹੋਈ ਸੀ। ਤੱਤਕਾਲੀ ਨਿਜ਼ਾਮ ਵੱਲੋਂ ਸਿੱਖ ਗੁਰਧਾਮ (ਅਕਾਲ ਤਖਤ) ਉੱਪਰ ਇਸ ਕਾਰਵਾਈ ਜਿਸ ਨੂੰ "Blu Star Action" ਪਰ ਸਿੱਖ ਜਗਤ ਵਿਚ ਸਾਕਾ ਨੀਲਾ ਤਾਰਾ ਵਜੋਂ ਪ੍ਰਚਲਿਤ ਹੈ, ਹਰ ਸਾਲ ਵਾਪਰੇ ਉਹ ਵਾਕਿਆ ਕਰਕੇ ਜਦੋਂ ਉਸ ਵਕਤ ਨੂੰ ਯਾਦ ਕਰੀਦਾ ਹੈ, ਤਾਂ ਕਰਕੇ ਅੱਜ ਵੀ ਲੂੰ-ਕੰਢੇ ਖੜ੍ਹੇ ਹੋ ਜਾਂਦੇ ਹਨ। ਸਰੀਰ ਵਿਚ ਅਜੀਬ ਝੁਣ-ਝੁਣੀ ਮਹਿਸੂਸ ਹੁੰਦੀ ਹੈ। ਇਹ ਮੇਰੇ ਜੀਵਨ ਵੇਲੇ ਦੀ ਮੇਰੀ ਚੜ੍ਹਦੀ ਜਵਾਨੀ (ਮੁੱਛ ਫੁੱਟ) ਦਾ ਦੌਰ ਸੀ ਪਰ ਕਦੇ ਮੁੱਛਾਂ ਨੂੰ ਵੱਟ ਨਹੀਂ ਦਿੱਤਾ ਸੀ ਕਿਉਂਕਿ ਐਥਲੈਟਿਕਸ ਦੀ ਮਿਹਨਤ ਤੇ ਪੜ੍ਹਾਈ ਲਗਨ ਨੇ ਹਮੇਸ਼ਾ ਉਸਾਰੂ ਸੋਚ ਦਾ ਹੀ ਧਾਰਨੀ ਬਣਾਈ ਰੱਖਿਆ ਸੀ। ਸਰੀਰਿਕ ਤੇ ਮਾਨਸਿਕ ਤੌਰ 'ਤੇ ਆਪਣੇ ਆਪ ਨੂੰ ਖੇਡਾਂ ਪ੍ਰਤੀ ਲਗਾਏ ਰੱਖਣ ਕਰਕੇ ਹੀ ਮੇਰਾ ਮੁੱਖ ਧਾਰਾ ਵਿਚ ਰਹਿਣ ਦਾ ਮੁੱਖ ਕਾਰਣ ਸੀ। ਨਹੀਂ ਤਾਂ ਜਜ਼ਬਾਤੀ ਰੌਅ ਵਿਚ ਬੜਾ ਮੰਦਭਾਗਾ ਵੀ ਵਾਪਰ ਸਕਦਾ ਸੀ। (ਕੌਮ ਦੇ ਲੇਖੇ ਲੱਗਣਾ ਵੱਖਰਾ ਪਹਿਲੂ ਹੈ) ਪਰ ਇਨ੍ਹਾਂ ਘਟਨਾਵਾਂ ਨੂੰ ਜੀਵਨ ਵਿਚ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਜਦੋਂ ਅੱਜ ਸਾਢੇ ਸਤਵੰਜਾ ਸਾਲ ਦੀ ਉਮਰ ਵਿਚ, ਚਾਲੀ ਸਾਲ ਪਹਿਲਾਂ ਦਾ ਉਹ ਚੜ੍ਹਦੀ ਜਵਾਨੀ ਵੇਲੇ ਸੰਨ ਚਰਾਸੀ ਦਾ ਉਹ ਵੇਲਾ ਯਾਦ ਆਉਂਦਾ ਹੈ, ਤਾਂ ਮੰਨ ਮਸਤਕ ਧੁਰ ਅੰਦਰੋਂ ਅਜੀਬ 'ਚੀਸ' ਉੱਠਦੀ ਹੈ।

# ਲੋਕ ਗਾਇਕ ਜਗਤ ਸਿੰਘ ਜੱਗਾ

ਫਿਲਮੀ ਨਾਇਕ ਦੀ ਤਰ੍ਹਾਂ ਦਿੱਸਣ ਵਾਲੇ, ਕੁੰਢੀਆਂ ਮੁੱਛਾਂ, ਸ਼ਮਲੇ ਆਲੀ ਪੱਗ, ਰੌਅਬਦਾਰ ਚਿਹਰੇ ਅਤੇ ਬੁਲੰਦ ਆਵਾਜ਼ ਦੇ ਧਨੀ ਸੁਰੀਲੇ ਗਾਇਕ ਜਗਤ ਸਿੰਘ ਜੱਗਾ ਪੰਜਾਬੀ ਲੋਕ ਗਾਇਕੀ ਦੇ ਐਸੇ ਅਜ਼ੀਮ ਫ਼ਨਕਾਰ ਸਨ, ਜਿਨ੍ਹਾਂ ਨੇ ਆਪਣੀ ਖ਼ੂਬਸੂਰਤ ਗਾਇਕੀ ਰਾਹੀਂ ਪੰਜਾਬੀ ਸੰਗੀਤ ਜਗਤ ਵਿਚ ਉੱਚਾ ਮੁਕਾਮ ਹਾਸਿਲ ਕੀਤਾ। ਆਪਣੇ ਜ਼ਮਾਨੇ ਵਿਚ ਲੋਕ ਗਾਇਕ ਜਗਤ ਸਿੰਘ ਜੱਗਾ ਦਾ ਸ਼ੁਮਾਰ ਉਨ੍ਹਾਂ ਚੰਦ ਚੋਟੀ ਦੇ ਲੋਕ ਗਾਇਕਾਂ ਵਿਚ ਹੁੰਦਾ ਸੀ, ਜਿਨ੍ਹਾਂ ਦੀ ਅਖਾੜਾ ਗਾਇਕੀ ਵਿਚ ਪੂਰੀ ਚੜ੍ਹਤ ਹੁੰਦੀ ਸੀ। ਪੰਜਾਬ ਦੇ ਲੋਕ ਗੀਤਾਂ ਦੀ ਬਾਤ ਪਾਉਣ ਵਾਲਾ ਪੰਜਾਬੀਅਤ ਵਿਚ ਰੰਗਿਆ ਜਗਤ ਸਿੰਘ ਜੱਗਾ ਇਕ ਵਿਲੱਖਣ ਸ਼ਖਸੀਅਤ ਦਾ ਮਾਲਿਕ ਸੀ। ਗਾਇਕੀ ਦੇ ਨਾਲ-ਨਾਲ ਜਗਤ ਸਿੰਘ ਜੱਗਾ ਦੀ ਖ਼ੂਬਸੂਰਤ ਦਿੱਖ ਦੇ ਵੀ ਪੰਜਾਬੀ ਸੰਗੀਤ ਜਗਤ ਵਿਚ ਚਰਚੇ ਰਹਿੰਦੇ ਸਨ। ਉਨ੍ਹਾਂ ਦਾ ਉੱਚਾ-ਲੰਮਾ ਕੱਦ, ਭਰਵਾਂ ਜੁੱਸਾ, ਗੋਰਾ ਰੰਗ, ਸੱਜੀ ਬਾਂਹ ਵਿਚ ਪਾਏ ਲੋਹੇ ਦੇ ਕੜੇ, ਗਲ ਵਿਚ ਕੈਂਠਾ, ਪੈਰੀਂ ਕੱਢਵਾਂ ਖੁੱਸਾ, ਤੇੜ ਚਿੱਟਾ ਚਾਦਰਾ, ਕਢਾਈ ਆਲਾ ਕੁੜਤਾ, ਉਨ੍ਹਾਂ ਦੀ ਵੱਖਰੀ ਚਾਲ ਢਾਲ ਅਤੇ ਮੁੱਖ 'ਤੇ ਮੁਸਕਾਨ ਨੂੰ ਵੇਖ ਕੇ ਇੰਝ ਲੱਗਦਾ ਸੀ, ਜਿਵੇਂ ਪੰਜਾਬ ਦਾ ਹਕੀਕੀ ਨੁਮਾਇੰਦਾ ਆ ਰਿਹਾ ਹੋਵੇ। ਰੇਡੀਓ, ਟੈਲੀਵਿਜ਼ਨ, ਫ਼ਿਲਮਾਂ ਅਤੇ ਅਖਾੜਿਆਂ ਵਿਚ ਆਪਣੀ ਗਾਇਕੀ ਦਾ ਲੋਹਾ ਮੰਨਵਾਉਣ ਵਾਲੇ ਜਗਤ ਸਿੰਘ ਜੱਗਾ ਦੇ ਉਹਨਾਂ ਦੀ ਨਿੱਜੀ ਜ਼ਿੰਦਗੀ ਅਤੇ ਨਾਲ ਹੀ ਪੰਜਾਬੀ ਲੋਕ ਗਾਇਕੀ ਦੇ ਕਰਕੇ ਪੂਰੇ ਭਾਰਤ ਵਿਚ ਚਰਚੇ ਸਨ। ਇਸੇ ਪ੍ਰਸਿੱਧੀ ਦੇ ਕਾਰਣ ਉਨ੍ਹਾਂ ਨੂੰ ਕੁਝ ਗੁਜਰਾਤੀ ਫ਼ਿਲਮਾਂ ਵਾਲਿਆਂ ਆਪਣੀਆਂ ਫ਼ਿਲਮਾਂ ਵਿਚ ਬਤੌਰ ਚਰਿੱਤਰ ਅਦਾਕਾਰ ਅਦਾਕਾਰੀ ਕਰਨ ਦਾ ਮੌਕਾ ਦਿੱਤਾ। ਜਗਤ ਸਿੰਘ ਜੱਗਾ ਜਿਨ੍ਹਾਂ ਦਾ ਪੰਜਾਬੀ ਲੋਕ ਗਾਇਕੀ ਵਿਚ ਆਪਣਾ ਵਿਲੱਖਣ ਸਥਾਨ ਰਿਹਾ, ਦੀ ਗਾਇਕ ਬਣਨ ਤੋਂ ਪਹਿਲਾਂ ਦੀ ਜ਼ਿੰਦਗੀ ਬੇਹੱਦ ਦੁਸ਼ਵਾਰੀਆਂ ਭਰੀ ਅਤੇ ਕਸ਼ਟਦਾਇਕ ਰਹੀ। ਉਨ੍ਹਾਂ ਦੀ ਜ਼ਿੰਦਗੀ ਦੀ ਦਾਸਤਾਨ ਨੂੰ ਲਿਖਣ ਲਈ ਗੁਜਰਾਤ ਦਾ ਇੱਕ ਮਸ਼ਹੂਰ ਲੇਖਕ ਹਰਕਿਸ਼ਨ ਮਹਿਤਾ ਅੱਗੇ ਆਇਆ, ਜਿਨ੍ਹਾਂ ਜਗਤ ਸਿੰਘ ਜੱਗੇ ਦੀ ਜ਼ਿੰਦਗੀ ਦੀ ਦਾਸਤਾਨ ਨੂੰ ਗੁਜਰਾਤੀ ਭਾਸ਼ਾ ਵਿਚ ਕਲਮਬੱਧ ਕੀਤਾ। ਦਰਅਸਲ ਇਹ ਗੁਜਰਾਤੀ ਲੇਖਕ ਜੋ ਕਿ ਬਹੁਤ ਸਾਰੀਆਂ ਮਸ਼ਹੂਰ ਹਸਤੀਆਂ ਦੀਆਂ ਜੀਵਨੀਆਂ ਲਿਖ ਚੁੱਕਾ ਸੀ, ਨੂੰ ਜੱਗੇ ਦੀ ਜ਼ਿੰਦਗੀ ਨੇ ਇਨ੍ਹਾਂ ਪ੍ਰਭਾਵਿਤ ਕੀਤਾ ਕਿ ਉਨ੍ਹਾਂ ਜੱਗੇ ਦੀ ਜ਼ਿੰਦਗੀ ਤੇ ਜੱਗਾ ਡਾਕੂਨਾ ਵਰਨਾ ਵਲਾਮਾਨਾ ਨਾਮ 'ਤੇ ਤਿੰਨ ਭਾਗਾਂ ਵਿਚ ਤਿੰਨ ਕਿਤਾਬਾਂ ਲਿਖ ਦਿੱਤੀਆਂ। ਜਿਨ੍ਹਾਂ ਵਿਚ ਜੱਗੇ ਦੇ ਪਰਿਵਾਰਿਕ ਦੁਸ਼ਮਣੀ ਦੇ ਚੱਲਦੇ ਡਾਕੂ ਬਨਣ ਤੋਂ ਲੈ ਕੇ ਪੰਜਾਬੀ ਲੋਕ ਗਾਇਕ ਬਨਣ ਤੱਕ ਦੀ ਪੂਰੀ ਕਹਾਣੀ ਕਲਮਬੱਧ ਹੈ।

ਦਰਅਸਲ ਪੰਜਾਬ ਦੀ ਧਰਤੀ 'ਤੇ ਦੋ ਜਗਤ ਸਿੰਘ ਜੱਗੇ ਹੋਏ, ਜਿਨ੍ਹਾਂ ਵਿਚੋਂ ਇਕ ਜਗਤ ਸਿੰਘ ਜੱਗਾ ਜੋ ਜੱਗਾ ਡਾਕੂ ਕਰਕੇ ਮਸ਼ਹੂਰ ਹੋਇਆ, ਜਿਸ ਦੀ ਬਹਾਦਰੀ ਦੀ ਦਾਸਤਾਨ ਤੋਂ ਪੰਜਾਬ ਦਾ ਬੱਚਾ-ਬੱਚਾ ਜਾਣੂ ਸੀ ਤੇ ਜਿਸ ਦੀ ਬਹਾਦਰੀ 'ਤੇ ਲਿਖੇ ਗੀਤ ਸਾਡੇ ਪੰਜਾਬੀ ਲੋਕ ਗੀਤਾਂ ਦਾ ਅਨਿੱਖੜਵਾਂ ਅੰਗ ਬਣ ਗਏ।

ਜੱਗਾ ਮਾਰਿਆ ਬੋਹੜ ਦੀ ਛਾਂਵੇ ਕਿ ਨੌ ਮਣ ਰੇਤ ਭਿੱਜ ਗਈ

ਤੇ ਦੂਸਰਾ ਜੱਗਾ ਮਸ਼ਹੂਰ ਪੰਜਾਬੀ ਲੋਕ ਗਾਇਕ ਜਗਤ ਸਿੰਘ ਜੱਗਾ, ਜਿਸ ਦੇ ਗਾਏ ਗੀਤ ਪੰਜਾਬੀ ਲੋਕ ਗੀਤਾਂ ਦਾ ਦਰਜਾ ਹਾਸਲ ਕਰ ਗਏ। ਮਿਸਾਲ ਵਜੋਂ ਇਕ ਗੀਤ, ਜੋ ਜਗਤ ਸਿੰਘ ਜੱਗੇ ਦੀ ਕਲਮ 'ਚੋਂ ਨਿਕਲਿਆ ਲੋਕ ਬੋਲੀ ਬਣ ਗਿਆ ਅਤੇ ਅੱਜ ਵੀ ਲੋਕ ਨਾਚ ਭੰਗੜੇ ਦੇ ਆਗਾਜ਼ 'ਤੇ ਜਿਸ ਨੂੰ ਗਾਇਆ ਜਾਂਦਾ। ਉਹ ਹੈ:-

ਤੇਰੇ ਖੰਡੇ ਨੇ ਜਿਨ੍ਹਾਂ ਦੇ ਮੂੰਹ ਮੋੜੇ, ਅੱਜ ਫੇਰ ਓ ਪਏ ਲਲਕਾਰ ਦੇ ਨੇ

ਬਾਜ਼ਾਂ ਵਾਲਿਆਂ ਬਾਜ਼ ਨੂੰ ਭੇਜ ਮੁੜਕੇ ਤਿੱਤਰ ਫੇਰ ਉਡਾਰੀਆਂ ਮਾਰਦੇ ਨੇ

ਜਗਤ ਸਿੰਘ ਜੱਗੇ ਦਾ ਜਨਮ, ਜ਼ਿਲ੍ਹਾ ਸ਼ੇਖੂਪੁਰਾ (ਲਹਿੰਦੇ ਪੰਜਾਬ, ਪਾਕਿਸਤਾਨ) ਦੇ ਇਕ ਪਿੰਡ ਰੱਤੋਕੀ, ਚੱਕ ਨੰ 11 ਵਿਖੇ ਪਿਤਾ ਸ. ਸੋਹਣ ਸਿੰਘ ਦੇ ਘਰ ਹੋਇਆ। ਜਗਤ ਸਿੰਘ ਦੀ ਇਕ ਇੰਟਰਵਿਊ ਵਿਚ ਗੱਲਬਾਤ ਦੌਰਾਨ ਦੱਸਣ ਮੁਤਾਬਕ ਉਨ੍ਹਾਂ ਦਾ ਜਨਮ ਸੰਨ 1913 ਈ: ਦੇ ਨੇੜੇ-ਤੇੜੇ ਦਾ ਹੋਵੇਗਾ। ਸ਼ਰੀਕਾਂ ਨਾਲ ਖਾਨਦਾਨੀ ਦੁਸ਼ਮਣੀ ਦੇ ਚੱਲਦਿਆਂ ਜੱਗੇ ਦੇ ਦੋ ਵੱਡੇ ਭਰਾਵਾਂ ਵਿਚੋਂ ਇਕ ਭਰਾ ਭਗਤ ਸਿੰਘ ਨੂੰ ਸ਼ਰੀਕਾਂ ਨੇ ਦੋ ਬੰਦੇ ਕਤਲ ਕਰਨ ਬਦਲੇ ਫ਼ਾਹੇ ਲਵਾ ਦਿੱਤਾ ਅਤੇ ਦੂਸਰਾ ਭਰਾ ਸ਼ਿਵ ਸਿੰਘ ਪੁਲਿਸ ਤੋਂ ਲੁਕਦਿਆ ਉਨ੍ਹਾਂ ਦੀਆਂ ਗੋਲੀਆਂ ਨਾਲ ਮਾਰਿਆ ਗਿਆ, ਜਿਸ ਕਰਕੇ ਜੱਗੇ ਦੇ ਮਾਂ ਪਿਓ ਨੇ ਜੱਗੇ ਨੂੰ ਦੁਸ਼ਮਣਾਂ ਤੋਂ ਬਚਾਉਣ ਦੀ ਖਾਤਿਰ ਉਸ ਦੇ ਨਾਨਕੇ ਭੇਜ ਦਿੱਤਾ, ਜਿੱਥੇ ਜੱਗੇ ਦਾ ਪਾਲਣ-ਪੋਸ਼ਣ ਹੋਇਆ। ਜਵਾਨੀ 'ਚ ਪੈਰ ਧਰਦਿਆਂ ਜੱਗੇ ਅੰਦਰ ਜਵਾਨੀ ਦਾ ਖ਼ੂਨ ਉਬਾਲੇ ਮਾਰਨ ਲੱਗਾ ਤੇ ਆਪਣੇ ਭਰਾਵਾਂ ਦੇ ਕਤਲ ਦਾ ਬਦਲਾ ਲੈਣ ਲਈ ਜੱਗਾ ਵਾਪਸ ਆਪਣੇ ਪਿੰਡ ਆ ਗਿਆ। ਉਧਰ ਸ਼ਰੀਕ ਵੀ ਇਸ ਝਾਕ 'ਚ ਸਨ ਕਿ ਕਦੋਂ ਜੱਗਾ ਪਿੰਡ ਆਵੇ ਤੇ ਉਸ ਨੂੰ ਵੀ ਕਤਲ ਕਰ ਦਿੱਤਾ ਜਾਵੇ। ਪਰ ਸ਼ੀਹ ਵਾਂਗੂੰ ਦਲੇਰ ਜੱਗੇ ਨੇ ਪਿੰਡ ਆ ਕੇ ਖਾਨਦਾਨੀ ਦੁਸ਼ਮਣੀ ਦੇ ਚੱਲਦਿਆਂ ਆਪਣੇ ਭਰਾਵਾਂ ਦੇ ਕਾਤਲਾਂ ਨੂੰ ਮਾਰ ਕੇ ਆਪਣਾ ਬਦਲਾ ਪੂਰਾ ਕੀਤਾ। ਪੁਲਿਸ ਤੋਂ ਭਗੋੜੇ ਜੱਗੇ ਨੇ ਡਾਕੇ ਮਾਰਨੇ ਸ਼ੁਰੂ ਕਰ ਦਿੱਤੇ। ਪੁਲਿਸ ਨੂੰ ਜੱਗੇ ਨੂੰ ਗੋਲੀ ਮਾਰਨ ਦਾ ਹੁਕਮ ਹੋਇਆ ਪਰ ਛੇਤੀ ਹੀ ਜੱਗਾ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ। ਸੰਨ 1940 ਤੋਂ ਲੈ ਕੇ 1946 ਤੱਕ ਜੱਗੇ ਨੂੰ ਸਾਹੀਵਾਲ ਤੇ ਮੁਲਤਾਨ ਜੇਲ੍ਹ ਵਿਚ ਰੱਖਿਆ ਗਿਆ। ਜੱਗੇ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਜੋ ਮਗਰੋਂ ਉਮਰ ਕੈਦ ਵਿਚ ਤਬਦੀਲ ਹੋ ਗਈ। ਸੰਨ 1946 ਵਿਚ ਸ਼ੇਖੂਪੁਰਾ ਕਚਹਿਰੀ ਵਿਚ ਜਦੋਂ ਜੱਗਾ ਪੁਲਿਸ ਦੇ ਪਹਿਰੇ ਵਿਚ ਪੇਸ਼ੀ ਭੁਗਤਣ ਆਇਆ, ਤਾਂ ਜੱਗੇ ਦੇ ਦਲੇਰ ਸਾਥੀ ਉਸ ਨੂੰ ਪੁਲਿਸ ਦਾ ਪਹਿਰਾ ਤੋੜ ਕੇ ਸ਼ਰੇਆਮ ਭਜਾ ਕੇ ਲੈ ਗਏ।

15 ਅਗਸਤ, ਸੰਨ 1947 ਭਾਰਤ ਦੀ ਆਜ਼ਾਦੀ ਦਾ ਦਿਹਾੜਾ ਮੁਲਕ ਵੰਡਿਆ ਜਾ ਚੁੱਕਿਆ ਸੀ। ਦੁਨੀਆਂ ਦੇ ਨਕਸ਼ੇ 'ਤੇ ਇਕ ਨਵਾਂ ਮੁਲਕ ਪਾਕਿਸਤਾਨ ਹੋਂਦ ਵਿਚ ਆ ਚੁੱਕਾ ਸੀ ਅਤੇ ਨਾਲ ਹੀ ਪੰਜਾਬ ਦੀ ਹਿੱਕ 'ਤੇ ਇਕ ਨਾ ਮਿਟਣ ਵਾਲੀ ਲਕੀਰ ਖਿੱਚ ਦਿੱਤੀ ਗਈ ਸੀ। ਦੋ ਹਿੱਸਿਆਂ ਵਿਚ ਵੰਡੀ ਪੰਜਾਬ ਦੀ ਧਰਤੀ ਬੇਗੁਨਾਹ ਪੰਜਾਬੀਆ ਦੇ ਰੱਤ ਨਾਲ ਲਾਲ ਹੋ ਗਈ। ਸਦੀਆਂ ਤੋਂ ਪਿਆਰ ਨਾਲ ਰਹਿਣ ਵਾਲੀਆਂ ਕੌਮਾਂ ਕਦੋਂ ਇੱਕ ਦੂਜੇ ਦੇ ਲਹੂ ਦੀਆਂ ਪਿਆਸੀਆਂ ਹੋ ਗਈਆਂ, ਪਤਾ ਈ ਨਾ ਚੱਲਿਆ। ਚਾਰੇ ਪਾਸੇ ਮਜ਼ਲੂਮ ਲੋਕਾਂ ਦੀਆਂ ਖਿਲਰੀਆਂ ਲਾਸ਼ਾਂ ਇਨਸਾਨ ਦੇ ਇਨਸਾਨ ਹੋਣ ਦਾ ਮੂੰਹ ਚਿੜਾ ਰਹੀਆਂ ਸਨ। ਇਸੇ ਕਤਲੋਗਾਰਤ ਵਿਚ ਜੱਗਾ ਵੀ ਆਪਣੀ ਜੰਮਣ ਭੋਇੰ ਛੱਡ ਪਰਿਵਾਰ ਸਮੇਤ ਚੜ੍ਹਦੇ ਪੰਜਾਬ ਵੱਲ ਨੂੰ ਹੋ ਤੁਰਿਆ। ਬਹਾਦਰ ਅਤੇ ਮੌਤ ਤੋਂ ਬੇਪ੍ਰਵਾਹ ਜੱਗਾ ਆਪਣੇ ਨਾਲ ਲੋਕਾਂ ਦੇ ਦੋ ਵੱਡੇ ਕਾਫ਼ਲੇ ਹੱਲਿਆ ਤੋਂ ਬਚਾ ਕੇ ਹਿਫ਼ਾਜ਼ਤ ਨਾਲ ਅੰਮ੍ਰਿਤਸਰ ਖਾਲਸਾ ਕਾਲਜ 'ਚ ਲੱਗੇ ਰਿਫ਼ਿਊਜੀ ਕੈਂਪ ਤੱਕ ਲੈ ਆਇਆ।

ਜੱਗੇ ਨੇ ਇਥੇ ਆ ਕੇ ਵੀ ਜ਼ੁਰਮ ਦਾ ਪੱਲਾ ਨਾ ਛੱਡਿਆ ਤੇ 30 ਜਨਵਰੀ, 1948 ਨੂੰ ਜਿਸ ਦਿਨ ਮਹਾਤਮਾ ਗਾਂਧੀ ਦੀ ਹੱਤਿਆ ਹੋਈ ਉਸ ਦਿਨ ਜੱਗੇ ਨੇ ਸਾਥੀਆਂ ਸਮੇਤ ਅੰਮ੍ਰਿਤਸਰ ਦੇ ਨਜ਼ਦੀਕ ਪੈਂਦੇ ਕਸਬੇ ਜੰਡਿਆਲਾ ਗੁਰੂ ਵਿਖੇ ਸਰਾਫ਼ਾਂ ਦੇ ਘਰੇ ਡਾਕਾ ਮਾਰਿਆ, ਜਿਥੋਂ ਉਸ ਨੇ ਡੂਢ ਲੱਖ ਦਾ ਸੋਨਾ ਲੁੱਟਿਆ। ਪਰ ਛੇਤੀ ਹੀ ਜੱਗਾ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਫਰੀਦਕੋਟ ਤੋਂ ਪੁਲਿਸ ਦੇ ਹੱਥੇ ਚੜ੍ਹੇ ਜੱਗੇ ਨੂੰ ਸਮੇਂ ਦੀਆਂ ਅਦਾਲਤਾਂ ਨੇ ਲੰਮੀ ਕੈਦ ਦਾ ਹੁਕਮ ਸੁਣਾਇਆ। ਉਸ ਵੇਲੇ ਬੇਸ਼ੱਕ ਜੱਗਾ ਇਕ ਖੂੰਖਾਰ ਕੈਦੀ ਵਜੋਂ ਜਾਣਿਆ ਜਾਂਦਾ ਸੀ ਪਰ ਉਸ ਦੇ ਅੰਦਰ ਇਕ ਕੋਮਲ ਦਿਲ ਵੀ ਧੜਕਦਾ ਸੀ, ਜੋ ਕਿਸੇ 'ਤੇ ਹੋਈ ਜ਼ਿਆਦਤੀ ਬਰਦਾਸ਼ਤ ਨਹੀਂ ਕਰ ਪਾਉਂਦਾ ਸੀ। ਜੇਲ੍ਹ ਵਿਚ ਰਹਿ ਕੇ ਉਸ ਨੇ ਜੇਲ੍ਹ ਵਿਚ ਬੰਦ ਕੈਦੀਆਂ ਦੇ ਘਟੀਆ ਖਾਣੇ ਨੂੰ ਲੈ ਕੇ ਆਵਾਜ਼ ਬੁਲੰਦ ਕੀਤੀ। ਜਿਸ ਬਦਲੇ ਉਸ ਨੂੰ ਪੁਲਿਸ ਦੇ ਅੰਨ੍ਹੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਚੱਕੀਆ ਵਿਚ ਬੰਦ ਰੱਖ ਕੇ ਵੀ ਜਦੋਂ ਪੁਲਿਸ ਜੱਗੇ ਦੀ ਆਵਾਜ਼ ਨਾ ਦਬਾ ਸਕੀ, ਤਾਂ ਅਖੀਰ ਉਨ੍ਹਾਂ ਨੂੰ ਜੱਗੇ ਦੀਆਂ ਮੰਗਾਂ ਮੰਨਣੀਆਂ ਪਈਆਂ।

ਜਗਤ ਸਿੰਘ ਜੱਗੇ ਦੇ ਲੋਕ ਗਾਇਕ ਬਨਣ ਦੀ ਕਹਾਣੀ ਵੀ ਬੇਹੱਦ ਦਿਲਚਸਪ ਹੈ। 30-35 ਸਾਲ ਦੀ ਉਮਰ ਤੱਕ ਖੁਦ ਜੱਗੇ ਨੂੰ ਵੀ ਨਹੀਂ ਪਤਾ ਸੀ ਕਿ ਉਸ ਅੰਦਰ ਇਕ ਕੋਮਲ ਹਿਰਦੇ ਵਾਲਾ ਕਲਾਕਾਰ ਲੁਕਿਆ ਬੈਠਾ ਹੈ। ਹਾਲੇ ਜਦੋਂ ਜੱਗਾ ਜੇਲ੍ਹ ਵਿਚ ਹੀ ਸੀ, ਤਾਂ ਇਕ ਦਿਨ ਉਸ ਨਾਲ ਮੁਲਾਕਾਤ ਕਰਨ ਉਸ ਦੀ ਪਤਨੀ ਚੰਨਣ ਕੌਰ ਆਈ। ਜੱਗੇ 'ਤੇ ਚੰਨਣ ਕੌਰ ਵਿਚ ਗੂੜ੍ਹਾ ਪਿਆਰ ਸੀ। ਚੰਨਣ ਕੌਰ ਜਿਸ ਨੂੰ ਜੱਗਾ ਪਿਆਰ ਨਾਲ ਚੰਨੀ ਕਹਿ ਕੇ ਸੱਦ ਦਾ ਸੀ, ਨੇ ਜੱਗੇ ਦਾ ਹਰ ਦੁੱਖ-ਸੁੱਖ ਵਿਚ ਸਾਇਆ ਬਣ ਕੇ ਸਾਥ ਨਿਭਾਇਆ। ਜੱਗਾ ਜੇਲ੍ਹ ਵਿਚ ਲੜਾਈ-ਝਗੜਾ ਕਰਨ ਕਰਕੇ ਖ਼ਾਸ ਸਜ਼ਾ ਭੁਗਤ ਰਿਹਾ ਸੀ, ਉਹ ਹੱਥਕੜੀਆਂ ਤੇ ਬੇੜੀਆਂ ਵਿਚ ਜਕੜਿਆ ਜੇਲ੍ਹ ਆਧਿਕਾਰੀਆਂ ਦੀ ਕੁੱਟ ਨਾਲ ਬੁਰੀ ਤਰ੍ਹਾਂ



ਝੰਬਿਆਂ, ਜਦੋਂ ਚੰਨੀ ਦੇ ਸਾਹਮਣੇ ਆਇਆ, ਤਾਂ ਚੰਨੀ ਕੋਲੋਂ ਆਪਣੇ ਕੰਤ ਦੀ ਇਹ ਹਾਲਤ ਵੇਖੀ ਨਾ ਗਈ। ਚੰਨੀ ਦਾ ਹਿਰਦਾ ਵਿਆਕੁਲ ਹੋ ਉੱਠਿਆ ਤੇ ਉਹ ਬੇਹੱਦ ਦੁਖੀ ਮਨ ਨਾਲ ਬਗੈਰ ਕੋਈ ਗੱਲ ਕਰੇ ਵਾਪਸ ਚਲੀ ਗਈ, ਜਿਸ ਦਾ ਜੱਗੇ ਦੇ ਮਨ 'ਤੇ ਡੂੰਘਾ ਅਸਰ ਹੋਇਆ। ਉਸੇ ਰਾਤ ਜੱਗੇ ਨੂੰ ਸੁਪਨਾ ਆਇਆ ਕਿ ਚੰਨੀ ਉਸ ਤੋਂ ਨਾਰਾਜ਼ ਹੋ ਅੱਖਾਂ 'ਚੋਂ ਅੱਥਰੂ ਕੇਰਦੀ ਉਸ ਤੋਂ ਬਹੁਤ ਦੂਰ ਜਾ ਰਹੀ ਹੈ। ਚੰਨੀ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰ ਕਰਨ ਵਾਲੇ ਜੱਗੇ ਤੋਂ ਇਹ ਗੱਲ ਬਰਦਾਸ਼ਤ ਨਾ ਹੋਈ ਤੇ ਬਿਰਹਾ ਵਿਚ ਉਸ ਦੇ ਅੰਦਰੋਂ ਇਕ ਗੀਤ ਫੁੱਟਿਆ, ਜਿਸ ਨੂੰ ਉਸ ਨੇ ਆਪਣੀ ਹੱਥਕੜੀ ਨੂੰ ਸਾਜ਼ ਬਣਾ ਜੇਲ੍ਹ ਦੀਆਂ ਸਲਾਖਾਂ 'ਤੇ ਚੋਟ ਕਰਕੇ ਗਾਉਣਾ ਸ਼ੁਰੂ ਕਰ ਦਿੱਤਾ। ਗੀਤ ਦੇ ਬੋਲ ਸਨ:

'ਇਕ ਹਵਾ ਐਸੀ ਚੱਲੀ ਦੁਸ਼ਮਣ ਜ਼ਮਾਨਾ ਹੋ ਗਿਆ, ਮੈਨੂੰ ਪਿਆਰੇ ਤੇਰੀ ਖਾਤਿਰ ਜੇਲ੍ਹਖਾਨਾਂ ਹੋ ਗਿਆ।'

ਭਾਵੇਂ ਇਹ ਗੀਤ ਤੁੱਕ ਬੰਦੀ ਹੀ ਸੀ ਪਰ ਜਦੋਂ ਬੁਲੰਦ ਆਵਾਜ਼ ਵਿਚ ਗਾਇਆ, ਇਹ ਗੀਤ ਜੇਲ੍ਹ ਸੁਪਰਡੈਂਟ ਮਦਨ ਮੋਹਨ ਮਹਿਤਾ ਦੇ ਕੰਨਾਂ ਤੱਕ ਅੱਪੜਿਆ, ਤਾਂ ਉਹ ਜੱਗੇ ਦੀ ਸੁਰੀਲੀ ਅਤੇ ਦਰਦ ਭਰੀ ਆਵਾਜ਼ ਤੋਂ ਬਹੁਤ ਮੁਤਾਸਿਰ ਹੋਇਆ। ਉਨ੍ਹਾਂ ਦੀ ਪ੍ਰੇਰਨਾ ਸਦਕਾ ਜੱਗੇ ਨੇ ਜੇਲ੍ਹ ਵਿਚ ਹੁੰਦੇ ਡਰਾਮਿਆਂ ਅਤੇ ਸੱਭਿਆਚਾਰਕ ਸਮਾਗਮਾਂ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਜਦੋਂ ਕੋਈ ਵੱਡਾ ਅਧਿਕਾਰੀ ਜੇਲ੍ਹ ਦੇ ਦੌਰੇ 'ਤੇ ਆਉਂਦਾ, ਤਾਂ ਉੱਥੇ ਹੋਣ ਵਾਲੇ ਸਮਾਗਮ ਵਿਚ ਜੱਗਾ ਗੀਤ ਜ਼ਰੂਰ ਗਾਉਂਦਾ। ਹੁਣ ਜੱਗੇ ਦੀ ਗਾਇਕੀ ਦੇ ਚਰਚੇ ਜੇਲ੍ਹ ਤੋਂ ਬਾਹਰ ਵੀ ਹੋਣ ਲੱਗੇ। ਜੱਗੇ ਦੀ ਜ਼ਿੰਦਗੀ ਬਦਲਣ ਲੱਗੀ। ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਸ਼੍ਰੀ ਗੋਪੀ ਚੰਦ ਭਾਰਗਵ ਇਕ ਵਾਰ ਜਦੋਂ ਫ਼ਿਰੋਜ਼ਪੁਰ ਜੇਲ੍ਹ ਦੌਰੇ ਤੇ ਆਏ, ਤਾਂ ਜੱਗੇ ਨੇ ਆਪਣੇ ਜੇਲ੍ਹ ਸਾਥੀ ਸੁੱਚਾ ਸਿੰਘ ਦਾ ਲਿਖਿਆ ਨਾਟਕ 'ਜੇਲ੍ਹ ਯਾਤਰਾ' ਖੇਡਿਆ, ਜਿਸ ਵਿਚ ਜੱਗੇ ਨੇ ਇਕ ਕੈਦੀ ਦਾ ਰੋਲ ਅਦਾ ਕੀਤਾ, ਜਿਸ ਨੂੰ ਮੁੱਖ ਮੰਤਰੀ ਪੰਜਾਬ ਵੱਲੋਂ ਬੇਹੱਦ ਸਲਾਹਿਆ ਗਿਆ। ਹੌਲੀ-ਹੌਲੀ ਜੱਗੇ ਨੂੰ ਗਾਇਕੀ ਦੇ ਨਾਲ-ਨਾਲ ਗੀਤ ਅਤੇ ਨਾਟਕ ਲਿਖਣ ਦਾ ਵੀ ਸ਼ੌਕ ਪੈ ਗਿਆ। ਜੱਗੇ ਦੇ ਗੀਤਾਂ ਦੀ ਚਰਚਾ ਜਦੋਂ ਜਲੰਧਰ ਰੇਡੀਓ ਸਟੇਸ਼ਨ ਦੇ ਨਿਰਦੇਸ਼ਕ ਸ. ਕਰਤਾਰ ਸਿੰਘ ਦੁੱਗਲ ਤੱਕ ਪਹੁੰਚੀ, ਤਾਂ ਉਨ੍ਹਾਂ ਜੱਗੇ ਦੀ ਗਾਇਕੀ ਨੂੰ ਰੇਡੀਓ ਰਾਹੀਂ ਲੋਕਾਂ ਤੱਕ ਪਹੁੰਚਾਉਣ ਦਾ ਫੈਸਲਾ ਕੀਤਾ। ਪੁਲਿਸ ਫਿਰੋਜ਼ਪੁਰ ਤੋਂ ਜੱਗੇ ਨੂੰ ਹੱਥਕੜੀਆਂ ਵਿਚ ਜਲੰਧਰ ਰੇਡੀਓ ਸਟੇਸ਼ਨ ਲੈ ਕੇ ਆਉਂਦੀ, ਜਿੱਥੇ ਜੱਗਾ ਆਪਣਾ ਗੀਤ ਗਾਉਂਦਾ ਤੇ ਫਿਰ ਵਾਪਿਸ ਜੇਲ੍ਹ ਚਲਿਆ ਜਾਂਦਾ।

3 ਅਪ੍ਰੈਲ, 1952 ਨੂੰ ਬੌਲੀਵੁੱਡ ਅਦਾਕਾਰ ਅਤੇ ਪ੍ਰਿਥਵੀ ਥੀਏਟਰ ਦੇ ਮਾਲਿਕ ਪ੍ਰਿਥਵੀ ਰਾਜ ਕਪੂਰ ਜਦੋਂ ਰਾਜ ਸਭਾ ਦੇ ਮੈਂਬਰ ਬਣੇ, ਤਾਂ ਉਨ੍ਹਾਂ


ਅੰਗਰੇਜ ਸਿੰਘ ਵਿਰਦੀ
ਮਕਾਨ ਨੂੰ 63, ਗੰਡਾ ਸਿੰਘ ਕਲੋਨੀ
ਤਰਨਤਾਰਨ ਰੋਡ ਅੰਮ੍ਰਿਤਸਰ
ਮੋਬ :94646-28857
ਪੰਜਾਬ ਮੇਲ USA




ਪੰਜਾਬ ਦੇ ਮੁੱਖ ਮੰਤਰੀ ਭੀਮ ਸੈਣ ਸੱਚਰ ਨਾਲ ਫ਼ਿਰੋਜ਼ਪੁਰ ਜੇਲ੍ਹ ਦਾ ਦੌਰਾ ਕੀਤਾ, ਜਿੱਥੇ ਜੱਗੇ ਨੇ ਆਪਣਾ ਲਿਖਿਆ ਨਾਟਕ ਕਸ਼ਮੀਰ ਪੇਸ਼ ਕੀਤਾ। ਇਸ ਨਾਟਕ ਵਿਚ ਜੱਗੇ ਨੇ ਬੱਲੀ ਨਾਂ ਦੇ ਬਦਮਾਸ਼ ਦਾ ਰੋਲ ਅਦਾ ਕੀਤਾ ਸੀ। ਉਸ ਵਿਚ ਜੱਗੇ ਦੇ ਇਕ ਸੰਵਾਦ ਕਿ 'ਜੇ ਸਵੇਰ ਦਾ ਭੁੱਲਿਆ ਸ਼ਾਮ ਨੂੰ ਵਾਪਿਸ ਆ ਜਾਵੇ, ਤਾਂ ਉਸ ਨੂੰ ਭੁਲਿਆ ਨਹੀ ਕਿਹਾ ਜਾਂਦਾ' ਦੇ ਜਵਾਬ ਵਿਚ ਬੋਲਿਆ ਸੰਵਾਦ ਕਿ ਆਉਂਦੇ ਨੂੰ ਜੇ ਕੁੰਡਾ ਲੱਗਾ ਹੋਵੇ, ਤਾਂ ਫਿਰ ਕੀ ਕੀਤਾ ਜਾਵੇ ?ਨੂੰ ਸੁਣ ਕੇ ਪ੍ਰਿਥਵੀ ਰਾਜ ਕਪੂਰ ਉਸ ਤੋਂ ਬੇਹੱਦ ਪ੍ਰਭਾਵਿਤ ਹੋਏ ਤੇ ਬਾਅਦ ਵਿਚ ਉਨ੍ਹਾਂ ਨੇ ਜੱਗੇ ਨੂੰ ਜੇਲ੍ਹ ਤੋਂ ਰਿਹਾਅ ਕਰਵਾਉਣ ਲਈ ਕਾਫੀ ਕੋਸ਼ਿਸ਼ਾਂ ਕੀਤੀਆਂ। ਅਖੀਰ ਮੁੱਖ ਮੰਤਰੀ ਪੰਜਾਬ ਸ਼੍ਰੀ ਭੀਮ ਸੈਨ ਸੱਚਰ ਦੇ ਕਹਿਣ 'ਤੇ ਜੱਗੇ ਦੀ ਉਮਰ ਕੈਦ ਦੀ ਸਜ਼ਾ ਮਾਫ ਕਰ ਦਿੱਤੀ ਗਈ ਅਤੇ ਨਾਲ ਹੀ ਬਤੌਰ ਕਲਾਕਾਰ ਲੋਕ ਸੰਪਰਕ ਵਿਭਾਗ ਵਿਚ ਜੱਗੇ ਨੂੰ 60 ਰੁਪਏ ਮਹੀਨਾ ਨੌਕਰੀ 'ਤੇ ਵੀ ਰੱਖ ਲਿਆ ਗਿਆ। ਜੇਲ੍ਹ ਤੋਂ ਰਿਹਾਅ ਹੋ ਕੇ ਜੱਗੇ ਨੇ ਜਲੰਧਰ ਸ਼ਹਿਰ ਆਪਣਾ ਰਹਿਣ ਦਾ ਪੱਕਾ ਟਿਕਾਣਾ ਬਣਾ ਲਿਆ। ਇਥੋਂ ਜੱਗੇ ਦੀ ਜ਼ਿੰਦਗੀ ਦਾ ਨਵਾਂ ਅਧਿਆਏ ਆਰੰਭ ਹੋਇਆ। ਜੱਗੇ ਦੀ ਮਿਹਨਤ, ਲਗਨ ਤੇ ਉਨ੍ਹਾਂ ਦੀ ਜ਼ਿੰਦਗੀ ਵਿਚ ਆਈਆਂ, ਕੁਝ ਸੁਹਿਰਦ ਸ਼ਖਸੀਅਤਾਂ ਦੀ ਬਦੌਲਤ ਜੱਗਾ ਇਕ ਡਾਕੂ ਤੋਂ ਸ਼ਰੀਫ ਇਨਸਾਨ ਅਤੇ ਅਜ਼ੀਮ ਫ਼ਨਕਾਰ ਬਣ ਗਿਆ।

ਲੋਕ ਗਾਇਕੀ ਵਿਚ ਪਰਿਪੱਕਤਾ ਹਾਸਿਲ ਕਰਨ ਲਈ ਜੱਗੇ ਨੇ ਤੂੰਬੀ ਦੇ ਬਾਦਸ਼ਾਹ ਲਾਲ ਚੰਦ ਯਮਲਾ ਜੱਟ ਨੂੰ ਆਪਣਾ ਉਸਤਾਦ ਧਾਰਿਆ। ਆਪਣੇ ਉਸਤਾਦ ਯਮਲਾ ਜੱਟ ਨੂੰ ਬਹੁਤ ਮਾਣ-ਸਤਿਕਾਰ ਤੇ ਉੱਚਾ ਦਰਜਾ ਦੇਣ ਵਾਲੇ ਜੱਗੇ ਨੇ ਉਨ੍ਹਾਂ ਕੋਲੋਂ ਤੂੰਬੀ ਵਜਾਉਣ ਵਿਚ ਮੁਹਾਰਤ ਹਾਸਲ ਕੀਤੀ ਅਤੇ ਨਾਲ ਹੀ ਲੋਕ ਗਾਇਕੀ ਦੀ ਹਰ ਵੰਨਗੀ ਨੂੰ ਗਾਉਣ ਦਾ ਢੰਗ ਵੀ ਸਿੱਖਿਆ। ਉਸਤਾਦ ਯਮਲਾ ਜੱਟ ਜੀ ਦੀ ਗਾਉਣ ਦੀ ਸ਼ੈਲੀ ਵਿਚ ਜੱਗੇ ਨੇ ਅਨੇਕਾਂ ਗੀਤ ਗਾਏ। ਉਸਤਾਦ ਯਮਲਾ ਜੱਟ ਦੀ ਲਾਡਲੀ ਸ਼ਾਗਿਰਦ ਲੋਕ ਗਾਇਕਾ ਨਰਿੰਦਰ ਬੀਬਾ ਜੀ ਨਾਲ ਜੱਗੇ ਨੇ ਸਭ ਤੋਂ ਪਹਿਲਾਂ ਦੋਗਾਣਾ ਜੋੜੀ ਬਣਾ ਕੇ ਗੀਤ ਪੇਸ਼ ਕੀਤੇ। ਨਰਿੰਦਰ ਬੀਬਾ ਅਤੇ ਜੱਗੇ ਨੇ ਆਪਣਾ ਸੰਗੀਤਕ ਗਰੁੱਪ ਬਣਾ ਕੇ ਪ੍ਰੋਗਰਾਮ ਕਰਨੇ ਸ਼ੁਰੂ ਕੀਤੇ ਅਤੇ ਲਗਭਗ ਸਾਢੇ 11 ਸਾਲ ਤੱਕ ਉਸਤਾਦ ਯਮਲਾ ਜੱਟ ਦੇ ਚੰਡੇ ਦੋਵੇਂ ਸ਼ਾਗਿਰਦ ਇਕੱਠਿਆਂ ਗਾਉਂਦੇ ਰਹੇ। ਆਪਣੀ ਪੂਰੀ ਹਯਾਤੀ ਜੱਗੇ ਨੇ ਅਨੇਕਾਂ ਗੀਤ ਗਾਏ ਪਰ ਜੱਗੇ ਦੀ ਗਾਇਕੀ ਦਾ ਸ਼ਿਖਰ ਸੀ, ਉਸ ਦਾ ਗਾਇਆ ਮਿਰਜ਼ਾ। ਨਰਿੰਦਰ ਬੀਬਾ ਅਤੇ ਜੱਗੇ ਦੀ ਆਵਾਜ਼ ਵਿਚ ਗਾਇਆ ਇਹ ਮਿਰਜ਼ਾ ਜਿਸ ਦੇ ਬੋਲ ਸਨ 'ਵੇ ਤੂੰ ਸੌਂ ਗਿਆ ਹੇਠਾਂ ਜੰਡ ਦੇ, ਨੀ ਤੂੰ ਬਹਿ ਜਾ ਨਾਲ ਯਕੀਨ ਦੇ' ਦੋਵਾਂ ਦੀ ਗਾਇਕੀ ਦਾ ਇੱਕ ਅਤਿ ਉੱਤਮ ਨਮੂਨਾ ਸੀ।

ਆਲ ਇੰਡੀਆ ਰੇਡੀਓ ਜਲੰਧਰ ਅਤੇ ਟੈਲੀਵਿਜ਼ਨ ਦੇ ਦੂਰਦਰਸ਼ਨ ਕੇਂਦਰ ਜਲੰਧਰ 'ਤੇ ਜੱਗੇ ਨੇ ਅਣਗਿਣਤ ਗੀਤ ਗਾਏ। ਭਾਵੇਂ ਕਿ ਜੱਗੇ ਦੇ ਗਾਏ ਗੀਤਾਂ ਦੀ ਬਹੁਤੀ ਰਿਕਾਰਡਿੰਗ ਨਹੀਂ ਮਿਲਦੀ ਅਤੇ ਜ਼ਿਆਦਾਤਰ ਜੱਗੇ ਨੇ ਅਖਾੜਿਆਂ, ਮੇਲਿਆਂ, ਲੋਕ ਸੰਪਰਕ ਵਿਭਾਗ ਵੱਲੋਂ ਸਰਕਾਰੀ ਪ੍ਰੋਗਰਾਮਾਂ ਵਿਚ ਹੀ ਗੀਤ ਗਾਏ ਪਰ ਫ਼ਿਰ ਵੀ ਉਨ੍ਹਾਂ ਦੇ ਕੁਝ ਰਿਕਾਰਡ ਗੀਤ ਸੰਗੀਤਕ ਕੰਪਨੀਆਂ ਪੌਲੀਡੋਰ, ਕੋਹਿਨੂਰ, ਹਿੰਦੁਸਤਾਨ ਰਿਕਾਰਡਜ਼ ਅਤੇ ਫਿਲਿਪਸ ਵੱਲੋਂ ਰਿਕਾਰਡ ਹੋਏ ਮਿਲਦੇ ਹਨ। ਜੱਗੇ ਦੇ ਕੁਝ ਮਸ਼ਹੂਰ ਗੀਤਾਂ ਦਾ ਵੇਰਵਾ ਇਸ ਪ੍ਰਕਾਰ ਹੈ- ਆਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ, ਘੁੰਡ ਕੱਢ ਲੈ ਪਤਲੀਏ ਨਾਰੇ ਸਹੁਰਿਆ ਦਾ ਪਿੰਡ ਆ ਗਿਆ, ਦੋ ਦਿਨ ਤਾਂ ਕਰ ਲੈ ਪਿਆਰ ਕੁੜੇ ਕਿਉਂ ਕਰਨੀ ਏ ਤਕਰਾਰ ਕੁੜੇ, ਕਿੱਥੇ ਆਈ ਏਂ ਤੂੰ ਲਾਲ ਗਵਾ ਬੱਕੀ ਦੇ ਕੋਲੋਂ ਮਾਂ ਪੁੱਛਦੀ (ਮਿਰਜ਼ਾ), ਜੁਗਨੀ, ਬਾਹਲੇ ਪਿਆਰ ਨੀ ਪਾਈਏ ਵੈਰਨੇ, ਨੀ ਤੂੰ ਮੰਦੀ ਕੀਤੀ ਸਾਹਿਬਾ, ਮੇਰਾ ਸੋਹਣਾ ਦੇਸ਼ ਪੰਜਾਬ, ਵੇ ਜੱਟਾਂ ਨਾ ਬਹਿ ਹੇਠਾਂ ਜੰਡ ਦੇ, ਜੇ ਜੁੜ ਜਾਣ ਸੱਜਣ ਨਾਲ ਅੱਖੀਆਂ, ਹੋ ਗਈ ਬੱਲੇ ਬੱਲੇ, ਗਿੱਧੇ ਵਿਚੋਂ ਬੱਚਕੇ ਨਾ ਜਾਈਏ ਗੋਰੀਏ, ਜੱਗੇ ਦੀ ਟੱਬਰਦਾਰੀ, ਵੇਖੀ ਤੋਰ ਤੇਰੀ ਅਸਾਂ ਨੀ ਪੰਜਾਬਣੇ, ਪੇਕਿਆਂ ਨੂੰ ਜਾਹ ਭਾਬੀਏ, ਜਾਨੀ ਏ ਤੇ ਜਾ ਅਤੇ ਬੋਲੀਆਂ ਸਾਵਣ ਸਾਂਵੇ ਲਾਏ ਕੁੜੀਆਂ ਇੱਕੋ ਜਹੀਆਂ ਮੁਟਿਆਰਾਂ ਪ੍ਰਮੁੱਖ ਹਨ।

ਜੱਗੇ ਨੇ ਨੰਦ ਲਾਲ ਨੂਰਪੁਰੀ, ਗੁਰਦੇਵ ਸਿੰਘ ਮਾਨ, ਸਨਮੁੱਖ ਸਿੰਘ ਆਜ਼ਾਦ, ਵਿਧਾਤਾ ਸਿੰਘ ਤੀਰ, ਕਰਤਾਰ ਸਿੰਘ ਬਲੱਗਣ ਜਿਹੇ ਪ੍ਰਸਿੱਧ ਗੀਤਕਾਰਾਂ ਦੇ ਲਿਖੇ ਅਣਗਿਣਤ ਗੀਤ ਗਾਏ। ਇਸ ਤੋਂ ਇਲਾਵਾ ਜੱਗੇ ਨੇ ਆਪ ਵੀ ਬਹੁਤ ਸਾਰੇ ਗੀਤਾਂ ਦੀ ਰਚਨਾ ਕੀਤੀ, ਜਿਨ੍ਹਾਂ ਨੂੰ ਉਨ੍ਹਾਂ ਬੜੀ ਸ਼ਿੱਦਤ ਨਾਲ ਗਾਇਆ। ਜੱਗੇ ਨੇ ਆਪਣੇ ਸਮੇਂ ਦੀਆਂ ਪੰਜਾਬ ਦੀਆਂ ਲਗਭਗ ਸਾਰੀਆਂ ਪ੍ਰਸਿੱਧ ਗਾਇਕਾਵਾਂ ਨਾਲ ਦੋਗਾਣਾ ਗੀਤ ਗਾਏ, ਜਿਨ੍ਹਾਂ ਵਿਚ ਨਰਿੰਦਰ ਬੀਬਾ, ਜਗਮੋਹਣ ਕੌਰ, ਬਲਜੀਤ ਬੱਲੀ, ਪ੍ਰਕਾਸ਼ ਕੌਰ, ਮਨਜੀਤ ਕੌਰ ਅਤੇ ਸੁਰਿੰਦਰ ਕੌਰ ਪ੍ਰਮੁੱਖ ਹਨ।

ਅਖਾੜਾ ਗਾਇਕੀ ਅਤੇ ਰੇਡੀਓ 'ਤੇ ਗਾਉਣ ਤੋਂ ਬਾਅਦ ਜੱਗੇ ਨੂੰ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਵਿਚ ਵੀ ਗੀਤ ਗਾਉਣ ਦਾ ਮੌਕਾ ਮਿਲਿਆ। ਸੰਨ 1958 ਵਿਚ ਰਿਲੀਜ਼ ਹੋਈ ਇੰਦਰਪੁਰੀ ਸਟੂਡੀਓਜ਼ ਪ੍ਰਾਈਵੇਟ ਲਿਮਿਟਿਡ, ਕਲਕੱਤਾ ਦੇ ਬੈਨਰ ਹੇਠ ਬਣੀ ਪੰਜਾਬੀ ਫ਼ਿਲਮ 'ਨਿੱਕੀ' ਵਿਚ ਜੱਗੇ ਨੇ ਪਹਿਲੀ ਵਾਰ ਗੀਤ ਗਾਇਆ। ਅਦਾਕਾਰ ਪ੍ਰੇਮ ਨਾਥ ਅਤੇ ਆਦਾਕਾਰਾ ਬੀਨਾ ਚਾਂਦ ਦੀ ਅਦਾਕਾਰੀ ਨਾਲ ਸਜੀ ਇਹ ਫ਼ਿਲਮ ਮਸ਼ਹੂਰ ਨਿਰਮਾਤਾ ਨਿਰਦੇਸ਼ਕ ਰੂਪ ਕੇ.ਸ਼ੋਰੀ ਦੀ ਨਿਰਦੇਸ਼ਨਾਂ ਵਿਚ ਬਣੀ ਸੀ। ਇਸ ਫ਼ਿਲਮ ਵਿਚ ਜੱਗੇ ਨੇ ਜਗਤ ਪ੍ਰਸਿੱਧ ਜੁਗਨੀ ਗਾਈ, ਜਿਸ ਦਾ ਫ਼ਿਲਮਾਂਕਣ ਵੀ ਉਨ੍ਹਾਂ 'ਤੇ ਹੀ ਕੀਤਾ ਗਿਆ ਸੀ। ਇਸ ਫ਼ਿਲਮ ਤੋਂ ਬਾਅਦ ਜੱਗੇ ਅਤੇ ਨਰਿੰਦਰ ਬੀਬਾ ਦਾ ਗਾਇਆ ਦੋਗਾਣਾ ਗੀਤ ਫ਼ਿਲਮ ਛੜ੍ਹਿਆਂ ਦੀ ਡੋਲੀ ਵਿਚ ਸ਼ਾਮਲ ਕੀਤਾ ਗਿਆ। ਸੰਨ 1963 ਵਿਚ ਰਿਲੀਜ਼ ਹੋਈ, ਇਹ ਫ਼ਿਲਮ ਬਤੌਰ ਫ਼ਿਲਮੀ ਗਾਇਕਾ ਵਜੋਂ ਨਰਿੰਦਰ ਬੀਬਾ ਦੀ ਪਹਿਲੀ ਫ਼ਿਲਮ ਸੀ। ਅਦਾਕਾਰ ਆਈ.ਐੱਸ. ਜੌਹਰ, ਹੈਲਨ ਅਤੇ ਮੰਜੂ ਅਭਿਨੀਤ ਇਸ ਫ਼ਿਲਮ ਵਿਚ ਜਗਤ ਸਿੰਘ ਜੱਗਾ ਅਤੇ ਨਰਿੰਦਰ ਬੀਬਾ ਨੇ ਮਿਰਜ਼ਾ 'ਵੇ ਜੱਟਾ ਨਾ ਬਹਿ ਹੇਠਾਂ ਜੰਡ ਦੇ' ਗਾਇਆ, ਜਿਸ ਨੂੰ ਲੋਕਾਂ ਬੇਹੱਦ ਪਸੰਦ ਕੀਤਾ। ਸੰਨ 1977 ਵਿਚ ਰਿਲੀਜ਼ ਹੋਈ ਫ਼ਿਲਮ 'ਸਾਲ ਸੋਲਵਾਂ ਚੜ੍ਹਿਆ' ਵਿਚ ਵੀ ਜੱਗੇ ਨੇ ਇਕ ਗੀਤ ਗਾਇਆ। ਇਨ੍ਹਾਂ ਪੰਜਾਬੀ ਫ਼ਿਲਮਾਂ ਵਿਚ ਗੀਤ ਗਾਉਣ ਤੋਂ ਇਲਾਵਾ ਜਗਤ ਸਿੰਘ ਜੱਗੇ ਨੇ ਦੋ ਗੁਜਰਾਤੀ ਫ਼ਿਲਮਾਂ 'ਬਵਰਾ ਬਾਵਰਾ' ਅਤੇ 'ਵੀਰ ਮਾਂਗੜੇ ਵਾਲਾ' ਵਿਚ ਬਤੌਰ ਚਰਿੱਤਰ ਅਦਾਕਾਰ ਅਦਾਕਾਰੀ ਵੀ ਕੀਤੀ।

ਜੱਗੇ ਨੇ ਆਪਣੀ ਸਾਰੀ ਉਮਰ ਗਾਇਕੀ ਦਾ ਪੱਲਾ ਨਾ ਛੱਡਿਆ। ਗਾਇਕੀ ਜੱਗੇ ਦੀ ਰੂਹ ਦੀ ਖ਼ੁਰਾਕ ਸੀ। ਜੱਗੇ ਦੇ ਦੋ ਪੁੱਤਰ ਅਤੇ ਇਕ ਧੀ ਹੋਏ। ਸੰਨ 1984 ਵਿਚ ਜੱਗੇ ਦੀ ਪਤਨੀ ਚੰਨਣ ਕੌਰ ਉਸਨੂੰ ਸਦੀਵੀ ਵਿਛੋੜਾ ਦੇ ਗਈ। ਪਤਨੀ ਦੇ ਜਾਣ ਦਾ ਜੱਗੇ ਨੂੰ ਗਹਿਰਾ ਸਦਮਾ ਲੱਗਾ। ਸਮਾਂ ਬਦਲਦਾ ਗਿਆ ਪਰ ਜੱਗਾ ਨਾ ਬਦਲਿਆ, ਉਹੋ ਗਾਉਣ ਦਾ ਅੰਦਾਜ਼ ਅਤੇ ਜੱਗੇ ਦਾ ਰੌਹਬਦਾਰ ਚਿਹਰਾ ਉਵੇਂ ਦਾ ਉਵੇਂ ਕਾਇਮ ਰਿਹਾ। ਪੰਜਾਬ ਦੇ ਮਾੜੇ ਦੌਰ ਵੇਲੇ ਜੱਗਾ ਅਮਰੀਕਾ ਜਾ ਵੱਸਿਆ, ਜਿੱਥੇ ਉਹ ਆਪਣੀ ਗਾਇਕੀ ਦੇ ਸ਼ੌਕ ਨੂੰ ਉੱਥੇ ਹੁੰਦੇ ਸੱਭਿਆਚਾਰਕ ਸਮਾਗਮਾਂ ਵਿਚ ਗਾ ਕੇ ਪੂਰਾ ਕਰਦਾ ਰਿਹਾ। ਪੰਜਾਬ ਅਤੇ ਪੂਰੀ ਦੁਨੀਆਂ ਵਿਚ ਵੱਸਦੇ ਪੰਜਾਬੀਆਂ ਜੱਗੇ ਨੂੰ ਅਥਾਹ ਪਿਆਰ ਦਿੱਤਾ। ਵੱਖ-ਵੱਖ ਸਮੇਂ ਦੌਰਾਨ ਅਨੇਕਾਂ ਸੰਸਥਾਵਾਂ ਨੇ ਪੰਜਾਬੀ ਗਾਇਕੀ ਵਿਚ ਪਾਏ ਯੋਗਦਾਨ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ, ਜਿਨ੍ਹਾਂ ਵਿਚ ਪ੍ਰੋ. ਮੋਹਣ ਸਿੰਘ ਫਾਉਂਡੇਸ਼ਨ ਵਾਲਿਆਂ ਵੱਲੋਂ ਸੰਨ 1996 ਵਿਚ ਪ੍ਰੋ. ਮੋਹਣ ਸਿੰਘ ਯਾਦਗਾਰੀ ਮੇਲੇ 'ਤੇ ਉਨ੍ਹਾਂ ਨੂੰ ਵੱਕਾਰੀ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਆਪਣੇ ਆਖਿਰੀ ਸਮੇਂ ਦੌਰਾਣ ਮਿਤੀ 2 ਨਵੰਬਰ, ਸੰਨ 1998 ਵਿਚ ਉਹ ਨਿਊਯਾਰਕ ਸ਼ਹਿਰ ਵਿਖੇ ਇਕ ਸੱਭਿਆਚਾਰਕ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਗਏ, ਜਿੱਥੇ ਉਨ੍ਹਾਂ ਨੂੰ ਜਾਨਲੇਵਾ ਦਿਲ ਦਾ ਦੌਰਾ ਪਿਆ ਅਤੇ ਪੰਜਾਬ ਦੇ ਇਹ ਮਹਾਨ ਗਾਇਕ ਸਦਾ ਲਈ ਇਸ ਦੁਨੀਆ ਨੂੰ ਅਲਵਿਦਾ ਆਖ ਗਏ। ਰਹਿੰਦੀ ਦੁਨੀਆਂ ਤੱਕ ਜਗਤ ਸਿੰਘ ਜੱਗਾ ਦਾ ਨਾਂ ਪੰਜਾਬੀ ਲੋਕ ਗਾਇਕੀ ਵਿਚ ਹਮੇਸ਼ਾ ਫ਼ਖਰ ਨਾਲ ਲਿਆ ਜਾਂਦਾ ਰਹੇਗਾ।


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com